**Golden State Realty** — JASSI GILL, Broker/Owner



Listing and Selling Homes From San Jose to Sacramento
Ph:510-304-9292
**Refinance Now** @ZERO COST
Call Sukhi Gill:510-207-9067
CA DRE Lic.#01180969
CA DRE# 00966763



Personal Injury and Wrongful Death Attorneys



Manpreet S. Bains

ਹਾਦਸਿਆਂ ਵਿਚ ਜ਼ਖਮੀ ਹੋਣ ਜਾਂ ਮੌਤ ਹੋ ਜਾਣ ਨਾਲ ਸਬੰਧਤ ਕੇਸਾਂ ਲਈ ਭਰੋਸੇਯੋਗ ਵਕੀਲ।
* ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।
*ਸਬੰਧਤ ਡਿਟੇਲ ਜਾਣਕਾਰੀ ਪੇਜ ਨੰਬਰ 2 'ਤੇ ਉਪਲਬਧ ਹੈ।
*ਰਿਕਵਰੀ ਹੋਣ ਤੱਕ ਕੋਈ ਫੀਸ ਨਹੀਂ ਲਈ ਜਾਵੇਗੀ।
ਸੰਪਰਕ ਕਰੋ: ਫੋਨ: (510 474-0028)
E-Mail: info@thebainsfirm.com; www.thebainsfirm.com



COVERED CALIFORNIA — Certified Insurance Agent — Global Green INSURANCE AGENCY

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann — Gurcharan Singh Mann
**Mann Insurance Brokers Inc.**
4123 Dyer St., #230, Union City, CA 94587



Twenty-Sixth Year of Publication — ਕੈਲੀਫੋਰਨੀਆ ਐਡੀਸ਼ਨ — Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 16; April 18, 2026 — 20451 N. Plum Grove Rd., Palatine, IL 60074 — Ph:847-359-0746, Fax:847-705-9388


# ਵਿਧਾਨ ਸਭਾ ਵਲੋਂ ਬੇਅਦਬੀ ਸੰਬੰਧੀ ਸੋਧ ਬਿੱਲ ਸਰਬਸੰਮਤੀ ਨਾਲ ਪਾਸ

## ਕਾਨੂੰਨ ਦੀ ਉਲੰਘਣਾ ਲਈ ਪੰਜ ਸਾਲ ਦੀ ਸਜ਼ਾ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ 7 ਤੋਂ 20 ਸਾਲ, ਧਾਰਮਿਕ ਸਦਭਾਵਨਾ ਨੂੰ ਭੰਗ ਕਰਨ ਲਈ 10 ਸਾਲ ਤੋਂ ਉਮਰ ਕੈਦ ਤੱਕ ਦੀ ਸਜ਼ਾ

**ਚੰਡੀਗੜ੍ਹ:** ਵਿਸਾਖੀ ਮੌਕੇ ਪੰਜਾਬ ਵਿਧਾਨ ਸਭਾ ਦੇ ਇਥੇ ਹੋਏ ਵਿਸ਼ੇਸ਼ ਇਜਲਾਸ ਵਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਐਕਟ ਵਿਚ ਬੇਅਦਬੀਆਂ ਦੇ ਦੋਸ਼ੀਆਂ ਲਈ ਸਜ਼ਾਵਾਂ ਸੰਬੰਧੀ ਨਵੀਆਂ ਧਰਾਵਾਂ ਜੋੜਨ ਲਈ ਸੋਧ ਬਿੱਲ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਜਿਨ੍ਹਾਂ ਇਜਲਾਸ ਦੌਰਾਨ ਇਹ ਸੋਧ ਬਿੱਲ ਪੇਸ਼ ਕੀਤਾ, ਨੇ ਭਰੋਸਾ ਪ੍ਰਗਟਾਇਆ ਕਿ ਬਿੱਲ ਰਾਜ ਸਰਕਾਰ ਦਾ ਹੋਣ ਕਾਰਨ ਰਾਜਪਾਲ ਪੱਧਰ 'ਤੇ ਹੀ ਪ੍ਰਵਾਨ ਹੋ ਕੇ ਛੇਤੀ ਲਾਗੂ ਹੋ ਸਕੇਗਾ। ਉਨ੍ਹਾਂ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਕਿਹਾ ਕਿ ਇਸ ਕਾਨੂੰਨ ਨੂੰ ਪਹਿਲਾਂ ਆਪਣੇ ਸੂਬੇ ਵਿਚ ਲਾਗੂ ਕਰ ਲਈਏ ਫਿਰ ਬਾਕੀਆਂ ਤੋਂ ਵੀ ਲਾਗੂ ਕਰਵਾ ਲਵਾਂਗੇ। ਉਨ੍ਹਾਂ ਕਿਹਾ ਕਿ ਜੇ ਰਾਜਪਾਲ ਇਸ ਬਿੱਲ ਨੂੰ ਲੈ ਕੇ ਦੇਰੀ ਕਰਨਗੇ ਤਾਂ ਉਹ ਰਾਜ ਦੀਆਂ ਸਾਰੀਆਂ ਪਾਰਟੀਆਂ ਦੇ ਵਿਧਾਇਕ ਲੈ ਕੇ ਰਾਜਪਾਲ ਕੋਲ ਜਾ ਸਕਦੇ ਹਨ। ਮੁੱਖ ਮੰਤਰੀ ਕਿਹਾ ਕਿ ਬੇਅਦਬੀਆਂ ਰੋਕਣ ਤੇ ਦੋਸ਼ੀਆਂ ਲਈ ਸਜ਼ਾਵਾਂ ਸਖ਼ਤ ਕਰਨ ਲਈ ਪਹਿਲਾਂ ਚਾਰ ਵਾਰ ਵਿਧਾਨ ਸਭਾ ਵਿਚ ਕਾਨੂੰਨ ਬਣਾਉਣ ਦੀ ਕੋਸ਼ਿਸ਼ ਹੋਈ ਹੈ ਅਤੇ ਇਹ ਕਾਨੂੰਨ ਪੰਜਵੀਂ ਵਾਰ ਬਣ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਨੇ ਇਸ ਵਾਰ ਸੰਤ ਸਮਾਜ, ਬੁੱਧੀਜੀਵੀਆਂ ਅਤੇ ਕਾਨੂੰਨਦਾਨਾਂ ਸਭ ਤੋਂ ਰਾਏ ਪ੍ਰਾਪਤ ਕੀਤੀ ਹੈ, ਸਾਰੀਆਂ ਸੰਸਥਾਵਾਂ ਤੋਂ ਵਿਚਾਰ ਵੀ ਮੰਗੇ ਸਨ। ਉਨ੍ਹਾਂ ਕਿਹਾ ਕਿ ਹੁਣ ਕੇਵਲ ਦੋਸ਼ੀ 'ਤੇ ਹੀ ਨਹੀਂ ਬਲਕਿ ਸਾਜਿਸ਼ ਕਰਤਾ 'ਤੇ ਵੀ ਬਰਾਬਰ ਇਸੇ ਕਾਨੂੰਨ ਹੇਠ ਕਾਰਵਾਈ ਹੋਵੇਗੀ। ਇਸ ਕਾਨੂੰਨ ਹੇਠ ਅਜਿਹੇ ਦੋਸ਼ ਵਿਚ ਜ਼ਮਾਨਤ ਨਹੀਂ ਹੋ ਸਕੇਗੀ ਅਤੇ ਉਮਰ ਕੈਦ ਦਾ ਮਤਲਬ ਉਮਰ ਭਰ ਲਈ ਜੇਲ੍ਹ ਹੋਵੇਗੀ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਮੰਦਬੁੱਧੀ ਵਾਲੇ ਦੱਸ ਕੇ ਜਿਵੇਂ ਮਗਰਲੇ ਸਮੇਂ ਵਿਚ ਛੱਡਿਆ ਜਾਂਦਾ ਰਿਹਾ ਹੈ, ਪਰ ਹੁਣ ਅਜਿਹੇ ਦੋਸ਼ੀ ਦਾ ਪੂਰਾ ਮੈਡੀਕਲ ਟੈਸਟ ਹੋਵੇਗਾ ਅਤੇ ਉਸ ਦੇ ਮਾਪਿਆਂ, ਸੰਭਾਲਣ ਵਾਲਿਆਂ ਤੇ ਸਰਪ੍ਰਸਤਾਂ ਨੂੰ ਵੀ ਬਰਾਬਰ ਦੋਸ਼ੀ ਬਣਾਇਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਮੰਦਬੁੱਧੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਬੇਅਦਬੀਆਂ ਲਈ ਕਿਉਂ ਚੁਣਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਲੋਕ ਮੰਦਬੁੱਧੀ ਨਹੀਂ, ਕੱਟੜਵਾਦ ਦੇ ਰੋਗੀ ਹਨ, ਜਿਨ੍ਹਾਂ ਦਾ ਕਿਸੇ ਹੋਰ ਸੋਚ ਵਿਚ ਵਿਸ਼ਵਾਸ ਹੈ। ਮੁੱਖ ਮੰਤਰੀ ਦੱਸਿਆ ਕਿ ਕਾਨੂੰਨ ਵਿਚ ਬੇਅਦਬੀ ਦੀ ਪਰਿਭਾਸ਼ਾ ਵੀ ਸਪੱਸ਼ਟ ਕੀਤੀ ਗਈ ਹੈ। ਕੁੱਝ ਵਿਰੋਧੀ ਮੈਂਬਰਾਂ ਵਲੋਂ ਸ਼੍ਰੋਮਣੀ ਕਮੇਟੀ ਤੋਂ ਨਵੇਂ ਕਾਨੂੰਨ ਸੰਬੰਧੀ ਰਾਏ ਨਾ ਲੈਣ ਦੇ ਉਠਾਏ ਗਏ ਮੁੱਦੇ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਜੋ ਕਮੇਟੀ ਬੇਅਦਬੀਆਂ ਦੇ ਦੋਸ਼ੀਆਂ ਨੂੰ ਮਾਫ਼ੀਆਂ ਦਿੰਦੀ ਰਹੀ ਅਤੇ ਦੋਸ਼ੀ ਸਬੰਧੀ ਸਫ਼ਾਈ ਪੇਸ਼ ਕਰਨ ਲਈ ਗੋਲਕ ਦੇ ਕਰੋੜਾਂ ਰੁਪਏ ਵਰਤਦੀ ਰਹੀ, ਉਸ ਦੀ ਰਾਏ ਕੀ ਹੋ ਸਕਦੀ ਸੀ। ਉਨ੍ਹਾਂ ਦੋਸ਼ ਲਗਾਇਆ ਅਕਾਲੀ ਸਰਕਾਰਾਂ ਨੇ ਨਕੋਦਰ ਕਾਂਡ ਦੇ ਦੋਸ਼ੀ ਅਤੇ ਉਸ ਸਮੇਂ ਦੇ ਡੀ.ਸੀ. ਅਤੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਬਾਅਦ 'ਚ ਅਹਿਮ ਅਹੁਦੇ ਦਿੱਤੇ ਤੇ ਦੋਸ਼ੀਆਂ ਵਿਰੁੱਧ ਕੇਸ ਨਹੀਂ ਚਲਾਏ ਅਤੇ ਸੁਮੇਧ ਸੈਣੀ ਨੂੰ ਡੀ.ਜੀ.ਪੀ. ਲਗਾਇਆ ਅਤੇ ਬਾਦਲ ਦਲ ਦਾ ਇਕੋ-ਇਕ ਵਿਧਾਇਕ ਵੀ ਅੱਜ ਦੇ ਅਹਿਮ ਮੌਕੇ ' 'ਤੇ ਗੈਰ-ਹਾਜ਼ਰ ਹੈ। ਇਸ ਸੋਧ ਬਿੱਲ 'ਤੇ



**(ਬਾਕੀ ਸਫ਼ਾ 6 'ਤੇ)**

# ਈਰਾਨੀ ਬੰਦਰਗਾਹਾਂ ਦੀ ਕਰਾਂਗੇ ਘੇਰਾਬੰਦੀ: ਅਮਰੀਕੀ ਫ਼ੌਜ

## ਸਾਨੂੰ ਪ੍ਰਵਾਹ ਨਹੀਂ ਕਿ ਈਰਾਨ ਮੁੜ ਗੱਲਬਾਤ ਦੇ ਮੇਜ਼ 'ਤੇ ਆਉਂਦਾ ਹੈ ਜਾਂ ਨਹੀਂ: ਟਰੰਪ



**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਅਮਰੀਕੀ ਜਲ ਸੈਨਾ ਹੋਰਮੁਜ਼ ਜਲਡਮਰੂ 'ਚ ਆਉਣ-ਜਾਣ ਵਾਲੇ ਜਹਾਜ਼ਾਂ ਦੀ ਘੇਰਾਬੰਦੀ ਤੇਜ਼ੀ ਨਾਲ ਸ਼ੁਰੂ ਕਰ ਦੇਵੇਗੀ। ਪਾਕਿਸਤਾਨ 'ਚ ਕੱਲ੍ਹ ਅਮਰੀਕਾ-ਈਰਾਨ ਦਰਮਿਆਨ ਜੰਗਬੰਦੀ 'ਤੇ ਗੱਲਬਾਤ ਬਿਨਾਂ ਕਿਸੇ ਸਮਝੌਤੇ ਦੇ ਖਤਮ ਹੋ ਗਈ। ਅਮਰੀਕਾ ਸੈਂਟਰਲ ਕਮਾਂਡ ਨੇ ਐਲਾਨ ਕੀਤਾ ਕਿ ਉਹ ਸੋਮਵਾਰ ਸਵੇਰੇ 10 ਵਜੇ ਈ. ਡੀ. ਟੀ. (ਜਾਂ ਈਰਾਨ 'ਚ ਸ਼ਾਮ 5:30 ਵਜੇ) ਤੋਂ ਸਾਰੀਆਂ ਈਰਾਨੀ ਬੰਦਰਗਾਹਾਂ ਦੀ ਘੇਰਾਬੰਦੀ ਕਰ ਦੇਵੇਗੀ। ਸੇਂਟਕਾਮ ਨੇ ਕਿਹਾ ਕਿ ਇਹ ਘੇਰਾਬੰਦੀ ਸਾਰੇ ਦੇਸ਼ਾਂ ਦੇ ਜਹਾਜ਼ਾ ਖਿਲਾਫ਼ ਨਿਰਪੱਖ ਰੂਪ ਨਾਲ ਲਾਗੂ ਕੀਤੀ ਜਾਵੇਗੀ। ਉਸ ਨੇ ਕਿਹਾ ਕਿ ਉਹ ਅਜੇ ਵੀ ਉਨ੍ਹਾਂ ਜਹਾਜ਼ਾਂ ਨੂੰ ਹੋਰਮੁਜ਼ ਜਲਡਮਰੂ 'ਚੋਂ ਲੰਘਣ ਦੀ ਇਜਾਜ਼ਤ ਦੇਵੇਗਾ, ਜੋ ਗੈਰ-ਈਰਾਨੀ ਬੰਦਰਗਾਹਾਂ ਦਰਮਿਆਨ ਯਾਤਰਾ ਕਰ ਰਹੇ ਹਨ। ਅਮਰੀਕਾ ਅਤੇ ਈਰਾਨ ਦੀ ਇਸਲਾਮਾਬਾਦ 'ਚ 21 ਘੰਟੇ ਦੀ ਆਹਮੋ-ਸਾਹਮਣੇ ਹੋਈ ਗੱਲਬਾਤ ਬਿਨਾਂ ਕਿਸੇ ਸਮਝੌਤੇ ਦੇ ਖਤਮ ਹੋਣ ਨਾਲ ਦੋ ਹਫ਼ਤਿਆਂ ਦੀ ਨਾਜ਼ੁਕ ਜੰਗਬੰਦੀ ਦਾ ਭਵਿੱਖ ਅਜੇ ਵੀ ਅਨਿਸ਼ਚਿਤ ਬਣਿਆ ਹੋਇਆ ਹੈ।

## ਨਾਕਾਬੰਦੀ ਨੇੜੇ ਆਏ ਈਰਾਨੀ ਜਹਾਜ਼ਾਂ ਨੂੰ ਕਰ ਦਿਆਂਗੇ ਤਬਾਹ: ਟਰੰਪ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਕੋਈ ਵੀ ਈਰਾਨ ਦਾ ਜਹਾਜ਼ ਅਮਰੀਕੀ ਨਾਕਾਬੰਦੀ ਦੇ ਨੇੜੇ ਆਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਤੁਰੰਤ ਤਬਾਹ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਲਈ ਉਹੀ ਤਰੀਕਾ ਵਰਤਿਆ ਜਾਵੇਗਾ, ਜਿਸ ਤਰ੍ਹਾਂ ਸਮੁੰਦਰ ਵਿਚ ਨਸ਼ਾ ਤਸਕਰਾਂ ਦੇ ਜਹਾਜ਼ਾਂ ਨੂੰ ਰੋਕਣ ਲਈ ਵਰਤਿਆ ਜਾਂਦਾ ਹੈ, ਇਨ੍ਹਾਂ ਜਹਾਜ਼ਾਂ ਖ਼ਿਲਾਫ਼ ਬਹੁਤ

**(ਬਾਕੀ ਸਫ਼ਾ 6 'ਤੇ)**


**GOLDEN STATE REALITY**
"Realtor You Can Trust" CRE Group Inc.



Sam Chahal MBA
Sohanpreet Singh
Realtor - Lic# 01504071

* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ: 916-612-5773
Contact for Real Estate and Mortgage Needs
P: 916-612-5773
E: Samchahal@hotmail.com






Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Faloodo Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine — Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



GLOBAL TRUCK PERMITS




Services
-We do Same day IRP Plates
-Truck Permits
-New company
-Truck ELD
-Trucking compliance



Rajinder Singh
159 D'Arcy Pkwy, Lathrop, CA 95330
Phone: 209 636 0880

# 'ਪੰਜਾਬ ਟਾਈਮਜ਼' ਦੇ ਸਮੂਹ ਪਾਠਕਾਂ ਅਤੇ ਸਾਧ-ਸੰਗਤ ਨੂੰ ਖਾਲਸਾ ਸਾਜਨਾ ਦਿਹਾੜੇ ਦੀ

# ਕੋਟਾਨਿ ਕੋਟਿ ਵਧਾਈ

## ਵਨ ਬੀਟ ਮੈਡੀਕਲ ਗਰੁੱਪ ਦੇ ਤਿੰਨਾਂ ਹਸਪਤਾਲਾਂ ਵਿੱਚ

ਫਰੀ ਸੇਵਾ — ਤਜਰਬੇਕਾਰ ਤੇ ਅਨੁਭਵੀ ਡਾਕਟਰਾਂ ਤੇ ਸਰਜਨਾਂ ਦੀ ਟੀਮ ਦੇ ਸਹਿਯੋਗ ਨਾਲ — ਫਰੀ ਸੇਵਾ



ਸ. ਅੰਮ੍ਰਿਤ ਸਿੰਘ
ਮੁਖੀ
ਵਨ ਬੀਟ ਮੈਡੀਕਲ ਗਰੁੱਪ

- ਮੈਡੀਕਲ ਵਿਭਾਗ
- ਗੰਭੀਰ ਰੋਗ ਵਿਭਾਗ
- ਇਸਤਰੀਆਂ ਨਾਲ ਸਬੰਧਤ ਰੋਗ ਵਿਭਾਗ
- ਟੀ. ਬੀ. ਅਤੇ ਛਾਤੀ ਰੋਗ ਵਿਭਾਗ
- ਹੱਡੀ ਰੋਗ ਵਿਭਾਗ
- ਅੱਖਾਂ ਦਾ ਰੋਗ ਵਿਭਾਗ
- ਸਾਧਾਰਨ ਰੋਗ ਵਿਭਾਗ
- ਸਰਜਰੀ ਵਿਭਾਗ
- ਨਵਜੰਮੇ ਬੱਚਿਆਂ ਨਾਲ ਸਬੰਧਤ ਰੋਗ ਵਿਭਾਗ

* ਬਿਰਧਾਂ, ਵਿਕਲਾਂਗਾਂ, ਨਿਮਾਣਿਆਂ, ਨਿਤਾਣਿਆਂ ਦਾ ਪਹਿਲ ਦੇ ਆਧਾਰ ਤੇ ਇਲਾਜ
* ਨੇੜਲੇ ਇਲਾਕਾ ਨਿਵਾਸੀਆਂ ਲਈ ਬਲੱਡ ਬੈਂਕ ਦੀ ਸੁਵਿਧਾ ਉਪਲਬਧ (95545-71155)



ਸ. ਬਹਾਦਰ ਸਿੰਘ
ਸੰਸਥਾਪਕ/ਚੇਅਰਮੈਨ
ਵਨ ਬੀਟ ਮੈਡੀਕਲ ਗਰੁੱਪ

ਵਨ ਬੀਟ ਹਸਪਤਾਲ 'ਚ ਆਉਣ ਵਾਲੇ ਮਰੀਜ਼ਾਂ ਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਵਾਸਤੇ ਫਰੀ ਲੰਗਰ ਦਾ ਪ੍ਰਬੰਧ

ਮਰੀਜ਼ਾਂ ਵਾਸਤੇ ਦਵਾਈਆਂ, ਟੈਸਟ, ਅਪ੍ਰੇਸ਼ਨ, ਐਮਰਜੈਂਸੀ ਸੇਵਾਵਾਂ ਫਰੀ ਉਪਲਬਧ

## ਵਨ ਬੀਟ ਮੈਡੀਕਲ ਗਰੁੱਪ

A Charitable Organization inspired by Sikhism way of life



ਖੁੱਲ੍ਹ ਗਿਆ ਹੈ

## ਵਨ ਬੀਟ ਆਈ ਹਸਪਤਾਲ

ਸੰਧੂਆਂ ਰੋਡ, ਸ੍ਰੀ ਚਮਕੌਰ ਸਾਹਿਬ 140112



ਦਿੱਤੀਆਂ ਜਾਣ ਵਾਲੀਆਂ ਸੇਵਾਵਾਂ

- ਓ.ਪੀ.ਡੀ.
- ਅੱਖਾਂ ਦੀ ਜਾਂਚ
- ਨੇੜੇ ਦੀ ਨਿਗਾ ਦੀਆਂ ਐਨਕਾਂ
- ਮੋਤੀਆਬਿੰਦ ਦਾ ਆਪ੍ਰੇਸ਼ਨ
- ਨਾਖੂਨਾਂ ਦਾ ਆਪ੍ਰੇਸ਼ਨ
- ਦਵਾਈਆਂ

ਇਹ ਸਾਰੀਆਂ ਸੇਵਾਵਾਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ।

ਹਸਪਤਾਲ ਖੁੱਲਣ ਦਾ ਸਮਾਂ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ

ਐਤਵਾਰ ਨੂੰ ਹਸਪਤਾਲ ਬੰਦ ਰਹੇਗਾ।

E-Mail: onebeatdasmeshhospital@gmail.com
https://onebeathospitals.in/ https:/onebeat.org.in/
PH:01881511952 M: 78892-68941

ਵਲੋਂ: ਸ. ਬਹਾਦਰ ਸਿੰਘ ਅਤੇ ਪਰਿਵਾਰ

# ਪੰਜਾਬੀ ਯੂਨੀਵਰਸਿਟੀ ਵਿਚ ਨਵੀਨਤਾ ’ਤੇ ਆਧਾਰਿਤ ਸਫ਼ਲ ਸਮਾਗਮ

ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਟੈਕਨੀਕਲ ਸੁਸਾਇਟੀ ਵੱਲੋਂ ਯੂਨੀਵਰਸਿਟੀ ਕੈਂਪਸ ਵਿਚ ‘ਇਨੋਵੇਟ, ਆਈਡੀਏਟ, ਟ੍ਰਾਂਸਫ਼ਾਰਮ’ ਥੀਮ ਤਹਿਤ ਇੱਕ-ਰੋਜ਼ਾ ਟੈਕਨੀਕਲ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ 250 ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਸਮਾਗਮ ਵਿਚ ਮਾਹਿਰ ਭਾਸ਼ਣ, ਆਈਡੀਆਥਾਨ ਅਤੇ ਟੈਕਨੀਕਲ ਕੁਇਜ਼ ਕਰਵਾਏ ਗਏ। ਸਮਾਗਮ ਦਾ ਉਦਘਾਟਨ ਡਾ. ਜਸਵਿੰਦਰ ਸਿੰਘ (ਮੁਖੀ, ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ) ਨੇ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਤਕਨੀਕੀ ਸਮਾਗਮਾਂ ਦੀ ਮਹੱਤਤਾ ਬਾਰੇ ਦੱਸਿਆ ਕਿ ਅਜਿਹੇ ਸਮਾਗਮ ਕਲਾਸਰੂਮ ਦੀ ਪੜ੍ਹਾਈ ਅਤੇ ਅਸਲ ਦੁਨੀਆ ਦੀਆਂ ਤਕਨੀਕੀ ਚੁਣੌਤੀਆਂ ਵਿਚਕਾਰ ਪਾੜਾ ਘਟਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ।



ਡਾ. ਬ੍ਰਹਮਲੀਨ ਕੌਰ ਸਿੱਧੂ, ਪ੍ਰਧਾਨ, ਟੈਕਨੀਕਲ ਸੁਸਾਇਟੀ ਨੇ ਸਮਾਗਮ ਕਰਵਾਉਣ ਦੇ ਉਦੇਸ਼ ਬਾਰੇ ਦੱਸਿਆ ਕਿ ਇਹ ਸਮਾਗਮ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੂੰ ਇੱਕ ਮੰਚ ‘ਤੇ ਲਿਆਉਣ ਲਈ ਆਯੋਜਿਤ ਕੀਤਾ ਗਿਆ। ਡਾ. ਵਿਲੀਅਮਜੀਤ ਸਿੰਘ, (ਕੋਆਰਡੀਨੇਟਰ) ਨੇ ਪ੍ਰੋਗਰਾਮ ਦਾ ਵੇਰਵਾ ਪੇਸ਼ ਕੀਤਾ। ਆਈਡੀਆਥਾਨ ਦਾ ਮੁਲਾਂਕਣ ਵਿਭਾਗ ਦੇ ਅਧਿਆਪਕਾਂ -ਡਾ. ਗੁਰਜੀਤ ਸਿੰਘ ਭੱਠਲ, ਡਾ. ਗੌਰਵ ਗੁਪਤਾ, ਅਤੇ ਡਾ. ਨਵਦੀਪ ਕੰਵਲ ਦੇ ਜੱਜ ਪੈਨਲ ਵੱਲੋਂ ਕੀਤਾ ਗਿਆ। ਜੱਜਾਂ ਨੇ ਟੀਮਾਂ ਦੀਆਂ ਪੇਸ਼ਕਾਰੀਆਂ ਨੂੰ ਨਵੀਨਤਾ, ਤਕਨੀਕੀ ਸੰਭਾਵਨਾ, ਸਮਾਜਿਕ ਪ੍ਰਭਾਵ ਅਤੇ ਪੇਸ਼ਕਾਰੀ ਕੁਸ਼ਲਤਾ ਦੇ ਆਧਾਰ ‘ਤੇ ਪਰਖਿਆ ਅਤੇ ਹਰ ਟੀਮ ਨੂੰ ਉਸਾਰੂ ਸੁਝਾਅ ਦਿੱਤੇ। ਇਸ ਸਮਾਗਮ ਦਾ ਸਮਾਪਨ ਇਨਾਮ ਵੰਡ ਸਮਾਰੋਹ ਨਾਲ ਹੋਇਆ, ਜਿਸ ਵਿਚ ਆਈਡੀਆਥੌਨ ਅਤੇ ਟੈਕਨੀਕਲ ਕੁਇਜ਼ ਦੇ ਜੇਤੂਆਂ ਅਤੇ ਉਪ-ਜੇਤੂਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਅਤੇ ਨਵੀਨਤਾਕਾਰੀ ਯੋਗਦਾਨ ਲਈ ਵਿਭਾਗ ਦੇ ਮੁਖੀ ਅਤੇ ਜੱਜਾਂ ਵੱਲੋਂ ਸਨਮਾਨਿਤ ਕੀਤਾ ਗਿਆ।


## ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

**ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।**

*** ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ**

*** ਜੋੜੇ ਨੂੰ ਪਹਿਲ**

## Restaurant Help Wanted

**Immediately hiring Chef and Tandoori Chef for Indian restaurant in Murfreesboro, TN.**

***Good salary, free accommodation & Food.**

*** Priority to Couples**

**ਸੰਪਰਕ ਕਰੋ: ਗੁਰਇਕਬਾਲ ਸਿੰਘ**

**Direct call or What’s up call 615-482-5158**

## ਮਠਿਆਈ ਵਾਲਾ ਕਾਰੀਗਰ, ਹੈਲਪਰ ਅਤੇ ਕਾਊਂਟਰ ਸਾਂਭਣ ਲਈ ਵਰਕਰ ਦੀ ਲੋੜ ਹੈ।

**ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਬੰਬੇ ਸਵੀਟਸ ਲਈ ਮਿਠਾਈਆਂ ਬਣਾਉਣ ਵਾਲਾ ਕਾਰੀਗਰ, ਹੈਲਪਰ ਅਤੇ ਕਾਊਂਟਰ ਦਾ ਕੰਮ ਸੰਭਾਲਣ ਵਾਲੇ ਵਰਕਰ ਚਾਹੀਦੇ ਹਨ।**

***ਚੰਗੀ ਤਨਖਾਹ ਅਤੇ**

**ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ**

**ਚਾਹਵਾਨ ਸੰਪਰਕ ਕਰੋ:**

**ਮੁਖਤਿਆਰ ਸਿੰਘ, ਫੋਨ: 713-884-9547**

**ਸੁਖਦੇਵ ਸਿੰਘ, ਫੋਨ: 832-724-1635**

## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

**For Emergency Call anytime at 847-436-9010**



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

**Domestic fares available**


# Matrimonials

## ਲੜਕੇ ਦੀ ਲੋੜ ਹੈ

Jat sikh Dhillon family invites suitable alliance for their Very Fair, slim, Beautiful, 25/5.7", daughter. She is Convent Educated and doing final Semester BBA in supply Chain Management at California, USA. Seeks well educated USA citizen, working professional OR Business family Boy settled in USA. Please contact us at: Mob. +919825673602 or Email: karan260506@gmail.com.

14-17

Jat Sikh family looking for a compatible US citizen match for their daughter, age 27, height 5’ 5". She has done Masters in computer and information system and working as a business system analyst at manufacturing company. Please contact us at 262-716-2016 or 262-716-5859 or Email- karan2@sbcglobal.net

## ਲੜਕੀ ਦੀ ਲੋੜ ਹੈ

ਅਮਰੀਕਾ ਵਿਚ ਗੁਰਸਿੱਖ ਪਰਿਵਾਰ ਦੇ Well Qualified, ਅੰਮ੍ਰਿਤਧਾਰੀ, ਵੈਸ਼ਨੋ, ਉਮਰ 38 ਸਾਲ, ਕੱਦ 5’-11", USA ਤੋਂ Master Degree Holder, ਸਾਨਫਰਾਂਸਿਸਕੋ ਬੇ ਏਰੀਆ ਕੈਲੀਫੋਰਨੀਆ ਵਿੱਚ ਆਪਣਾ ਘਰ, Senior Software Product Leader ਵਜੋਂ ਜੋਬ, Green Card Filed, issueless divorce (four months marriage) ਲੜਕੇ ਲਈ ਪੜ੍ਹੀ ਲਿਖੀ, ਵੈਸ਼ਨੋ, ਪਰਿਵਾਰਕ, ਅੰਮ੍ਰਿਤਧਾਰੀ ਲੜਕੀ ਜੋ ਕੇਸਕੀ ਸਜਾਉਂਦੀ ਹੋਵੇ (ਜਾਂ ਸਜਾਉਣ ਲਈ ਤਿਆਰ ਹੋਵੇ) ਅਤੇ San Francisco Bay Area, California, ਰਹਿਣ ਲਈ ਤਿਆਰ ਹੋਵੇ, ਦੀ ਲੋੜ ਹੈ। ਲੜਕਾ well settled ਹੈ ਅਤੇ 2009 ਤੋਂ ਅਮਰੀਕਾ ਵਿੱਚ ਰਹਿ ਰਿਹਾ ਹੈ। USA/Canada ਦੇ ਰਿਸ਼ਤੇ ਨੂੰ ਪਹਿਲ ਦਿੱਤੀ ਜਾਵੇਗੀ। ਦੂਜੇ ਦੇਸ਼ਾਂ ਤੋਂ ਸਹੀ ਮੈਚ ਲਈ SPonsorshIp ’ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਅੱਜ ਹੀ+1 (510) 558-5650 ’ਤੇ ਕਾਲ ਕਰੋ ਜਾ +91 98993 79442 ’ਤੇ ਵ੍ਹਟਸਐਪ ਕਰੋ ਜਾ singhmat001@gmail.com ’ਤੇ ਈਮੇਲ ਕਰੋ।

16-19

Jatt Sikh family, seeking a suitable match for their USA born and raised, 33 years, 5’9" son. He is currently doing fellowship in pain medicine, and will be a doctor after the fellowship ends. Looking for a girl in same profession or field. Please contact if interested- 262-716-2016 or 262-716-5859

16-19

ਅਮਰੀਕਾ ਵਿਚ ਸਥਾਪਤ ਨਾਈ ਸਿੱਖ ਪਰਿਵਾਰ ਨੂੰ ਆਪਣੇ ਗ੍ਰੀਨ ਕਾਰਡ ਹੋਲਡਰ, ਉਮਰ, 27 ਸਾਲ, ਕੱਦ 6 ਫੁੱਟ ਦੋ ਇੰਚ, ਪੁੱਤਰ ਲਈ ਪੜ੍ਹੀ-ਲਿਖੀ, ਸੋਹਣੀ, ਸਿਆਣੀ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਮਕੈਨੀਕਲ ਇੰਜੀਨੀਅਰ ਦੀ ਡਿਗਰੀ ਕਰਕੇ ਨਾਮੀ ਕੰਪਨੀ ਵਿੱਚ ਕੰਮ ਕਰਦਾ ਹੈ। ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। USA ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਚਾਹਵਾਨ ਸੰਪਰਕ ਕਰਨ। 475-777-4778 ਜਾਂ ਈਮੇਲ mangatguropinder@gmail.com

13-16

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੂਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

Ramgarhia Family seeks a suitable match for their USA Born and Raised Non-vegetarian 31 year 5’6.5" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.


Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

## Sistar Mortgage

A Nationwide Lender

Over 2 Decades of experience providing high level servicing for new and experienced borrowers!

**Residential and Commercial Loans**

Available In Most States!

**Special loan programs for:**

- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


Raja™ SWEETS & CATERING®
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਖਾਲਸੇ ਦੇ ਸਾਜਨਾ ਪੁਰਬ ਅਤੇ ਵਿਸਾਖੀ ਦੀ
ਲੱਖ ਲੱਖ ਵਧਾਈ
Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Additional Services:
Warmers
Chaffing Dishes
China & Silverware
Linen Rental
Waiters & Bartenders
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh For Your Next Party
1-866-FOR-RAJA(367-7252)
www.RajaSweets.com

# A & I Transport Inc.

A&I WATSONVILLE, CA


123 E Lee Rd Watsonville, CA Ph: 831-763-7805

A&I WATSONVILLE, CA


## ਗਾਖਲ ਭਰਾਵਾਂ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ, ਸਮੂਹ ਪੰਜਾਬੀ ਭਾਈਚਾਰੇ ਤੇ ਟਰੱਕਰ ਭਰਾਵਾਂ ਨੂੰ ਖਾਲਸਾ ਜੀ ਦੇ ਸਾਜਨਾ ਦਿਹਾੜੇ ਅਤੇ ਵਿਸਾਖੀ ਦੀ

# ਲੱਖ ਲੱਖ ਵਧਾਈ ਹੋਵੇ


ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਰਾਹੀਂ ਰੱਬੀ ਤਾਕਤ ਨੂੰ ਪ੍ਰਗਟ ਕੀਤਾ। ਖਾਲਸਾ ਇੱਕ ਸੰਕਲਪ ਸੀ ਜੋ ਪਰਮਾਤਮਾ ਅੱਗੇ ਬਲ ਦੀ ਅਰਦਾਸ ਕਰਦਾ ਨਿਮਾਣਾ ਜਾਚਕ ਤੇ ਪਰਮਾਤਮਾ ਤੋਂ ਬੇਮੁਖਾਂ ਦੀ ਰਾਹ ਵਿਚ ਪਰਬਤ ਬਣ ਕੇ ਖੜ੍ਹਾ ਜੋਧਾ ਸੀ। ਲੱਖਾਂ ਹੀ ਲੋਕ ਕਮਜ਼ੋਰ, ਅਨਾਥ, ਦੁਖੀਏ, ਜਾਬਰਾਂ ਦੇ ਹੇਠ ਮਿੱਧੇ ਹੋਏ ਤੇ ਮਿੱਧੇ ਜਾ ਰਹੇ ਨਿਤਾਣੇ, ਨਿਮਾਣੇ, ਨਿਆਸਰੇ ਰੁਲ ਰਹੇ ਸਨ। ਖਾਲਸਾ ਦਾ ਜਨਮ ਉਨ੍ਹਾਂ ਦਾ ਆਸਰਾ ਬਣਨ ਤੇ ਜੀਵਨ ਬਦਲਣ ਲਈ ਹੋਇਆ ਸੀ। ਖਾਲਸਾ ਦਾ ਜ਼ੋਰ ਕਿਸੇ ਨੂੰ ਡਰਾਉਣ ਲਈ ਨਹੀਂ ਪਰ ਜਾਬਰ ਤੋਂ ਡਰਨ ਲਈ ਵੀ ਨਹੀਂ ਸੀ। ਖਾਲਸਾ ਦਾ ਨਿਸ਼ਚਾ ਜਬਰ ਨਾ ਹੋਣ ਦੇਣ ਦਾ ਸੀ। ਖਾਲਸਾ ਦੀ ਸਫਲਤਾ ਸੱਚ ਤੇ ਧਰਮ ਦਾ ਜੀਵਨ ਜੀਊਣ, ਸੱਚੇ ਆਚਰਣ ਤੇ ਪਰੋਪਕਾਰ ਕਰਨ ਵਿਚ ਸੀ। ਪਰਮਾਤਮਾ ਅੱਗੇ ਖਾਲਸਾ ਦਾ ਸਮਰਪਣ ਆਪਣੇ ਜੀਵਨ ਨੂੰ ਪਰਮਾਤਮਾ ਦੇ ਅਨੁਕੂਲ ਕਰ ਦੇਣਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਲੋਹੇ ਦੇ ਬਾਟੇ ਵਿਚ ਜਲ ਤੋਂ ਅੰਮ੍ਰਿਤ ਤਿਆਰ ਕਰ ਖਾਲਸਾ ਨੂੰ ਮਾਣਸ ਤੋਂ ਦੇਵਤਾ ਬਣਾਉਣ ਦਾ ਨਿਰਾਲਾ ਕੌਤਕ ਵਰਤਾਇਆ ਜੋ ਮਨੁੱਖਤਾ ‘ਤੇ ਮਹਾਨ ਉਪਕਾਰ ਸੀ। ਗੁਰੂ ਸਾਹਿਬ ਦਾ ਖਾਲਸਾ ਸਿਫਤਾਂ ਦਾ ਘਰ ਬਣਿਆ। ਉਹ ਧਰਮ ਤੇ ਦ੍ਰਿੜ੍ਹ ਰਹਿਣ ਵਾਲਾ ਨਿਰਭਉ ਸਿਪਾਹੀ ਸੀ, ਪਰਮਾਤਮਾ ਦੀ ਭਗਤੀ ਵਿਚ ਰਮਿਆ ਹੋਇਆ ਨਿਰਵੈਰ ਸਾਧਕ ਸੀ।



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 135 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਹਰਿਆਣਾ ਸਰਕਾਰ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ: ਸੈਣੀ

**ਕੁਰੂਕਸ਼ੇਤਰ:** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੋਮਵਾਰ ਨੂੰ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਸਿੱਖ ਗੁਰੂਆਂ ਦੇ ਸਿਧਾਂਤਾਂ ਅਤੇ ਸਿੱਖਿਆਵਾਂ ਨੂੰ ਸਮਾਜ ਦੇ ਹਰ ਵਰਗ ਤੱਕ ਪਹੁੰਚਾਉਣ ਲਈ ਨਿਰੰਤਰ ਕੰਮ ਕਰ ਰਹੀਆਂ ਹਨ। ਕੁਰੂਕਸ਼ੇਤਰ ਵਿਖੇ ਕਲਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਵਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਕਰਵਾਏ ਗਏ ਰਾਜ ਪਥਪੀ ਵਿਸਾਖੀ ਮਹਾਂਉਤਸਵ 2026 ਵਿਚ ਮੁੱਖ ਮਹਿਮਾਨ ਵਜੋਂ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਸੈਣੀ ਨੇ ਕਿਹਾ ਕਿ ਦੇਸ਼ ਪ੍ਰਧਾਨ ਮੰਤਰੀ ਨਾਰਦਰ ਮੋਦੀ ਦੀ ਅਗਵਾਈ ਹੇਠ ਇਕ ਨਵੇਂ ਯੁੱਗ ਵੱਲ ਵਧ ਰਿਹਾ ਹੈ ਅਤੇ 'ਵਿਕਸਤ ਭਾਰਤ 2047' ਦੇ ਟੀਚੇ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਏਕਤਾ, ਸਮਰਪਣ, ਸੇਵਾ ਅਤੇ ਸਖ਼ਤ ਮਿਹਨਤ ਨੂੰ ਰੋਜ਼ਾਨਾ ਜੀਵਨ 'ਚ ਅਪਣਾਇਆ ਜਾਣਾ




ਬਹੁਤ ਜ਼ਰੂਰ ਹੈ ਤਾਂ ਜੋ ਇਕ ਸਮਾਵੇਸ਼ੀ ਸਮਾਜ ਦੀ ਉਸਾਰੀ ਕੀਤੀ ਜਾ ਸਕੇ ਜਿੱਥੇ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਮੌਕੇ ਮਿਲਣ, ਕੋਈ ਭੇਦਭਾਵ ਨਾ ਹੋਵੇ ਅਤੇ ਹਰ ਵਿਅਕਤੀ ਸਨਮਾਨ ਨਾਲ ਰਹਿ ਸਕੇ। ਉਨ੍ਹਾਂ ਅੱਗੇ ਕਿਹਾ ਕਿ ਵਿਕਾਸ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ, ਸੱਭਿਆਚਾਰ ਸੰਭਾਲਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਸ਼ ਦੇ ਸ਼ਾਨਦਾਰ ਇਤਿਹਾਸ ਤੋਂ ਜਾਣੂ ਕਰਵਾਉਂਦੇ ਹੋਏ ਨਾਲ- ਨਾਲ ਚੱਲਣਾ ਚਾਹੀਦਾ ਹੈ। ਉਨ੍ਹਾਂ ਇਸ ਦਿਨ ਦੀ ਇਤਿਹਾਸਕ ਮਹੱਤਤਾ ਨੂੰ ਯਾਦ ਕਰਦਿਆਂ ਕਿਹਾ ਕਿ ਸਾਲ 1699 ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਮੇਂ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ ਜਦੋਂ ਅਨਿਆਂ ਅਤੇ ਜ਼ੁਲਮ ਆਪਣੇ ਸਿਖਰ 'ਤੇ ਸਨ, ਜਿਸ ਨਾਲ ਹਿੰਮਤ, ਸਮਾਨਤਾ, ਸਵੈ- ਮਾਣ ਅਤੇ ਦੇਸ਼ ਭਗਤੀ 'ਤੇ ਅਧਾਰਤ ਸਮਾਜ ਨੂੰ ਇਕ ਨਵੀਂ ਦਿਸ਼ਾ ਮਿਲੀ।

ਬੋਲਦਿਆਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਸ ਬਿੱਲ ਦਾ ਸਮਰਥਨ ਕਰਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਦੇ ਸਾਲ ਪੂਰੇ ਹੋ ਗਏ ਹਨ ਅਤੇ ਬਰਗਾੜੀ ਤੇ ਬਹਿਬਲ ਕਲਾਂ ਦੇ' ਕੇਸਾਂ ਵਿਚ ਜਾਂਚ ਪੂਰੀ ਨਹੀਂ ਹੋਈ, ਬਲਕਿ ਸਾਰੇ ਕੇਸ ਚੰਡੀਗੜ੍ਹ ਤਬਦੀਲ ਹੋ ਗਏ ਹਨ। ਜਾਂਚ ਕਰਨ ਵਾਲੇ ਅਧਿਕਾਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਮੁੱਦਾ ਉਠਾਉਂਦਿਆਂ ਬਾਜਵਾ ਨੇ ਕਿਹਾ ਕਿ ਉਸ ਨੂੰ ਪਾਰਟੀ ਨੇ ਪਾਸੇ ਕਰ ਦਿੱਤਾ। ਪਰ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦਾਅਵਾ ਕੀਤਾ ਕਿ ਸਾਡੀ ਸਰਕਾਰ ਨੇ 2023 ਵਿਚ ਇਸ ਕੇਸ ਵਿਚ ਚਲਾਨ ਪੇਸ਼ ਕੀਤਾ ਅਤੇ ਬਾਅਦ ਵਿਚ ਸਪਲੀਮੈਂਟਰੀ ਚਲਾਨ ਵੀ ਪੇਸ਼ ਹੋਏ ਅਤੇ ਅਜੇ ਸੁਖਬੀਰ ਸਿੰਘ ਬਾਦਲ, ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ, ਅਮਰ ਸਿੰਘ ਚਾਹਲ ਅਤੇ ਚਰਨਜੀਤ ਸ਼ਰਮਾ ਸਮੇਤ ਸਾਰੇ ਦੋਸ਼ੀ ਜ਼ਮਾਨਤਾਂ 'ਤੇ ਹਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੀ ਦੋਸ਼ ਲਗਾਇਆ ਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਇਕ ਹਿੱਸਾ ਦੋਸ਼ੀਆਂ ਨੂੰ ਬਚਾਉਣ ਲਈ ਗਾਇਬ ਕਰ ਦਿੱਤਾ। ਗਿਆ। ਬਿੱਲ 'ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਸਾਬਕਾ ਮੰਤਰੀ ਇੰਦਰਬੀਰ ਸਿੰਘ ਨਿੱਜਰ, ਤਲਵੰਡੀ ਸਾਬੋ ਤੋਂ ਵਿਧਾਇਕ ਬਲਜਿੰਦਰ ਕੌਰ, ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਰਾਣਾ ਇੰਦਰਪ੍ਰਤਾਪ ਸਿੰਘ, ਮਨਵਿੰਦਰ ਸਿੰਘ ਗਿਆਸਪੁਰ, ਕਿਰਨਜੋਤ ਕੌਰ, ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ,. ਅਮਨ ਅਰੋੜਾ, ਕਾਂਗਰਸ ਦੇ ਪ੍ਰਗਟ ਸਿੰਘ ਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਵੀ ਵਿਚਾਰ ਰੱਖੇ। ਕਾਂਗਰਸ ਦੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਸਿੱਖਾਂ ਸੰਬੰਧੀ ਕੋਈ ਫੈਸਲਾ ਕਰਨ ਮੌਕੇ ਨਹਿਰੂ-ਮਾਸਟਰ ਤਾਰਾਜ ਸਿੰਘ ਸਮਝੌਤੇ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਰਜ਼ਾਮੰਦੀ ਲਈ ਜਾਣੀ ਜ਼ਰੂਰੀ ਹੈ। ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਯਾਲੀ ਨੇ ਦੋਸ਼ ਲਗਾਇਆ ਕਿ 2015 ਦੀਆਂ ਘਟਨਾਵਾਂ ਤੋਂ ਬਾਅਦ ਅਕਾਲੀ ਸਰਕਾਰ ਦੌਰਾਨ ਦੋਸ਼ੀ ਨਾ ਫੜੇ

## ਵਿਧਾਨ ਸਭਾ ਵਲੋਂ ...

*(ਪਹਿਲੇ ਸਫ਼ੇ ਦਾ ਬਾਕੀ)*

ਗਏ ਨਾ ਨਾਮਜ਼ਦ ਹੋਏ। ਉਨ੍ਹਾਂ ਅਜਿਹੇ ਕੇਸਾਂ ਵਿਚ ਅਦਾਲਤੀ ਕਾਰਵਾਈ ਨੂੰ ਵੀ ਸਮਾਂਬੱਧ ਕਰਨ ਦੀ ਮੰਗ ਕੀਤੀ। ਬਿੱਲ 'ਤੇ ਭਾਜਪਾ ਦੇ ਜੰਗੀ ਲਾਲ ਮਹਾਜਨ ਅਤੇ ਬਸਪਾ ਦੇ ਨਛੱਤਰਪਾਲ ਨੇ ਵੀ ਵਿਚਾਰ ਰੱਖੇ। ਬਿੱਲ ਪਾਸ ਹੋਣ 'ਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਹਰਜੋਤ ਸਿੰਘ ਬੈਂਸ ਵਲੋਂ 'ਬੋਲੇ ਸੋ ਨਿਹਾਲ' ਦੇ ਪੰਜ ਜੈਕਾਰੇ ਲਗਾਏ ਗਏ ਅਤੇ ਸਦਨ ਇਕ ਵਾਰ ਜੈਕਾਰਿਆਂ ਨਾਲ ਗੂੰਜ ਪਿਆ। ਇੰਦਰਬੀਰ ਸਿੰਘ ਨਿੱਜਰ ਵਲੋਂ ਤੇ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਤੇ ਨਕੋਦਰ ਕਾਂਡ ਸਬੰਧੀ ਸਿਲੈਕਟ ਕਮੇਟੀ ਨੂੰ ਰਿਪੋਰਟ ਦੇਣ ਲਈ 6 ਮਹੀਨੇ ਦਾ ਹੋਰ ਸਮਾਂ ਦੇਣ ਸੰਬੰਧੀ ਪੇਸ਼ ਕੀਤੇ ਗਏ ਮਤੇ ਨੂੰ ਵੀ ਸਦਨ ਨੇ ਪ੍ਰਵਾਨ ਕਰ ਲਿਆ। ਸਦਨ ਵਿਚ ਕੁਝ ਰਿਪੋਰਟਾਂ ਵੀ ਪੇਸ਼ ਕੀਤੀਆਂ ਗਈਆਂ ਅਤੇ ਇਜਲਾਸ ਦੀ ਬੈਠਕ ਅਣਮਿੱਥੇ ਸਮੇਂ ਬ ਲਈ ਉਠਾਉਣ ਲਈ ਮਤਾ ਵੀ ਪਾਸ ਕਰ ਤੋਂ ਦਿੱਤਾ ਗਿਆ। ਸਦਨ ਵਲੋਂ ਕੇਵਲ ਸਰਕਾਰੀ ਕੰਮਕਾਜ ਕਰਨ ਸਬੰਧੀ ਹੀ ਪਾਸ ਕੀਤੇ ਮਤੇ ਕਾਰਨ ਕੋਈ ਧਿਆਨ ਦਿਵਾਉ ਮਤੇ, ਕੰਮ ਰੋਕੂ ਮਤਾ ਜਾਂ ਸਵਾਲਾਂ-ਜੁਆਬਾਂ ਲਈ ਸਮਾਂ ਨਹੀਂ ਰੱਖਿਆ ਗਿਆ ਅਤੇ ਨਾ ਹੀ ਸਿਫਰ ਕਾਲ ਹੀ ਰੱਖਿਆ ਗਿਆ।

### ਸੋਧੇ ਬਿੱਲ ਸੰਬੰਧੀ ਮਾਹਰਾਂ ਦੇ ਵਿਚਾਰ

ਵਿਧਾਨ ਸਭਾ ਵਲੋਂ ਅੱਜ ਪਾਸ ਕੀਤੇ ਗਏ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਸੰਬੰਧੀ ਸੋਧ ਬਿੱਲ ਬਾਰੇ ਜਦੋਂ ਸੂਬੇ ਦੇ ਨਾਮੀ ਕਾਨੂੰਨਦਾਨਾਂ ਦੇ ਵਿਚਾਰ ਲਏ ਗਏ ਤਾਂ ਉਨ੍ਹਾਂ ਤੋਂ ਰਲੇ-ਮਿਲੇ ਵਿਚਾਰ ਮਿਲੇ। ਸੀਨੀਅਰ ਵਕੀਲ ਮਨਜੀਤ ਸਿੰਘ ਖਹਿਰਾ ਦਾ ਕਹਿਣਾ ਸੀ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਰਾਜ' ਸਰਕਾਰ ਸੂਬੇ ਲਈ ਕਾਨੂੰਨ ਬਣਾਉਣ ਦਾ ਅਧਿਕਾਰ ਰੱਖਦੀ ਹੈ ਪਰ ਅਜਿਹੇ ਕਾਨੂੰਨ ਪਾਸ ਕਰਨ ਨਾਲ ਮਰਿਆਦਾ ਸਬੰਧੀ ਕਈ ਮੁੱਦੇ ਪੈਦਾ ਹੋ ਜਾਣਗੇ। ਬੇਅਦਬੀ ਦੀ ਸੂਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ: ਦੇ ਸਰੂਪ ਕੇਸ਼ ਪ੍ਰਾਪਰਟੀ ਬਣ ਜਾਣਗੇ ਅਤੇ ਕੀ ਡੀ.ਐਸ.ਪੀ. ਪੱਧਰ ਦਾ ਅਧਿਕਾਰੀ ਜੋ ਕਿਸੇ ਵੀ ਧਰਮ ਤੋਂ ਹੋ ਸਕਦਾ ਹੈ ਗੁਰੂ ਸਾਹਿਬ ਦੇ ਸਰੂਪਾਂ ਨੂੰ ਮਾਣ-ਮਰਿਆਦਾ ਅਨੁਸਾਰ ਰੱਖ ਸਕੇਗਾ ਜਾਂ ਉਨ੍ਹਾਂ ਕੋਲ ਇਸ ਲਈ ਪ੍ਰਬੰਧ ਹੁੰਦੇ। ਹਨ। ਉਨ੍ਹਾਂ ਕਿਹਾ ਕਿ ਸਤਿਕਾਰ ਕਮੇਟੀਆਂ ਤੇ ਸ਼੍ਰੋਮਣੀ ਕਮੇਟੀ ਵਲੋਂ ਗੁਰੂ ਸਾਹਿਬ ਦੇ ਸਰੂਪ ਰੱਖਣ ਲਈ ਕਮਰੇ ਦੇ ਆਕਾਰ ਤੋਂ ਲੈ ਕੇ ਕਈ ਤਰ੍ਹਾਂ ਦੇ ਆਦੇਸ਼ ਜਾਰੀ ਕੀਤੇ ਹੋਏ ਹਨ। ਉਨਾਂ ਕਿਹਾ ਕਿ ਮਰਿਆਦਾ ਸਬੰਧੀ ਵੀ ਕੋਈ ਪ੍ਰਵਾਨਿਤ ਆਦੇਸ਼ ਨਾ ਹੋਣ ਕਾਰਨ ਸਥਿਤੀ ਸਪੱਸ਼ਟ ਨਹੀਂ। ਸੂਬੇ ਦਾ ਐਕਟ ਹੋਣ ਕਾਰਨ ਪੰਜਾਬ ਬਾਹਰ ਦੇ ਕੇਸਾਂ ਲਈ ਵੱਖਰਾ ਕਾਨੂੰਨ ਅਮਲ ਹੇਠ ਆਵੇਗਾ। ਇਸੇ ਕੀਤੇ ਮਤੇ ਕਾਰਨ ਕੋਈ ਧਿਆਨ ਦਿਵਾਉ ਮਤੇ, ਕੰਮ ਰੋਕੂ ਮਤਾ ਜਾਂ ਸਵਾਲਾਂ-ਜੁਆਬਾਂ ਤਰ੍ਹਾਂ ਮਨੁੱਖੀ ਅਧਿਕਾਰਾਂ ਸਬੰਧੀ ਨਾਮਵਰ ਵਕੀਲ ਅਤੇ ਸਵਰਗੀ ਜਸਟਿਸ ਅਜੀਤ ਸਿੰਘ ਬੈਂਸ ਦੇ ਬੇਟੇ ਆਰ.ਐਸ. ਬੈਂਸ ਨੇ ਕਿਹਾ ਕਿ ਇਕ ਧਰਮ ਲਈ ਵੱਖਰਾਂ ਕਾਨੂੰਨ ਨਹੀਂ ਹੋ ਸਕਦਾ । ਇਕ ਧਾਰਮਿਕ ਗ੍ਰੰਥ ਲਈ ਉਮਰ ਕੈਦ ਅਤੇ ਦੂਸਰਿਆਂ ਲਈ 2-3 ਸਾਲ ਦੀ ਸਜ਼ਾ ਅਤੇ ਪੰਜਾਬ ਤੋਂ ਬਾਹਰ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਵੀ ਵੱਖਰੇ ਕਾਨੂੰਨ ਕਾਰਨ ਅਜਿਹਾ ਕਾਨੂੰਨ ਅਦਾਲਤ ਵਿਚ ਕਾਇਮ ਨਹੀਂ ਰਹਿ ਸਕੇਗਾ, ਕਿਉਂਕਿ ਸਾਡਾ ਵਿਧਾਨ ਸਾਰੇ ਧਰਮਾਂ ਲਈ ਬਰਾਬਰੀ ਦੀ ਗੱਲ ਕਰਦਾ ਹੈ। ਉਨ੍ਹਾਂ ਕਿਹਾ ਕਿ ਮੇਰੇ ਮੁਤਾਬਿਕ ਅਜਿਹਾ ਸੋਧ ਬਿੱਲ ਅਗਰ ਪ੍ਰਵਾਨ ਚੜ੍ਹ ਵੀ ਜਾਂਦਾ ਹੈ, ਇਹ ਕਾਨੂੰਨ ਦੀ ਕਸਵੱਟੀ 'ਤੇ ਪ੍ਰਵਾਨ ਨਹੀਂ ਚੜ੍ਹ ਪਾਵੇਗਾ। ਸਿੱਖ ਮਾਮਲਿਆਂ ਤੇ ਮਨੁੱਖੀ ਅਧਿਕਾਰਾਂ ਦੇ ਮਾਹਿਰ ਅਤੇ ਸੀਨੀਅਰ ਵਕੀਲ ਨਵਕਿਰਨ ਸਿੰਘ ਦਾ ਵਿਚਾਰ ਸੀ ਕਿ ਰਾਜ ਸਰਕਾਰ ਨੂੰ ਆਪਣੇ ਸਟੇਟ ਐਕਟ 'ਚ ਸੋਧ ਦਾ ਅਧਿਕਾਰ ਹੈ। ਅਤੇ ਮੇਰੇ ਵਿਚਾਰ ਅਨੁਸਾਰ ਅਜਿਹਾ ਕਾਨੂੰਨ ਰਾਜਪਾਲ ਪੱਧਰ 'ਤੇ ਹੀ ਪ੍ਰਵਾਨ ਹੋ ਸਕਦਾ ਹੈ ਅਤੇ ਇਸ ਨੂੰ ਰਾਸ਼ਟਰਪਤੀ ਨੂੰ ਭੇਜਣ ਦੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਸੂਬਾ ਆਪਣਾ ਕਾਨੂੰਨ ਬਣਾ ਸਕਦਾ ਹੈ, ਪਰ ਸੀ.ਆਰ.ਪੀ.ਸੀ. ਵਿਚ ਕੀਤੀ ਸੋਧ ਭਾਰਤ ਸਰਕਾਰ ਕੋਲ ਜਾ ਸਕਦੀ ਸੀ,ਅਤੇ ਮੇਰੇ ਵਿਚਾਰ ਵਿਚ ਇਹ ਸੋਧ ਬਿੱਲ ਸੂਬੇ ਦੇ ਅਧਿਕਾਰ ਖੇਤਰ ਵਿਚ ਹੈ।

# ਮੌਜੂਦਾ ਕਾਨੂੰਨਾਂ 'ਚ ਵੀ ਸਜ਼ਾ ਦਿਵਾਉਣ 'ਚ ਨਾਕਾਮ ਰਹੀ ਸਰਕਾਰ: ਅਸ਼ਵਨੀ ਸ਼ਰਮਾ

**ਚੰਡੀਗੜ੍ਹ:** ਬੇਅਦਬੀਆਂ 'ਤੇ ਸਖ਼ਤ ਸਜ਼ਾਵਾਂ ਵਾਲਾ ਬਿੱਲ ਪਾਸ ਹੋਣ ਤੋਂ ਬਾਅਦ ਗੱਲਬਾਤ ਕਰਦਿਆਂ ਪੰਜਾਬ ਭਾਜਪਾ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਕਾਨੂੰਨ ਕੁਝ ਸਹੀ ਕਰਨ ਦੀ ਨੀਅਤ ਨਾਲ ਚੱਲਦੇ ਹਨ, ਪਰ ਪੰਜਾਬ ਸਰਕਾਰ ਦੀ ਨੀਅਤ ਸਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਬਰਗਾੜੀ ਬੇਅਦਬੀ ਦੇ ਮਾਮਲੇ ਵਿਚ ਸਰਕਾਰ ਬਣਨ ਤੋਂ ਪਹਿਲਾਂ ਕੇਜਰੀਵਾਲ ਨੇ ਕਿਹਾ ਸੀ ਕਿ ਸਰਕਾਰ



ਬਣਦੇ ਹੀ 24 ਘੰਟਿਆਂ ਵਿਚ ਇਨਸਾਫ ਦੇਵਾਂਗੇ ਅਤੇ ਦੋਸ਼ੀਆਂ ਨੂੰ ਅੰਦਰ ਕਰਾਂਗੇ, ਪਰ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਵੀ ਸਜ਼ਾ ਨਹੀਂ ਹੋਈ ਅਤੇ ਪਿਛਲੇ ਚਾਰ ਸਾਲਾਂ ਵਿਚ ਬਰਗਾੜੀ ਬੇਅਦਬੀ ਦੇ ਮਾਮਲਿਆਂ ਵਿਚ ਸਰਕਾਰ ਦੀ ਕਾਰਵਾਈ ਢਿੱਲੀ ਰਹੀ ਹੈ।

# ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਸਮਾਂ-ਹੱਦ ਤੈਅ ਕੀਤੀ ਜਾਵੇ: ਵੜਿੰਗ

**ਚੰਡੀਗੜ੍ਹ:** ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਬੇਅਦਬੀ ਕਾਨੂੰਨ ਨੂੰ ਹੋਰ ਸਖ਼ਤ ਬਣਾਉਣ ਲਈ ਕੀਤੀ ਗਈ ਸੋਧ ਦਾ ਸਵਾਗਤ ਕਰਦਿਆਂ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਇਕ ਨਿਰਧਾਰਤ ਸਮਾਂ-ਹੱਦ ਤੈਅ ਕਰਨ ਦੀ ਮੰਗ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰਾਂ ਦੀ ਨੀਅਤ ਸੱਚੀ



ਨਾ ਹੋਵੇ, ਤਾਂ ਵਾਰ-ਵਾਰ ਕਾਨੂੰਨ ਪਾਸ ਕਰਨ ਜਾਂ ਸੋਧਾਂ ਲਿਆਉਣ ਦਾ ਕੋਈ ਲਾਭ ਨਹੀਂ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ 'ਆਪ' ਸਰਕਾਰ ਦੀ ਨੀਅਤ ਵੀ ਸਹੀ ਨਹੀਂ ਰਹੀ ਹੈ, ਕਿਉਂਕਿ ਸਰਕਾਰ ਲਈ ਮੌਜੂਦਾ ਕਾਨੂੰਨਾਂ ਹੇਠ ਵੀ ਦੋਸ਼ੀਆਂ ਨੂੰ ਸਜ਼ਾ ਦੇਣ ਵਿਚ ਕੋਈ ਮੁਸ਼ਕਿਲ ਨਹੀਂ ਸੀ, ਪਰ ਸਿਰਫ਼ ਨੀਅਤ ਦੀ ਕਮੀ ਸੀ।

## ਨਾਕਾਬੰਦੀ ਨੇੜੇ ਆਏ...

*(ਪਹਿਲੇ ਸਫ਼ੇ ਦਾ ਬਾਕੀ)*

ਤੇਜ਼ੀ ਅਤੇ ਸਖ਼ਤੀ ਨਾਲ ਕਾਰਵਾਈ ਕੀਤੀ ਜਾਵੇਗੀ। ਨਾਕਾਬੰਦੀ ਨੂੰ ਯਕੀਨੀ ਬਣਾਉਣ ਲਈ ਅਮਰੀਕੀ ਜਲ ਸੈਨਾ ਅਤੇ ਸੁਰੱਖਿਆ ਬਲ ਪੂਰੀ ਤਰ੍ਹਾਂ ਮੁਸਤੈਦ ਹਨ। ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੀ ਗੱਲਬਾਤ ਦੇ ਬੇਸਿੱਟਾ ਰਹਿਣ ਤੋਂ ਬਾਅਦ, ਅਮਰੀਕੀ ਫ਼ੌਜ ਨੇ ਅੱਜ ਵੱਡਾ ਐਲਾਨ ਕੀਤਾ ਹੈ। ਅਮਰੀਕਾ ਹੁਣ ਈਰਾਨ ਦੀਆਂ ਬੰਦਰਗਾਹਾਂ ਤੋਂ ਹੋਣ ਵਾਲੀ ਸਾਰੀ ਸਮੁੰਦਰੀ ਆਵਾਜਾਈ (ਆਉਣ- ਜਾਣ ਵਾਲੇ ਜਹਾਜ਼ਾਂ) 'ਤੇ ਪੂਰੀ ਤਰ੍ਹਾਂ ਰੋਕ ਲਗਾ ਦੇਵੇਗਾ। ਇਹ ਇਕ ਤਰ੍ਹਾਂ ਦੀ ਆਰਥਿਕ ਨਾਕਾਬੰਦੀ ਹੋਵੇਗੀ, ਜਿਸ ਤਹਿਤ ਕੱਚੇ ਤੇਲ ਅਤੇ ਗੈਸ ਨਾਲ ਲੱਦੇ ਸਮੁੰਦਰੀ ਬੇੜਿਆਂ ਨੂੰ ਚੱਲਣ ਤੋਂ ਰੋਕਿਆ ਜਾਵੇਗਾ।

# ਈਰਾਨ ਸ਼ਾਂਤੀ ਤੇ ਜੰਗ ਦੋਵਾਂ ਲਈ ਤਿਆਰ: ਈਰਾਨੀ ਰਾਜਦੂਤ

**ਨਵੀਂ ਦਿੱਲੀ:** ਈਰਾਨ ਦੇ ਰਾਜਦੂਤ ਮੁਹੰਮਦ ਫਤਹਾਲੀ ਨੇ ਕਿਹਾ ਹੈ ਕਿ ਜੇਕਰ ਅਮਰੀਕਾ ਗੈਰ-ਕਾਨੂੰਨੀ ਮੰਗਾਂ ਤੋਂ ਪਰਹੇਜ਼ ਕਰਦਾ ਹੈ ਤੇ ਤਹਿਰਾਨ ਦੀਆਂ ਸ਼ਰਤਾਂ ਨੂੰ ਸਵੀਕਾਰ ਕਰਦਾ ਹੈ ਤਾਂ ਈਰਾਨ ਅਮਰੀਕਾ ਨਾਲ ਸ਼ਾਂਤੀ ਗੱਲਬਾਤ ਦਾ ਇਕ ਹੋਰ ਦੌਰ ਸ਼ੁਰੂ ਕਰਨ ਲਈ ਤਿਆਰ ਹੈ, ਪਰ ਜੇਕਰ ਗੱਲਬਾਤ ਸਿਰੇ ਨਹੀਂ ਚੜ੍ਹਦੀ ਤਾਂ ਜੰਗ ਲਈ। ਵੀ ਤਿਆਰ ਹੈ। ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਈਰਾਨੀ ਬੰਦਰਗਾਹਾਂ 'ਤੇ ਅਮਰੀਕੀ ਨਾਕਾਬੰਦੀ ਪ੍ਰਭਾਵੀ ਹੋ ਰਹੀ ਹੈ, ਜਿਸ ਨਾਲ ਤਣਾਅ ਹੋਰ ਵਧ ਰਿਹਾ ਹੈ। ਫਤਹਾਲੀ ਨੇ ਈਰਾਨੀ ਬੰਦਰਗਾਹਾਂ 'ਚ ਆਉਣ-ਜਾਣ ਵਾਲੀ ਸਮੁੰਦਰੀ ਆਵਾਜਾਈ ' 'ਤੇ ਅਮਰੀਕਾ ਦੀ ਫ਼ੌਜੀ ਨਾਕਾਬੰਦੀ ਦਾ ਵੀ ਜਵਾਬ ਦਿੱਤਾ। ਉਨਾਂ ਕਿਹਾ ਕਿ



ਵਾਸ਼ਿੰਗਟਨ ਈਰਾਨ ਦੀਆਂ ਸਮਰੱਥਾਵਾਂ ਤੋਂ ਭਲੀ-ਭਾਂਤ ਜਾਣੂ ਹੈ। ਅਤੇ ਤਹਿਰਾਨ 'ਸਾਰੇ ਵਿਕਲਪਾਂ' ਲਈ ਪੂਰੀ ਤਰ੍ਹਾਂ ਤਿਆਰ ਹੈ । ਫਤਹਾਲੀ ਨੇ ਈਰਾਨੀ ਦੂਤਘਰ 'ਚ ਮੀਡੀਆ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜੇਕਰ ਤੁਸੀਂ ਕਿਸੇ ਵੀ ਕੂਟਨੀਤਕ ਪ੍ਰਕਿਰਿਆ 'ਚ ਤਰੱਕੀ ਚਾਹੁੰਦੇ ਹੋ, ਤਾਂ (ਦੋਵੇਂ) ਧਿਰਾਂ ਨੂੰ ਗੱਲਬਾਤ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਗੈਰ-ਕਾਨੂੰਨੀ ਮੰਗਾਂ ਤੋਂ ਬਚਣਾ ਚਾਹੀਦਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਗਾਖਲ ਪਰਿਵਾਰ ਨੇ ਖਾਲਸਾ ਪੰਥ ਦੇ ਜਨਮ ਦਿਹਾੜੇ ਅਤੇ ਵਿਸਾਖੀ ਮੌਕੇ ਪਾਕਿਸਤਾਨ ਤੇ ਭਾਰਤ ਦੇ ਗੁਰੂਘਰਾਂ 'ਚ ਕੀਤੀ ਸੰਗਤਾਂ ਦੀ ਸੇਵਾ

## ਸਾਡੇ ਧੰਨਭਾਗ ਹਨ ਕਿ ਅਕਾਲ ਪੁਰਖ ਨੇ ਗਾਖਲ ਪਰਿਵਾਰ ਤੋਂ ਇਹ ਸੇਵਾ ਲਈ ਹੈ: ਗਾਖਲ









**ਸਾਨ ਫਰਾਂਸਿਸਕੋ (ਐਸ.ਅਸ਼ੋਕ ਭੌਰਾ):** ਅਮਰੀਕਾ ਵਸਦੇ ਦਾਨੀ ਪਰਿਵਾਰ, ਗਾਖਲ ਪਰਿਵਾਰ ਵਲੋਂ ਖਾਲਸਾ ਪੰਥ ਦੇ ਸਿਰਜਣਾ ਦਿਹਾੜੇ 'ਤੇ ਪਾਕਿਸਤਾਨ ਅਤੇ ਭਾਰਤ ਦੇ ਗੁਰੂਘਰਾਂ 'ਚ ਵਡਮੁੱਲੀ ਸੇਵਾ ਕੀਤੀ ਗਈ ਹੈ। ਸ. ਅਮੋਲਕ ਸਿੰਘ ਗਾਖਲ ਚੇਅਰਮੈਨ ਗਾਖਲ ਗਰੁੱਪ ਨੇ ਦੱਸਿਆ ਕਿ ਪਾਕਿਸਤਾਨ ਦੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਸਮੇਤ ਸਾਰੇ ਗੁਰੂਘਰਾਂ 'ਚ ਗਾਖਲ ਪਰਿਵਾਰ ਅਤੇ ਗਾਖਲ ਗਰੁੱਪ ਵਲੋਂ ਦੇਸ਼ ਵਿਦੇਸ਼ ਤੋਂ ਪੁੱਜੀਆਂ ਸੰਗਤਾਂ ਲਈ ਪੀਣ ਵਾਲੇ ਪਾਣੀ ਦੀਆਂ ਬੋਤਲਾਂ ਦੀ ਸੇਵਾ ਕੀਤੀ ਗਈ ਅਤੇ ਲੰਗਰਾਂ ਲਈ ਰਾਸ਼ਨ ਦੀ ਸੇਵਾ ਵੀ ਕੀਤੀ ਗਈ। ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਇਸ ਤੋਂ ਇਲਾਵਾ ਭਾਰਤੀ ਪੰਜਾਬ ਦੇ ਗੁਰਦੁਆਰਾ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਲੰਗਰ 'ਚ ਜਲੇਬੀਆਂ ਦੀ ਸੇਵਾ ਕੀਤੀ ਗਈ ਜੋ ਕਿ ਗਾਖਲ ਪਰਿਵਾਰ ਦੇ ਨੱਥਾ ਸਿੰਘ ਗਾਖਲ ਨੇ ਖੁਦ ਵਰਤਾਉਣ ਦੀ ਸੇਵਾ ਕੀਤੀ। ਗੁਰਦੁਆਰਾ ਪਟਨਾ ਸਾਹਿਬ ਵਿਖੇ ਲੰਗਰਾਂ 'ਚ ਰਾਸ਼ਨ ਅਤੇ ਕੜਾਹ ਪ੍ਰਸ਼ਾਦ 'ਚ ਸੇਵਾ ਪਾਉਣ ਤੋਂ ਇਲਾਵਾ ਦੁੱਧ ਅਤੇ ਬਿਸਕੁਟਾਂ ਨਾਲ ਸੰਗਤਾਂ ਦੀ ਸੇਵਾ ਕੀਤੀ ਗਈ। ਉਨ੍ਹਾਂ ਕਿਹਾ ਕਿ ਸਾਡੇ ਧੰਨਭਾਗ ਹਨ ਕਿ ਅਕਾਲ ਪੁਰਖ ਨੇ ਗਾਖਲ ਪਰਿਵਾਰ ਤੋਂ ਇਹ ਸੇਵਾ ਲਈ ਹੈ। ਉਨ੍ਹਾਂ ਆਖਿਆ ਕਿ ਉਹ ਅਰਦਾਸ ਕਰਦੇ ਹਨ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਗਾਖਲ ਪਰਿਵਾਰ ਤੋਂ ਅਜਿਹੀ ਸੇਵਾ ਹਮੇਸ਼ਾ ਹੀ ਲੈਂਦੇ ਰਹਿਣ।

# 2029 'ਚ ਮਹਿਲਾ ਰਾਖਵਾਂਕਰਨ ਕਾਨੂੰਨ ਲਾਗੂ ਕਰਨਾ ਜ਼ਰੂਰੀ: ਮੋਦੀ



**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਮਹਿਲਾ ਰਾਖਵਾਂਕਰਨ ਕਾਨੂੰਨ ਨੂੰ ਹੁਣ ਇਸ ਦੀ ਅਸਲ ਭਾਵਨਾ 'ਚ ਲਾਗੂ ਕਰਨ ਦਾ ਵੇਲਾ ਆ ਗਿਆ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਸਾਲ 2029 ਦੀਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਔਰਤਾਂ ਲਈ ਤੈਅ ਕੀਤੇ ਗਏ ਰਾਖਵੇਂ ਕੋਟੇ ਤਹਿਤ ਹੀ ਹੋਣ। ਸੰਸਦ ਦੇ 16 ਤੋਂ 18 ਅਪ੍ਰੈਲ ਤੱਕ ਬੁਲਾਏ ਗਏ ਵਿਸ਼ੇਸ਼ ਇਜਲਾਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਲੋਕ ਸਭਾ ਅਤੇ ਰਾਜ ਸਭਾ 'ਚ ਪਾਰਟੀਆਂ ਦੀ ਅਗਵਾਈ ਕਰਨ ਵਾਲੇ ਮੁੱਖ ਆਗੂਆਂ (ਫਲੋਰ ਲੀਡਰਾਂ) ਨੂੰ ਇਕ ਪੱਤਰ ਲਿਖਿਆ ਹੈ। ਇਸ ਵਿਚ ਉਨ੍ਹਾਂ ਨੇ ਸਾਰੇ ਮੈਂਬਰਾਂ ਨੂੰ ਮਹਿਲਾ ਰਾਖਵਾਂਕਰਨ ਕਾਨੂੰਨ, ਜਿਸ ਦਾ ਅਧਿਕਾਰਤ ਕਾਨੂੰਨ 'ਚ ਸੋਧਾਂ ਪਾਸ ਕਰਨ ਲਈ ਇੱਕਮੁੱਠ ਹੋ ਕੇ ਸਾਥ ਦੇਣ ਦੀ ਅਪੀਲ ਕੀਤੀ ਹੈ। ਪ੍ਰਧਾਨ ਮੰਤਰੀ ਨੇ 11 ਅਪ੍ਰੈਲ ਦੇ ਆਪਣੇ ਪੱਤਰ 'ਚ ਕਿਹਾ ਕਿ 2029 ਦੀਆਂ ਲੋਕ ਸਭਾ ਚੋਣਾਂ ਅਤੇ ਵਿਧਾਨ ਸਭਾ ਚੋਣਾਂ ਮਹਿਲਾ ਰਾਖਵਾਂਕਰਨ ਦੇ ਨਾਲ ਕਰਵਾਈਆਂ ਜਾਣ। ਮਹਿਲਾ ਰਾਖਵਾਂਕਰਨ ਐਕਟ ਲੋਕ ਸਭਾ ਸੀਟਾਂ ਦੀ ਗਿਣਤੀ ਵਧਾ ਕੇ 816 ਕਰਨਾ ਯਕੀਨੀ ਬਣਾਏਗਾ, ਜਿਸ 'ਚੋਂ 273 ਸੀਟਾਂ ਔਰਤਾਂ ਲਈ ਰਾਖਵੀਆਂ ਹੋਣਗੀਆਂ । ਲੋਕ ਸਭਾ ਅਤੇ ਸੂਬਾ ਵਿਧਾਨ ਸਭਾਵਾਂ 'ਚ ਔਰਤਾਂ ਨੂੰ 33 ਫ਼ੀਸਦੀ ਰਾਖਵਾਂਕਰਨ ਦੇਣ ਦੀ ਵਿਵਸਥਾ 2023 'ਚ ਸੰਵਿਧਾਨ 'ਚ ਸੋਧ ਕਰਕੇ ਲਿਆਂਦੀ ਗਈ ਸੀ। ਹਾਲਾਂਕਿ, ਮੌਜੂਦਾ ਕਾਨੂੰਨ ਮੁਤਾਬਕ ਇਹ ਕੋਟਾ 2027 ਦੀ ਮਰਦਮਸ਼ੁਮਾਰੀ ਤੋਂ ਬਾਅਦ ਹੋਣ ਵਾਲੀ ਹੱਦਬੰਦੀ ਤੋਂ ਬਾਅਦ ਹੀ ਲਾਗੂ ਹੋਣਾ ਹੈ। ਇਸ ਦਾ ਮਤਲਬ ਹੈ ਕਿ ਜੇਕਰ ਪੁਰਾਣਾ ਕਾਨੂੰਨ ਇੰਝ ਹੀ ਰਹਿੰਦਾ, ਤਾਂ ਇਹ ਰਾਖਵਾਂਕਰਨ 2034 ਤੋਂ ਪਹਿਲਾਂ ਲਾਗੂ ਨਹੀਂ ਹੋ ਸਕਦਾ ਸੀ। ਹੁਣ ਇਸ ਨੂੰ 2029 ਦੀਆਂ ਲੋਕ ਸਭਾ ਚੋਣਾਂ ਤੋਂ ਹੀ ਲਾਗ ਕਰਨ ਲਈ ਨਾਰੀ ਸ਼ਕਤੀ ਵੰਦਨ ਕਾਨੂੰਨ 'ਚ ਸੋਧਾਂ ਦੀ ਲੋੜ ਹੈ। ਇਸੇ ਲਈ ਸਰਕਾਰ ਨੇ ਇਹ ਸੋਧਾਂ ਪਾਸ ਕਰਨ ਲਈ ਵਿਸ਼ੇਸ਼ ਇਜਲਾਸ ਬੁਲਾਇਆ ਹੈ।


# ਢੁਕਵੇਂ ਸਮੇਂ 'ਤੇ ਈਰਾਨ ਨੂੰ ਖ਼ਤਮ ਕਰ ਦੇਵੇਗਾ ਅਮਰੀਕਾ: ਟਰੰਪ



**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਅਮਰੀਕੀ ਫ਼ੌਜ 'ਸਟ੍ਰੇਟ ਆਫ਼ ਹੋਰਮੁਜ਼' ਵਿਚੋਂ ਲੰਘਣ ਵਾਲੇ ਉਨ੍ਹਾਂ ਜਹਾਜ਼ਾਂ ਦੀ ਨਾਕਾਬੰਦੀ ਕਰੇਗੀ, ਜੋ ਈਰਾਨ ਨੂੰ ਗੈਰ-ਕਾਨੂੰਨੀ ਟੋਲ ਦੇ ਕੇ ਗੁਜ਼ਰਨਗੇ । ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਜਲ ਸੈਨਾ ਨੂੰ ਅੰਤਰਰਾਸ਼ਟਰੀ ਪਾਣੀਆਂ 'ਚ ਹਰ ਉਸ ਜਹਾਜ਼ ਦੀ ਭਾਲ ਕਰਨ ਅਤੇ ਉਸ 'ਤੇ ਰੋਕ ਲਗਾਉਣ ਦੇ ਨਿਰਦੇਸ਼ ਦਿੱਤੇ ਹਨ, ਜਿਸ ਨੇ ਈਰਾਨ ਨੂੰ ਟੋਲ ਅਦਾ ਕੀਤਾ ਹੈ । ਜੋ ਕੋਈ ਵੀ ਗੈਰ-ਕਾਨੂੰਨੀ ਟੋਲ ਅਦਾ ਕਰਦਾ ਹੈ, ਉਸ ਨੂੰ ਕਿਸੇ ਵੀ ਸਮੁੰਦਰ 'ਚ ਸੁਰੱਖਿਅਤ ਰਸਤਾ ਨਹੀਂ ਮਿਲੇਗਾ। ਟਰੰਪ ਨੇ ਇਹ ਵੀ ਕਿਹਾ ਕਿ ਅਮਰੀਕਾ ਢੁਕਵੇਂ ਸਮੇਂ 'ਤੇ ਈਰਾਨ ਨੂੰ ਖਤਮ ਕਰ ਦੇਵੇਗਾ। ਇਸ ਤੋਂ ਪਹਿਲਾਂ ਅਮਰੀਕੀ ਫ਼ੌਜ ਨੇ ਕਿਹਾ ਕਿ ਉਸ ਦੇ ਦੋ 'ਜੰਗੀ ਬੇੜੇ 'ਸਟੇਟ ਆਫ਼ ਹੋਰਮੁਜ਼' ਵਿਚੋਂ ਬਾਰੂਦੀ ਸੁਰੰਗਾਂ ਨੂੰ ਹਟਾਉਣ ਦੇ ਕੰਮ ਤੋਂ ਪਹਿਲਾਂ ਇਸ ਮਹੱਤਵਪੂਰਨ ਜਲਮਾਰਗ ਤੋਂ ਗੁਜਰੇ, ਜੋ ਕਿ ਜੰਗ ਸ਼ੁਰੂ ਹੋਣ ਤੋਂ ਬਾਅਦ ਅਜਿਹਾ ਪਹਿਲੀ ਵਾਰ ਹੈ। ਟਰੰਪ ਨੇ ਵੀ ਕਿਹਾ ਕਿ ਅਸੀਂ ਹੋਰਮੁਜ਼ ਦੀ ਸਫ਼ਾਈ ਕਰ ਰਹੇ ਹਾਂ । ਭਾਵੇਂ ਅਸੀਂ ਕੋਈ ਸੌਦਾ ਕਰੀਏ ਜਾਂ ਨਾ ਕਰੀਏ, ਸਾਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ।


## 'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ

## HISTORICAL SIKH SHRINES




ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ, ਪਿੰਡ/ਨਗਰ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦੀ ਇੱਕੋ-ਇਕ ਕਿਤਾਬ।

ਦਰਅਸਲ ਇਹ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਐਨਸਾਈਕਲੋਪੀਡੀਆ ਹੈ।

ਇਹੋ ਜਿਹੀ ਕਿਤਾਬ ਨਾ ਪਹਿਲਾਂ ਛਪੀ ਹੈ ਤੇ ਇਹ ਐਡੀਸ਼ਨ ਖ਼ਤਮ ਹੋਣ ਮਗਰੋਂ ਦੋਬਾਰਾ ਛਪਣ ਦਾ ਕੋਈ ਪਤਾ ਨਹੀਂ।

ਇਸ ਕਰ ਕੇ ਅੱਜ ਹੀ ਇਸ ਦਾ ਆਰਡਰ ਦਿਓ ਤੇ ਆਪਣੇ ਘਰ ਬੈਠੇ ਹਾਸਿਲ ਕਰੋ।

ਇਹ ਕਿਤਾਬ ਆਰਟ ਪੇਪਰ 'ਤੇ ਚਾਰ ਰੰਗੀ ਛਪਾਈ ਵਿਚ ਛਪੀ ਹੈ। ਇਸ ਦੀ ਬਹੁਤ ਵਧੀਆ ਜਿਲਦ ਹੈ ਅਤੇ ਇਹ ਇਕ ਖ਼ੂਬਸੂਰਤ ਮਜ਼ਬੂਤ ਡੱਬੇ ਵਿਚ ਭੇਜੀ ਜਾਂਦੀ ਹੈ। ਇਹ ਏਡੀ ਵੱਡੀ ਕਿਤਾਬ ਹੈ ਕਿ ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 3500 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 125 ਡਾਲਰ ਵਿਚ ਮਿਲੇਗੀ

### ਨਵਾਂ ਤੇ ਵੱਡਾ ਮਹਾਨ ਕੋਸ਼

ਚਾਰ ਜਿਲਦਾਂ ਵਿਚ, 2748 ਸਫ਼ੇ ਦੀ ਇਹ ਮਹਾਨ ਰਚਨਾ ਇਸ ਸਦੀ ਦੀ ਸਭ ਤੋਂ ਵੱਡੀ ਤੇ ਮਹੱਤਵਪੂਰਨ ਕਿਤਾਬ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਇਕ-ਇਕ ਲਫ਼ਜ਼ ਤੇ ਸ਼ਬਦ ਦੇ ਅਰਥ ਅਤੇ ਉਸ ਲਫ਼ਜ਼ ਦਾ ਪ੍ਰਾਕ੍ਰਿਤ, ਅਪਭ੍ਰੰਸ਼, ਪਾਲੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਬੋਲੀਆਂ ਦਾ ਪਿਛੋਕੜ ਵੀ ਦੱਸਿਆ ਗਿਆ ਹੈ।

ਇਸ ਵਿਚ 2500 ਦੇ ਕਰੀਬ ਜੀਵਨੀਆਂ ਹਨ। ਇਸ ਵਿਚ 1000 ਤੋਂ ਵਧ ਗੁਰਦੁਆਰਿਆਂ, ਮੰਦਰਾਂ, ਸ਼ਹਿਰਾਂ ਅਤੇ ਦੇਸ਼ਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਵਿਚ ਹਰ ਇਕ ਸਿੱਖ ਸਿਧਾਂਤ (ਫ਼ਿਲਾਸਫ਼ੀ) ਬਾਰੇ ਤਫ਼ਸੀਲ ਨਾਲ ਬਿਆਨ ਕੀਤਾ ਹੋਇਆ ਮਿਲਦਾ ਹੈ। ਇਸ ਸੈਟ ਦਾ ਭਾਰ ਸਾਢੇ 8 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 7000 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 135 ਡਾਲਰ ਵਿਚ ਮਿਲੇਗੀ (ਸਣੇ ਕੋਰੀਅਰ ਖ਼ਰਚ)।

### ਗੁਰੂ ਗ੍ਰੰਥ ਸਾਹਿਬ (English translation)

ਗੁਰੂ ਗ੍ਰੰਥ ਸਾਹਿਬ (ਅੰਗ੍ਰੇਜ਼ੀ ਟਰਾਂਸਲੇਸ਼ਨ): ਗੁਰੂ ਗ੍ਰੰਥ ਸਾਹਿਬ ਦਾ ਇੱਕੋ ਇਕ ਅੰਗ੍ਰੇਜ਼ੀ ਟਰਾਂਸਲੇਸ਼ਨ ਜਿਸ ਨੂੰ ਅਜਿਹੀ ਬੋਲੀ ਵਿਚ ਲਿਖਿਆ ਹੈ ਕਿ ਹਰ ਇਕ ਨੂੰ ਸੌਖਿਆਂ ਸਮਝ ਆ ਜਾਵੇ। ਇਸ ਵਿਚ ਗੁਰਮੁਖੀ ਵਿਚ ਗੁਰਬਾਣੀ ਦੇ ਸ਼ਬਦ, ਅੰਗ੍ਰੇਜ਼ੀ (ਰੋਮਨ) ਵਿਚ ਗੁਰਬਾਣੀ (ਟਰਾਂਸਲਿਟਰੇਸ਼ਨ), ਅਤੇ ਅੰਗ੍ਰੇਜ਼ੀ ਵਿਚ ਟੀਕਾ (ਟਰਾਂਸਲੇਸ਼ਨ) ਸ਼ਾਮਿਲ ਹੈ। ਸੱਤ ਜਿਲਦਾਂ ਵਿਚ ਸੰਪੂਰਨ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 8000 ਰੁਪੈ ਹੈ। ਸਿਰਫ਼ 150 ਡਾਲਰ ਵਿਚ (ਸਣੇ ਕੋਰੀਅਰ ਖ਼ਰਚ)।

ਕਿਸੇ ਵੀ ਕਿਤਾਬ/ਕਿਤਾਬਾਂ ਨੂੰ ਖ਼ਰੀਦਣਾ ਚਾਹੁਣ ਵਾਲੇ ਹੇਠ ਲਿਖੇ ਪਤੇ 'ਤੇ ਰਕਮ ਜਮ੍ਹਾਂ ਕਰਵਾ ਕੇ ਕਿਤਾਬਾਂ ਹਾਸਲ ਕਰ ਸਕਦੇ ਹਨ:

**ਜਸਪ੍ਰੀਤ ਕੌਰ, ਫੋਨ: 224-422-4773**

# ਭਰੋਸੇ ਦੀ ਘਾਟ ਕਾਰਨ ਨਾਕਾਮ ਰਹੀ ਅਮਰੀਕਾ-ਈਰਾਨ ਗੱਲਬਾਤ

**ਨਵੀਂ ਦਿੱਲੀ**:ਅਮਰੀਕਾ ਤੇ ਈਰਾਨ ਦੇ ਵਿਚਕਾਰ ਇਸਲਾਮਾਬਾਦ ਵਿਚ ਹੋਈ ਬਹੁਤ ਉਮੀਦਾ ਵਾਲੀ ਸ਼ਾਂਤੀ ਗੱਲਬਾਤ ਕਈ ਅਹਿਮ ਮੁੱਦਿਆਂ 'ਤੇ ਅਸਹਿਮਤੀ ਦੇ ਕਾਰਨ ਬਿਨਾਂ ਕਿਸੇ ਨਤੀਜੇ ਦੇ ਖ਼ਤਮ ਹੋ ਗਈ। ਇਸ ਅਸਫਲਤਾ ਦੇ ਪਿੱਛੇ ਪੰਜ ਮੁੱਖ ਕਾਰਨ ਸਾਹਮਣੇ ਆਏ ਹਨ। ਦੋਵਾਂ ਦੇਸ਼ਾਂ ਦੇ ਸਖ਼ਤ ਰੁਖ਼ ਤੇ ਲਾਲ ਰੇਖਾ ਸਭ ਤੋਂ ਵੱਡੀ ਰੁਕਾਵਟ। ਅਮਰੀਕਾ ਨੇ ਈਰਾਨ ਤੋਂ ਯੂਰੇਨੀਅਮ ਸੋਧਣ ਤੋਂ ਰੋਕਣ ਅਤੇ ਪਰਮਾਣੂ ਹਥਿਆਰ ਨਾ ਬਣਾਉਣ ਦੀ ਗਾਰੰਟੀ ਮੰਗੀ, ਜਿਸ ਨੂੰ ਤਹਿਰਾਨ ਨੇ ਸਿਰੇ ਤੋਂ ਖਾਰਜ ਕਰ ਦਿੱਤਾ। ਦੋਹਾਂ ਹੀ ਮੁੱਦਿਆਂ 'ਤੇ ਦੋਹਾਂ ਪੱਖਾਂ ਲਈ ਲਾਲ ਰੇਖਾ ਬਣੀ ਰਹੀ, ਜਿਸ 'ਤੇ ਕੋਈ ਵੀ ਪੱਖ ਝੁਕਣ ਲਈ ਤਿਆਰ ਨਹੀਂ ਸੀ। ਅਮਰੀਕੀ ਉਪਰਾਸ਼ਟਰਪਤੀ ਜੇਡੀ ਵੈਂਨਜ਼ ਨੇ ਕਿਹਾ ਕਿ ਈਰਾਨ ਨੂੰ ਸਾਡੀਆਂ ਸ਼ਰਤਾਂ ਮਨਜ਼ੂਰ ਨਹੀਂ ਸਨ। ਦੂਜੇ ਪਾਸੇ, ਈਰਾਨ ਦੇ ਵਿਦੇਸ਼ ਮੰਤਰੀ ਨੇ ਦਾਅਵਾ ਕੀਤਾ ਕਿ ਅਮਰੀਕੀ ਉਮੀਦਾਂ ਬਹੁਤ ਜ਼ਿਆਦਾ ਤੇ ਗ਼ੈਰ-ਸੰਗਤ ਸਨ।

### ਗੱਲਬਾਤ ਦਾ ਅਨੁਕੂਲ ਮਾਹੌਲ ਨਾ ਹੋਣਾ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਲਗਾਤਾਰ ਫ਼ੌਜੀ ਹਮਲਿਆਂ ਦੀ ਧਮਕੀ ਨੇ ਤਣਾਅ ਵਧਾਇਆ, ਜਿਸ ਨਾਲ ਭਰੋਸਾ ਬਣਾਉਣ ਦੀ ਬਜਾਏ ਦੂਰੀ ਵਧ ਗਈ। ਟਰੰਪ ਨੇ ਜੰਗਬੰਦੀ ਤੋਂ ਪਹਿਲਾਂ ਧਮਕੀ ਦਿੱਤੀ ਸੀ ਕਿ ਜੇ ਈਰਾਨ ਨੇ ਹੋਰਮੁਜ਼ ਨਹੀਂ ਖੋਲਿਆ ਤਾਂ ਪੂਰੇ ਸੱਭਿਆਚਾਰ ਨੂੰ ਖ਼ਤਮ ਕਰ ਦਿੱਤਾ ਜਾਵੇਗਾ ਅਤੇ ਈਰਾਨ ਪੁਰਾਤਨ ਯੁੱਗ ਵਿਚ ਚਲਾ ਜਾਵੇਗਾ। ਗੱਲਬਾਤ ਤੋਂ ਪਹਿਲਾਂ ਵੀ ਟਰੰਪ ਦੇ ਸੁਰ ਨਰਮ ਨਾ ਹੋਏ। ਤਣਾਅ ਦੇ ਮਾਹੌਲ ਵਿਚ ਗੱਲਬਾਤ ਸ਼ੁਰੂ ਹੋਈ ਅਤੇ ਈਰਾਨ ਨੇ ਇਸ ਨੂੰ ਦਬਾਅ ਦੇ ਤੌਰ 'ਤੇ ਲਿਆ, ਨਾ ਕਿ ਕੂਟਨੀਤੀ ਦੇ ਤੌਰ 'ਤੇ।



### ਨੇਤਨਯਾਹੂ ਦੀ ਭੜਕਾਉਣ ਵਾਲੀ ਬਿਆਨਬਾਜ਼ੀ

ਈਰਾਨ ਨੇ ਇਨ੍ਹਾਂ ਹਮਲਿਆਂ ਨੂੰ ਰੋਕਣ ਦੀ ਸ਼ਰਤ ਰੱਖੀ ਪਰ ਅਮਰੀਕਾ ਇਸ 'ਤੇ ਕੋਈ ਠੋਸ ਭਰੋਸਾ ਨਹੀਂ ਦੇ ਸਕਿਆ। ਗੱਲਬਾਤ ਦੌਰਾਨ ਵੀ ਲਿਬਨਾਨ 'ਤੇ ਇਜ਼ਰਾਇਲੀ ਹਮਲੇ ਜਾਰੀ ਰਹੇ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਸ ਦੌਰਾਨ ਦਾਅਵਾ ਕੀਤਾ ਕਿ ਭਾਵੇਂ ਅਮਰੀਕਾ-ਈਰਾਨ ਦੇ ਵਿਚਕਾਰ ਜੰਗਬੰਦੀ ਹੋ ਜਾਵੇ, ਇਜ਼ਰਾਈਲ ਦਾ ਸੰਘਰਸ਼ ਈਰਾਨ ਅਤੇ ਉਸਦੇ ਪ੍ਰਾਕਸੀ ਸਹਿਯੋਗੀਆਂ ਨਾਲ ਜਾਰੀ ਰਹੇਗਾ। ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ਵਾਜ਼ਾ ਆਸਿਫ ਨੇ ਵੀ ਇਜ਼ਰਾਈਲ ਦੀ ਨਿੰਦਾ ਕੀਤੀ।

### ਹੋਰਮੁਜ਼ ਜਲਡਮਰੂ ਮੱਧ ਦਾ ਮੁੱਦਾ ਵੱਡੀ ਰੁਕਾਵਟ ਬਣਿਆ

ਅਮਰੀਕਾ ਇਸ ਨੂੰ ਤੁਰੰਤ ਖੋਲ੍ਹਣ 'ਤੇ ਅੜਿਆ ਰਿਹਾ, ਜਦਕਿ ਈਰਾਨ ਨੇ ਇਸਨੂੰ ਆਪਣੇ ਰਣਨੀਤਕ ਦਬਾਅ ਦੇ ਹਥਿਆਰ ਦੇ ਤੌਰ 'ਤੇ ਵਰਤਦੇ ਹੋਏ ਪਾਬੰਦੀਆਂ ਵਿਚ ਰਾਹਤ ਅਤੇ ਸੁਰੱਖਿਆ ਦੀ ਗਾਰੰਟੀ ਦੀ ਮੰਗ ਕੀਤੀ। ਅਮਰੀਕਾ ਹੋਰਮੁਜ਼ 'ਤੇ ਸਾਂਝੇ ਕੰਟਰੋਲ ਦੀ ਖ਼ਾਹਿਸ਼ ਰੱਖਦਾ ਸੀ, ਜੋ ਤਹਿਰਾਨ ਲਈ ਨਾਮਨਜ਼ੂਰ ਸੀ।

ਈਰਾਨ ਹੋਰਮੁਜ਼ ਖੋਲ੍ਹਣ ਦੇ ਬਦਲੇ ਵਿਦੇਸ਼ ਵਿਚ ਜ਼ਬਤ ਕੀਤੀਆਂ ਜਾਇਦਾਦਾਂ ਨੂੰ ਛੁਡਾਉਣਾ ਚਾਹੁੰਦਾ ਸੀ, ਪਰ ਅਮਰੀਕਾ ਇਸ ਲਈ ਤਿਆਰ ਨਹੀਂ ਹੋਇਆ। ਈਰਾਨ ਇਹ ਵੀ ਚਾਹੁੰਦਾ ਸੀ ਕਿ ਓਮਾਨ ਦੇ ਨਾਲ ਹੋਰਮੁਜ਼ 'ਤੇ ਈਰਾਨ ਦੇ ਕੰਟਰੋਲ ਨੂੰ ਆਧਿਕਾਰਤ ਮਨਜ਼ੂਰੀ ਦਿੱਤੀ ਜਾਵੇ। ਉਹ ਹੋਰਮੁਜ਼ ਵਿਚ ਆਉਣ-ਜਾਣ ਵਾਲੇ ਜਹਾਜ਼ਾਂ 'ਤੇ ਟੋਲ ਲਗਾਉਣ ਦੇ ਅਧਿਕਾਰ ਦੀ ਵੀ ਮਨਜ਼ੂਰੀ ਮੰਗ ਰਿਹਾ ਸੀ, ਜੋ ਅਮਰੀਕਾ ਲਈ ਸੰਭਵ ਨਹੀਂ ਸੀ।

### ਡੂੰਘੀ ਬੇਭਰੋਸਗੀ ਦਾ ਇਤਿਹਾਸ

ਅਮਰੀਕਾ ਅਤੇ ਈਰਾਨ ਦੀ ਸਾਲਾਂ ਦੀ ਦੁਸ਼ਮਣੀ, ਹਾਲ ਹੀ ਦੀਆਂ ਫ਼ੌਜੀ ਕਾਰਵਾਈਆਂ ਅਤੇ ਇਕ-ਦੂਜੇ ਦੇ ਇਰਾਦਿਆਂ 'ਤੇ ਸ਼ੱਕ ਨੇ ਕਿਸੇ ਵੀ ਸਮਝੌਤੇ ਦੀ ਸੰਭਾਵਨਾ ਨੂੰ ਖਤਮ ਕਰ ਦਿੱਤਾ। ਈਰਾਨ ਇਸ ਤੋਂ ਪਹਿਲਾਂ ਵੀ ਦੋ ਵਾਰ ਅਮਰੀਕਾ ਨਾਲ ਗੱਲਬਾਤ ਲਈ ਤਿਆਰ ਹੋਇਆ ਸੀ, ਪਰ ਈਰਾਨ ਦਾ ਦਾਅਵਾ ਹੈ ਕਿ ਵਾਰ-ਵਾਰ ਅਮਰੀਕਾ ਨੇ ਭਰੋਸਾ ਤੋੜਿਆ। ਜਿਨੀਵਾ ਵਿਚ ਹੋਈ ਗੱਲਬਾਤ ਨੂੰ ਸਫਲ ਮੰਨਿਆ ਜਾ ਰਿਹਾ ਸੀ, ਪਰ ਇਸ ਤੋਂ ਤੁਰੰਤ ਬਾਅਦ ਈਰਾਨ 'ਤੇ ਹਮਲਾ ਕੀਤਾ ਗਿਆ। ਉਪਰਾਸ਼ਟਰਪਤੀ ਵੇਨਜ਼ ਨੇ ਆਪਣੇ ਮਤਿਆਂ ਨੂੰ ਆਖਰੀ ਅਤੇ ਸਭ ਤੋਂ ਵਧੀਆ ਦੱਸਿਆ, ਜਦਕਿ ਈਰਾਨ ਨੇ ਇਨ੍ਹਾਂ ਨੂੰ ਇਕਤਰਫਾ ਮੰਨਿਆ। ਇਸਲਾਮਾਬਾਦ ਗੱਲਬਾਤ ਤੋਂ ਪਹਿਲਾਂ ਈਰਾਨੀ ਵਫ਼ਦ ਦੇ ਆਗੂ ਐਮਬੀ ਗਲੀਬਾਫ ਨੇ ਕਿਹਾ ਸੀ ਕਿ ਅਸੀਂ ਨੇਕ ਨੀਤੀਆਂ ਨਾਲ ਆਏ ਹਾਂ ਪਰ ਸਾਨੂੰ ਅਮਰੀਕਾ 'ਤੇ ਭਰੋਸਾ ਨਹੀਂ ਹੈ।

# ਆਲਮੀ ਕੋਸ਼ਿਸ਼ਾਂ ਨਾਲ ਸਥਾਈ ਸ਼ਾਂਤੀ ਸਥਾਪਿਤ ਕਰਨਾ ਲਾਜ਼ਮੀ: ਜੈਸ਼ੰਕਰ



**ਆਬੂਧਾਬੀ:**ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਆਪਣੀ ਦੋ ਦੇਸ਼ਾਂ (ਮਾਰੀਸ਼ਸ ਤੇ ਯੂਏਈ) ਦੀ ਚਾਰ ਦਿਨਾ ਯਾਤਰਾ ਦੇ ਆਖਰੀ ਪੜਾਅ 'ਚ ਆਬੂਧਾਬੀ 'ਚ ਯੂਏਈ ਉਪਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰੀ ਸ਼ੇਖ ਅਬਦੁੱਲਾ ਬਿਨ ਜ਼ਾਇਦ ਅਲ ਨਾਹਯਾਨ ਨਾਲ ਮੁਲਾਕਾਤ ਕੀਤੀ। ਇਸ ਉੱਚ ਪੱਧਰੀ ਮੀਟਿੰਗ ਰਾਹੀਂ ਏਸ਼ੀਆ ਦੇ ਬਦਲਦੇ ਹਾਲਾਤ ਤੇ ਉਨ੍ਹਾਂ ਦੇ ਆਲਮੀ ਪ੍ਰਭਾਵ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਦੋਵਾਂ ਮੰਤਰੀਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅੰਤਰਰਾਸ਼ਟਰੀ ਕੋਸ਼ਿਸ਼ਾਂ ਰਾਹੀਂ ਖੇਤਰ 'ਚ ਸਥਾਈ ਸ਼ਾਂਤੀ ਤੇ ਸੁਰੱਖਿਆ ਸਥਾਪਿਤ ਕਰਨਾ ਲਾਜ਼ਮੀ ਹੈ। ਮੀਟਿੰਗ ਦੌਰਾਨ ਦੋਵਾਂ ਨੇਤਾਵਾਂ ਨੇ ਖੇਤਰ 'ਚ ਵਿਕਸਿਤ ਹੋ ਰਹੀ ਹਾਲਤ ਤੇ ਉਸਦੇ ਸੰਭਾਵੀ ਨਤੀਜਿਆਂ ਦੀ ਸਮੀਖਿਆ ਕੀਤੀ। ਖ਼ਾਸ ਤੌਰ 'ਤੇ ਅਮਰੀਕਾ ਤੇ ਈਰਾਨ ਵਿਚਕਾਰ ਐਲਾਨੀ ਦੋ ਹਫਤਿਆਂ ਦੀ ਜੰਗਬੰਦੀ ਤੋਂ ਬਾਅਦ ਦੀਆਂ ਘਟਨਾਵਾਂ 'ਤੇ ਚਰਚਾ ਹੋਈ। ਜੈਸ਼ੰਕਰ ਨੇ ਭਰੋਸਾ ਜ਼ਾਹਿਰ ਕੀਤਾ ਕਿ ਭਾਰਤ-ਯੂਏਈ ਵੱਡੀ ਰਣਨੀਤਕ ਭਾਈਵਾਲੀ ਭਵਿੱਖ 'ਚ ਹੋਰ ਵੀ ਮਜ਼ਬੂਤ ਹੋਵੇਗੀ। ਵਿਦੇਸ਼ ਮੰਤਰੀ ਨੇ ਸੰਯੁਕਤ ਅਰਬ ਅਮੀਰਾਤ 'ਚ ਰਹਿ ਰਹੇ ਭਾਰਤੀ ਪਰਵਾਸੀਆਂ ਦੀ ਸੁਰੱਖਿਆ ਯਕੀਨੀ ਕਰਨ ਲਈ ਯੂਏਈ ਲੀਡਰਸ਼ਿਪ ਪ੍ਰਤੀ ਧੰਨਵਾਦ ਦਾ ਪ੍ਰਗਟਾਵਾ ਕੀਤਾ। ਇਸ ਤੋਂ ਪਹਿਲਾਂ ਜੈਸ਼ੰਕਰ ਨੇ ਭਾਰਤੀ ਫਿਰਕੇ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ ਤੇ ਪੱਛਮੀ ਏਸ਼ੀਆ ਸੰਘਰਸ਼ ਵਿਚਾਲੇ ਉਨ੍ਹਾਂ ਦੀ ਸੁਰੱਖਿਆ ਲਈ ਭਾਰਤ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੇ ਸਬੰਧ 'ਚ ਜਾਣਕਾਰੀ ਦਿੱਤੀ।

# ਅਮਰੀਕਾ ਦੇ ਸਿਆਟਲ 'ਚ ਲੱਗਾ ਵਿਵੇਕਾਨੰਦ ਦਾ ਬੁੱਤ

**ਨਿਊਯਾਰਕ:**ਅਮਰੀਕਾ 'ਚ ਸਵਾਮੀ ਵਿਵੇਕਾਨੰਦ ਦਾ ਪਹਿਲਾ ਆਦਮਕਦ ਬੁੱਤ ਸਿਆਟਲ 'ਚ ਸਥਾਪਤ ਕੀਤਾ ਗਿਆ ਹੈ। ਇਹ ਸਿਆਟਲ ਦੇ ਮਸਰੂਫ਼ ਚੌਕ 'ਚ ਸਥਾਪਤ ਕੀਤਾ ਗਿਆ ਹੈ। ਭਾਰਤੀ ਕਲਾਕਾਰ ਨਰੇਸ਼ ਕੁਮਾਰ ਕੁਮਾਵਤ ਵੱਲੋਂ ਬਣਾਇਆ ਗਿਆ ਇਹ ਬੁੱਤ ਸਿਆਟਲ ਦੀ ਮੇਅਰ ਕੇਟੀ ਵਿਲਸਲਨ ਤੇ ਸਿਆਟਲ 'ਚ ਭਾਰਤ ਦੇ ਕੌਂਸਲੇਟ ਜਨਰਲ ਪ੍ਰਕਾਸ਼ ਗੁਪਤਾ ਨੇ ਸਾਂਝੇ ਰੂਪ ਨਾਲ ਕੀਤਾ ਹੈ। ਇਹ ਕਾਂਸੇ ਦਾ ਬੁੱਤ ਅਮਰੀਕਾ ਦੇ ਕਿਸੇ ਵੀ ਸ਼ਹਿਰ ਦੀ ਸਰਕਾਰ ਵੱਲੋਂ ਸਥਾਪਤ ਇਸ ਤਰ੍ਹਾਂ ਦਾ ਪਹਿਲਾ ਬੁੱਤ ਹੈ। ਵਿਲਸਨ ਨੇ ਕਿਹਾ ਕਿ ਇਹ ਯਾਦਗਾਰ ਸਿਆਟਲ ਦੀ ਮਿਲੀਜੁਲੀ ਭਾਵਨਾ ਨੂੰ ਦਰਸਾਉਂਦਾ ਹੈ ਤੇ 'ਭਾਰਤ ਤੇ ਅਮਰੀਕਾ ਦੇ ਪ੍ਰਸ਼ਾਂਤ ਉੱਤਰ- ਪੱਛਮ 'ਚ ਸਥਿਤ ਇਸ ਵੰਨ-ਸੁਵੰਨਤਾ ਭਰੇ ਮਹਾਨਗਰੀ ਤਕਨੀਕੀ ਕੇਂਦਰ ਵਿਚਕਾਰ ਸਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਦਾ ਹੈ।



ਸਿਆਟਲ ਸਥਿਤ 'ਭਾਰਤੀ ਅੰਬੈਸੀ ਨੇ ਕਿਹਾ ਕਿ ਇਹ ਬੁੱਤ ਭਾਰਤੀ ਸਾਂਸਕ੍ਰਿਤਿਕ ਸਬੰਧ ਪ੍ਰੀਸ਼ਦ (ਆਈਸਸੀਆਰ) ਵੱਲੋਂ ਸਿਆਟਲ ਨੂੰ ਸ਼ਹਿਰ ਦੇ ਖ਼ੁਸ਼ਹਾਲ ਬਹੁਤ ਸਭਿਆਚਾਰਕ ਚਰਿੱਤਰ ਤੇ ਸਾਂਝ ਦੀ ਭਾਵਨਾ ਦੀ ਮਾਨਤਾ 'ਚ ਭੇਟ ਕੀਤਾ ਗਿਆ ਹੈ।

# ਭਾਰਤ ਦੀ ਵਿੱਤੀ ਵਿਕਾਸ ਯਾਤਰਾ ਕੌਮਾਂਤਰੀ ਭਾਈਵਾਲਾਂ ਲਈ ਵੱਡਾ ਮੌਕਾ: ਕਵਾਤਰਾ




**ਨਿਊਯਾਰਕ:**ਭਾਰਤ ਦੀ ਆਰਥਿਕ ਵਿਕਾਸ ਯਾਤਰਾ ਉਸਦੇ ਅੰਤਰਰਾਸ਼ਟਰੀ ਭਾਈਵਾਲਾਂ ਲਈ ਵੱਡਾ ਮੌਕਾ ਹੈ। ਵਾਸ਼ਿੰਗਟਨ 'ਚ ਭਾਰਤੇ ਦੇ ਰਾਜਦੂਤ ਵਿਨੇ ਕਵਾਤਰਾ ਨੇ ਇਹ ਗੱਲ ਕਹੀ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਮਰੀਕਾ ਸਭ ਤੋਂ ਅੱਗੇ ਹੈ ਤੇ ਨਵੀਂ ਦਿੱਲੀ ਦੀਆਂ ਸਭ ਤੋਂ ਅਹਿਮ ਸਾਂਝੇਦਾਰੀਆਂ 'ਚੋਂ ਇਕ ਹੈ। ਕਵਾਤਰਾ ਸ਼ਨਿਚਰਵਾਰ ਨੂੰ ਕੋਲੰਬੀਆ ਇੰਡੀਅਨ ਇਕੋਨਾਮੀ ਸਮਿਤ 2026 : ਦਿ ਕਵੈਸਟ ਫਾਰ ਏ ਡਿਵੈਲਪਮੈਂਟ ਇੰਡੀਆ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਦੁਵੱਲੇ ਸਬੰਧਾਂ ਦੀ ਅਹਿਮੀਅਤ 'ਤੇ ਰੋਸ਼ਨੀ ਪਾਉਂਦੇ ਹੋਏ ਕਵਾਤਰਾ ਨੇ ਕਿਹਾ ਕਿ ਸਾਂਝੀਆਂ ਪਹਿਲਾਂ ਨੂੰ ਅੱਗੇ ਵਧਾਉਣ ਤੇ ਆਲਮੀ ਤਬਦੀਲੀਆਂ ਨਾਲ ਨਜਿੱਠਣ 'ਚ ਭਾਰਤ-ਅਮਰੀਕਾ ਭਾਈਵਾਲੀ ਸਭ ਤੋਂ ਅਹਿਮ ਤੇ ਸਭ ਤੋਂ ਫ਼ੈਸਲਾਕੁੰਨ ਭਾਈਵਾਲੀਆਂ 'ਚੋਂ ਇਕ ਹੈ।

ਉਨ੍ਹਾਂ ਭਰੋਸਾ ਜ਼ਾਹਿਰ ਕੀਤਾ ਕਿ ਭਾਰਤ 2047 ਤੱਕ ਵਿਕਸਿਤ ਭਾਰਤ ਦੇ ਟੀਚਿਆਂ ਨੂੰ ਹਾਸਲ ਕਰਦੇ ਹੋਏ ਆਪਣੇ ਲੋਕਾਂ ਲਈ ਆਰਥਿਕ ਵਿਕਾਸ ਤੇ ਖ਼ੁਸ਼ਹਾਲੀ ਨੂੰ ਅੱਗੇ ਵਧਾਉਣਾ ਜਾਰੀ ਰੱਖੇਗਾ। ਕਵਾਤਰਾ ਨੇ ਕਿਹਾ ਕਿ ਅਸੀਂ ਭਾਰਤ 'ਚ ਆਪਣੇ ਆਰਥਿਕ ਵਿਕਾਸ ਤੇ ਸਮਾਜ ਦੇ ਵਿਕਾਸ ਦੇ ਇਕ ਤਬਦੀਲੀ ਵਾਲੇ ਦੌਰ 'ਚੋਂ ਲੰਘ ਰਹੇ ਹਾਂ। ਨਾਲ ਹੀ, ਆਲਮੀ ਤਬਦੀਲੀਆਂ ਦੇ ਇਕ ਵਿਲੱਖਣ ਸਿੱਖਿਆਦਾਇਕ ਦੌਰ 'ਚੋਂ ਵੀ ਜੀਅ ਰਹੇ ਹਾਂ। ਭਾਰਤ ਆਪਣੀਆਂ ਪਹਿਲਾਂ 'ਚ ਦ੍ਰਿੜ੍ਹ ਵਿਸ਼ਵਾਸ ਰੱਖਦਾ ਹੈ ਤੇ 2047 ਤੱਕ ਵਿਕਸਿਤ ਰਾਸ਼ਟਰ ਦਾ ਦਰਜਾ ਹਾਸਲ ਕਰਨ 'ਤੇ ਦ੍ਰਿੜ੍ਹਤਾ ਨਾਲ ਕੇਂਦਰਿਤ ਹੈ। ਮਜ਼ਬੂਤ ਅੰਤਰਰਾਸ਼ਟਰੀ ਭਾਈਵਾਲੀਆਂ ਦੀ ਅਹਿਮੀਅਤ ਤੇ ਸਾਰ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਭਾਰਤ-ਅਮਰੀਕਾ ਭਾਈਵਾਲੀ 'ਚ ਸਰਕਾਰ-ਨਾਲ-ਸਰਕਾਰ, ਸਰਕਾਰ-ਨਾਲ- ਵਪਾਰ ਵਪਾਰ-ਨਾਲ-ਵਪਾਰ ਤੇ ਲੋਕ-ਲੋਕ ਸਬੰਧ ਸ਼ਾਮਲ ਹਨ। ਇਨ੍ਹਾਂ ਚਾਰ ਖੇਤਰਾਂ 'ਚ ਖੇਤਰੀ ਵਿਸਥਾਰ ਦੀ ਗੱਲ ਕਰੀਏ ਤਾਂ ਸਾਡੇ ਲਈ ਇਕ ਅਹਿਮ ਖੇਤਰ ਰਣਨੀਤਕ ਸਿਆਸਤ ਤੇ ਸੁਰੱਖਿਆ ਹੈ।

## ਸ. ਗੁਰਦੇਵ ਸਿੰਘ ਸੁੰਨੜ ਦੇ ਅਕਾਲ ਚਲਾਣੇ ਨਾਲ ਸੁੰਨੜ ਪਰਿਵਾਰ ਨੂੰ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਕਲੋਵਿਸ ਨਿਵਾਸੀ ਸ. ਗੁਰਦੇਵ ਸਿੰਘ ਸੁੰਨੜ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ 5 ਅਪ੍ਰੈਲ, 2026 ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਪੰਜਾਬ ਤੋਂ ਪਿਛੋਕੜ ਨੂਰਮਹਿਲ ਸੀ। ਉਹ ਆਪਣੇ ਪਿੱਛੇ ਪਰਿਵਾਰ ਦੀ ਹਰੀ ਭਰੀ ਖ਼ੁਸ਼ਹਾਲ ਪਰਿਵਾਰਕ ਫੁੱਲਵਾੜੀ ਨੂੰ ਛੱਡ ਗਏ ਹਨ। ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧਾਂਜਲੀਆਂ ਦੀ ਰਸਮ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ ਵਿਖੇ ਹੋਈ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ ਨਾਨਕਸਰ ਚੈਰੀ ਐਵਨਿਊ ਫਰਿਜ਼ਨੋ ਵਿਖੇ ਹੋਈ। ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਜਸਵੀਰ ਸਿੰਘ ਸੁੰਨੜ ਨਾਲ ਫੋਨ ਨੰਬਰ: (559) 908-6264 ਜਾਂ ਰੋਜ਼ਰ ਸਿੰਘ ਸੁੰਨੜ ਨਾਲ ਫੋਨ ਨੰਬਰ: (559) 681-7340 'ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਮਾਤਾ ਪ੍ਰੇਮ ਕੌਰ ਢੇਸੀ ਦੇ ਦੇਹਾਂਤ ਨਾਲ ਢੇਸੀ ਪਰਿਵਾਰ ਨੂੰ ਸਦਮਾ

**ਫਰਿਜ਼ਨੋ:** ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਦੇ ਸਰਗਰਮ ਮੋਢੀ ਮੈਂਬਰ ਸ. ਹਰਜਿੰਦਰ ਸਿੰਘ ਢੇਸੀ ਦੇ ਮਾਤਾ ਬੀਬੀ ਪ੍ਰੇਮ ਕੌਰ ਢੇਸੀ (ਪਤਨੀ ਸਵ. ਗੁਰਦੀਪ ਸਿੰਘ ਅਣਖੀ - ਫਾਊਂਡਰ ਮੈਂਬਰ ਇੰਡੋ-ਹੈਰੀਟੇਜ ਫੋਰਮ ਫਰਿਜ਼ਨੋ) ਲੰਘੀ 10 ਅਪ੍ਰੈਲ ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਉਹ ਲਗਭਗ 88 ਸਾਲਾਂ ਦੇ ਸਨ। ਉਹ ਬਹੁਤ ਮਿਲਾਪੜੇ ਸੁਭਾਅ ਅਤੇ ਸੇਵਾ ਭਾਵਨਾ ਵਾਲੇ ਸਨ। ਜਿਨ੍ਹਾਂ ਨੇ ਹਮੇਸ਼ਾ ਆਪਣੇ ਪਰਿਵਾਰ ਅਤੇ ਹੋਰ ਭਾਈਚਾਰੇ ਨੂੰ ਯੋਗ ਅਗਵਾਈ ਦਿੱਤੀ। ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ 'ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ' (4800 E Clayton Ave, Fowler, CA 93625) ਵਿਖੇ 16 ਅਪ੍ਰੈਲ, ਦਿਨ ਵੀਰਵਾਰ ਨੂੰ ਬਾਅਦ ਦੁਪਹਿਰ 2 ਤੋਂ 4 ਵਜੇ ਤੱਕ ਹੋਵੇਗੀ। ਉਪਰੰਤ ਅੰਤਮ ਅਰਦਾਸ ਗੁਰਦੁਆਰਾ ਸਿੰਘ ਸਭਾ ਵਿਖੇ ਹੋਵੇਗੀ।



ਧਾਲੀਆਂ ਅਤੇ ਮਾਛੀਕੇ ਮੀਡੀਆ ਅਮਰੀਕਾ ਸਮੂਹ ਢੇਸੀ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੈ ਅਤੇ ਅਰਦਾਸ ਕਰਦੇ ਹਾਂ ਕਿ ਪਰਮਾਤਮਾ ਮਾਤਾ ਜੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਜਾਂ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪੁੱਤਰ ਹਰਜਿੰਦਰ ਸਿੰਘ ਢੇਸੀ ਨਾਲ ਫੋਨ ਨੰਬਰ (559) 618-0156 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 'ਚੜ੍ਹਿਆ ਚੇਤਰ ਸਾਹਿਤਕ ਮਿਲਣੀ' ਵਿਚ ਸੰਦੀਪ ਜਸਵਾਲ ਨੂੰ 'ਕਾਵਿਲੋਕ ਪੁਰਸਕਾਰ' ਪ੍ਰਦਾਨ

**ਫਗਵਾੜਾ:** ਜੰਡਿਆਲਾ ਮੰਜਕੀ (ਜਲੰਧਰ) ਦੇ ਜੰਮਪਲ ਸੁਲੱਖਣ ਸਿੰਘ ਜੌਹਲ ਵੱਲੋਂ ਵਿਰਸੇ ਦੀ ਜੀਵੰਤ ਸੰਭਾਲ ਲਈ ਉਸਾਰੇ ਪੈਰਾਡਾਈਜ਼ ਫਾਰਮ ਹਾਊਸ, ਪੱਦੀ ਖਾਲਸਾ (ਫਗਵਾੜਾ) ਵਿਖੇ ''ਚੜ੍ਹਿਆ ਚੇਤਰ ਸਾਹਿਤਕ ਮਿਲਣੀ'' ਬੜੇ ਹੀ ਸੁਚੱਜੇ ਅਤੇ ਸ਼ਾਨਦਾਰ ਢੰਗ ਨਾਲ ਆਯੋਜਿਤ ਕੀਤੀ ਗਈ। ਇਸ ਸਮਾਗਮ ਵਿੱਚ ਪੰਜਾਬ ਦੇ ਉੱਘੇ ਕਵੀ, ਲੇਖਕ ਅਤੇ ਪੱਤਰਕਾਰਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।

ਇਸ ਮੌਕੇ ''ਕਾਵਿ ਲੋਕ ਪੁਰਸਕਾਰ - 2025'' ਪਟਿਆਲਾ ਵਾਸੀ ਕਵਿੱਤਰੀ ਸੰਦੀਪ ਕੌਰ ਜਸਵਾਲ ਨੂੰ ਉਹਨਾਂ ਦੇ ਕਾਵਿ-ਸੰਗ੍ਰਹਿ ''ਸਮੁੰਦਰ ਨੂੰ ਪੁੱਛੇ ਨਦੀ'' ਲਈ ਪ੍ਰਦਾਨ ਕੀਤਾ ਗਿਆ। ਉਨ੍ਹਾਂ ਨੂੰ ਸਨਮਾਨ ਚਿੰਨ੍ਹ ਤੋਂ ਇਲਾਵਾ 21,000 ਰੁਪਏ ਦੀ ਰਾਸ਼ੀ ਅਤੇ ਦੋਸ਼ਾਲਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਸੰਦੀਪ ਜਸਵਾਲ ਦੀ ਕਵਿਤਾ ਬਾਰੇ ਪ੍ਰੋਫੈਸਰ ਉਮਿੰਦਰ ਜੌਹਲ ਨੇ ਪਰਚਾ ਪੜ੍ਹਿਆ , ਜਦਕਿ ਤ੍ਰੈਲੋਚਨ ਲੋਚੀ ਵੱਲੋਂ ਮਾਣ ਪੱਤਰ ਪੜ੍ਹਿਆ ਗਿਆ।

ਸੰਦੀਪ ਜਸਵਾਲ ਨੇ ਆਪਣੀਆਂ ਚੋਣਵੀਆਂ ਕਵਿਤਾਵਾਂ ਰਾਹੀਂ ਸਰੋਤਿਆਂ ਨੂੰ ਸੋਚ ਵਿਚਾਰ ਦੇ ਸਨਮੁੱਖ ਖੜ੍ਹਾ ਕੀਤਾ। ਇਸ ਮੌਕੇ ਦਰਸ਼ਨ ਬੁੱਟਰ, ਉਰਮਿਲਜੀਤ ਸਿੰਘ ਵਾਲੀਆ, ਤ੍ਰੈਲੋਚਨ ਲੋਚੀ ਅਤੇ ਮਨਜਿੰਦਰ ਸਿੰਘ ਧਨੋਆ ਨੇ ਬੜੇ ਖ਼ੂਬਸੂਰਤ ਅੰਦਾਜ਼ ਵਿੱਚ ਆਪਣੀਆਂ ਗ਼ਜ਼ਲਾਂ, ਕਵਿਤਾਵਾਂ ਪੇਸ਼ ਕਰਕੇ ਦਰਸ਼ਕਾਂ ਤੋਂ ਖੂਬ ਵਾਹ-ਵਾਹ ਹਾਸਲ ਕੀਤੀ।

ਇਸ ਸਮਾਗਮ ਵਿੱਚ ਡਾ. ਵਰਿਆਮ ਸਿੰਘ ਸੰਧੂ, ਪ੍ਰੋ. ਗੁਰਭਜਨ ਸਿੰਘ ਗਿੱਲ ,ਜਨਮੇਜਾ ਜੌਹਲ ,ਦਰਸ਼ਨ ਖਟਕੜ ਦੀਆਂ ਵਿਚਾਰਧਾਰਕ ਗੱਲਾਂ ਨੇ ਦਰਸ਼ਕਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ। ਦਰਸ਼ਨ ਖਟਕੜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜੇ ਮਨੁੱਖ ਦੀ ਜੜ੍ਹ ਆਮ ਲੋਕਾਂ ਨਾਲ ਜੁੜੀ ਹੋਵੇ ਅਤੇ ਉਸਦੀ ਸੋਚ ਨਿਰੋਲ ਤੇ ਨਿਰਸਵਾਰਥ ਹੋਵੇ ਤਾਂ ਉਸਨੂੰ ਮਿਟਾਉਣਾ ਆਸਾਨ ਨਹੀਂ ਹੁੰਦਾ।

ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਚਿੰਤਾ ਜ਼ਾਹਰ ਕੀਤੀ ਕਿ ਅੱਜ ਦਾ ਲੇਖਕ ਸਮਾਜ ਨਾਲੋਂ ਦੂਰ ਹੁੰਦਾ ਜਾ ਰਿਹਾ ਹੈ, ਇਸ ਲਈ ਸਮਾਜਿਕ ਹਕੀਕਤ ਦੀ ਸੱਚੀ ਪਹਿਚਾਣ ਕਰਨ ਅਤੇ ਜ਼ਿੰਮੇਵਾਰੀ ਸੰਭਾਲਣ ਦੀ ਲੋੜ ਹੈ। ਚੰਗੀ ਲਿਖਤ ਅਤੇ ਲੇਖਕ ਨੂੰ ਪਾਠਕਾਂ/ ਸਰੋਤਿਆਂ ਸਨਮੁੱਖ ਪੇਸ਼ ਕਰਨਾ ਅਤੇ ਬਾਹਰੀ ਨਾਇਕ ਲੱਭਣ ਦੀ ਥਾਂ ਆਪਣੇ ਅੰਦਰਲੇ ਨਾਇਕ ਨੂੰ ਜਗਾਉਣਾ ਹੀ ਸਮਾਜਿਕ ਬਦਲਾਅ ਦਾ ਸਹੀ ਰਸਤਾ ਹੈ। ਸਤਨਾਮ ਸਿੰਘ ਮਾਣਕ ਮੌਜੂਦਾ ਸਮਾਜਿਕ ਤੇ ਰਾਜਨੀਤਿਕ ਹਾਲਾਤਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ 'ਤੇ ਲਗਾਤਾਰ ਹਮਲੇ ਹੋ ਰਹੇ ਹਨ ਅਤੇ ਸੋਚਣ-ਸਮਝਣ ਦੀ ਆਜ਼ਾਦੀ ਨੂੰ ਸੀਮਿਤ ਕੀਤਾ ਜਾ ਰਿਹਾ ਹੈ। ਉਹਨਾਂ ਪੰਜਾਬ ਦੀ ਆਰਥਿਕ, ਵਾਤਾਵਰਣਕ ਅਤੇ ਸਮਾਜਿਕ ਸਥਿਤੀ ਨੂੰ ''ਐਮਰਜੈਂਸੀ ਸਮਾਨ ਹਾਲਤ'' ਦੱਸਦਿਆਂ ਸਮਾਜਕ ਚੇਤਨਾ ਦੀ ਲੋੜ 'ਤੇ ਜ਼ੋਰ ਦਿੱਤਾ।

ਡਾ. ਵਰਿਆਮ ਸਿੰਘ ਸੰਧੂ ਨੇ ਆਪਣੇ ਵਿਚਾਰਾਂ ਵਿੱਚ ਸਾਹਿਤਕ ਜ਼ਿੰਮੇਵਾਰੀ ਨੂੰ ਉਜਾਗਰ ਕਰਦਿਆਂ ਕਿਹਾ ਕਿ ਅੱਜ ਲੇਖਕਾਂ ਅਤੇ ਬੁੱਧੀਜੀਵੀਆਂ ਦਾ ਸਮਾਜ ਨਾਲ ਰਾਬਤਾ ਲਗਾਤਾਰ ਕਮਜ਼ੋਰ ਪੈਂਦਾ ਜਾ ਰਿਹਾ ਹੈ ਅਤੇ ਸੱਚੀ ਲਿਖਤ ਨੂੰ ਉਤਸ਼ਾਹਤ ਕਰਨ ਦੀ ਵੱਧ ਲੋੜ ਹੈ। ਉਹਨਾਂ ਇਹ ਵੀ ਕਿਹਾ ਕਿ ਚੰਗੀਆਂ ਕਿਤਾਬਾਂ ਨੂੰ ਪੜ੍ਹਨਾ ਅਤੇ ਅੱਗੇ ਪਹੁੰਚਾਉਣਾ ਵੀ ਇੱਕ ਵੱਡਾ ਧਰਮ ਹੈ।

ਜਨਮੇਜਾ ਸਿੰਘ ਜੌਹਲ ਨੇ ਕਿਹਾ ਕਿ ਕਮਾਈ ਵਧਾਉਣ ਵਾਲੀਆਂ ਪਰਦੇਸੀ ਅਨੁਵਾਦਤ ਕਿਤਾਬਾਂ ਦੀ ਵਧਦੀ ਮੰਗ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਸ ਨਾਲ ਸਿਰਜਣਾਤਮਕ ਸਾਹਿਤ ਪਿੱਛੇ ਰਹਿ ਰਿਹਾ ਹੈ। ਉਹਨਾਂ ਜ਼ੋਰ ਦਿੱਤਾ ਕਿ ਸਾਨੂੰ ਆਪਣੀ ਸੱਭਿਆਚਾਰਕ ਸੋਚ ਅਤੇ ਰਚਨਾਤਮਕ ਲਿਖਤ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਮੌਕੇ ਪ੍ਰਿੰ. ਗੁਰਮੀਤ ਸਿੰਘ ਪਲਾਹੀ, ਡਾ. ਲਖਵਿੰਦਰ ਸਿੰਘ ਜੌਹਲ, ਦਰਸ਼ਨ ਬੁੱਟਰ, ਡਾ,ਨਿਰਮਲ ਜੌੜਾ ਅਤੇ ਸੁਖਦੇਵ ਫਗਵਾੜਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਸਮਾਗਮ ਵਿੱਚ ਡਾ. ਰਘਵੀਰ ਕੌਰ, ਰਜਵੰਤ ਕੌਰ ਸੰਧੂ,ਜਸਵਿੰਦਰ ਫਗਵਾੜਾ, ਪਰਮਜੀਤ ਕੌਰ ਜੌਹਲ,ਰਾਜਿੰਦਰ ਕੌਰ ਜੌਹਲ, ਬਲਵਿੰਦਰ ਸਿੰਘ ਗੁਰਾਇਆ, ਡਾ. ਦੁਲਚਾ ਸਿੰਘ ਬਰਾੜ,ਬਲਬੀਰ ਸਿੰਘ, ਰਾਜ ਮਾਣਕ,ਬਲਬੀਰ ਕੌਰ ਬੱਬੂ ਸੈਣੀ, ਦਵਿੰਦਰ ਸਿੰਘ ਪੂਨੀਆ, ਸਿਮਰਤ ਕੌਰ, ਪੰਜਾਬੀ ਗ਼ਜ਼ਲਗੋ ਬਲਦੇਵ ਰਾਜ ਕੋਮਲ, ਪਰਵਿੰਦਰਜੀਤ ਸਿੰਘ, ਸ਼ਾਮ ਸਰਗੂੰਦੀ, ਆਸ਼ਾ ਅਰਮਾਨ, ਜੱਸ ਸਰੋਆ, ਗੁਰਮੁਖ ਲੋਹਾਰ, ਤਰਸੇਮ ਸਿੰਘ, ਕੁਲਵੰਤ ਭਿੰਡਰ, ਹਰਜਿੰਦਰ ਨਿਆਣਾ, ਭੁਪਿੰਦਰ ਕੌਰ,ਗੁਰਨੂਰ ਕੌਰ ਸਮੇਤ ਅਨੇਕਾਂ ਕਵੀਆਂ, ਲੇਖਕਾਂ ਅਤੇ ਪੱਤਰਕਾਰਾਂ ਨੇ ਸ਼ਿਰਕਤ ਕਰਕੇ ਸਾਹਿਤਕ ਰੰਗ ਭਰਿਆ।

ਇੰਦਰਜੀਤ ਆਰਟਿਸਟ ਵੱਲੋਂ ਕਵਿਤਾਵਾਂ 'ਤੇ ਆਧਾਰਿਤ ਚਿੱਤਰ ਪ੍ਰਦਰਸ਼ਨੀ ਵਿਸ਼ੇਸ਼ ਆਕਰਸ਼ਣ ਰਹੀ। ਇੰਦਰਜੀਤ ਸਿੰਘ ਨੂੰ ਇਸ ਮੌਕੇ ਸਨਮਾਨਿਤ ਕੀਤਾ ਗਿਆ। ਜਦਕਿ ਸਾਂਝ ਪਬਲੀਕੇਸ਼ਨ ਵੱਲੋਂ ਕਿਤਾਬਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਸਮਾਗਮ ਦੀ ਸਫ਼ਲਤਾ ਵਿੱਚ ਗੁਰਮੀਤ ਸਿੰਘ ਪਲਾਹੀ ਦਾ ਮਹੱਤਵਪੂਰਨ ਯੋਗਦਾਨ ਰਿਹਾ, ਜਦਕਿ ਲਖਵਿੰਦਰ ਜੌਹਲ ਵੱਲੋਂ ਵਿਸ਼ੇਸ਼ ਭੂਮਿਕਾ ਨਿਭਾਈ ਗਈ। ਰਵਿੰਦਰ ਚੋਟ ਅਤੇ ਕਮਲੇਸ਼ ਸੰਧੂ ਨੇ ਪ੍ਰੋਗਰਾਮ ਦੇ ਸੁਚੱਜੇ ਪ੍ਰਬੰਧ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ।

ਸੁਲੱਖਣ ਸਿੰਘ ਜੌਹਲ ਵੱਲੋਂ ਮਹਿਮਾਨਾਂ ਦੀ ਆਓ-ਭਗਤ ਅਤੇ ਖਾਣ-ਪੀਣ ਦੀ ਵਿਵਸਥਾ ਬਹੁਤ ਸੁਚੱਜੇ ਢੰਗ ਨਾਲ ਕੀਤੀ ਗਈ, ਜਿਸ ਨਾਲ ਪੂਰਾ ਮਾਹੌਲ ਖ਼ੁਸ਼ਨੁਮਾ ਬਣਿਆ ਰਿਹਾ। ਕਵੀਆਂ, ਚਿੰਤਕਾਂ ਨੇ ਆਪਣੇ ਪਰਿਵਾਰਾਂ ਸਮੇਤ ਹਾਜ਼ਰੀ ਲਗਾ ਕੇ ਇਸਨੂੰ ਇੱਕ ਪਰਿਵਾਰਕ ਸਮਾਗਮ ਦਾ ਰੂਪ ਦੇ ਦਿੱਤਾ।





## ਅਭੀ ਨਾ ਜਾਓ ਛੋੜ ਕਰ ਕਿ ਦਿਲ ਅਭੀ...

# ਆਸ਼ਾ ਭੌਂਸਲੇ ਨੂੰ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਇਗੀ

**ਮੁੰਬਈ:** ਸੁਰਾਂ ਦੀ ਮਲਿਕਾ ਅਤੇ ਭਾਰਤੀ ਸੰਗੀਤ ਜਗਤ ਦਾ ਇਕ ਚਮਕਦਾ ਸਿਤਾਰਾ ਆਸ਼ਾ ਭੌਂਸਲੇ ਹਮੇਸ਼ਾ ਲਈ ਚਲੀ ਗਈ ਹੈ। ਉਸ ਦੀ ਆਵਾਜ਼ ਜਿਸਨੇ ਦਹਾਕਿਆਂ ਤੱਕ ਲੱਖਾਂ ਦਿਲਾਂ 'ਤੇ ਰਾਜ ਕੀਤਾ, ਹੁਣ ਇਕ ਯਾਦ ਬਣ ਕੇ ਰਹਿ ਗਈ ਹੈ। ਉਸ ਦੀ ਅੰਤਿਮ ਯਾਤਰਾ ਦੌਰਾਨ ਸਾਹਮਣੇ ਆਈਆਂ ਤਸਵੀਰਾਂ ਨੇ ਹਰ ਸੰਗੀਤ ਪ੍ਰੇਮੀ ਦੀਆਂ ਅੱਖਾਂ ਨੂੰ ਹੰਝੂਆਂ ਨਾਲ ਭਰ ਦਿੱਤਾ। ਮਹਾਨ ਗਾਇਕਾ ਆਸ਼ਾ ਭੌਂਸਲੇ ਦਾ ਅੰਤਿਮ ਸੰਸਕਾਰ ਮੁੰਬਈ ਦੇ ਸ਼ਿਵਾਜੀ ਪਾਰਕ ਸ਼ਮਸ਼ਾਨਘਾਟ ਵਿਖੇ ਪੂਰੇ ਸਰਕਾਰੀ ਸਨਮਾਨਾਂ ਨਾਲ ਕਰ ਦਿੱਤਾ ਗਿਆ।

ਮਹਾਰਾਸ਼ਟਰ ਪੁਲਿਸ ਨੇ ਉਨ੍ਹਾਂ ਨੂੰ ਗਾਰਡ ਆਫ਼ ਆਨਰ ਪੇਸ਼ ਕੀਤਾ। ਆਸ਼ਾ ਦੇ ਬਾਲੀਵੁੱਡ ਦੇ ਸਾਥੀ ਗਾਇਕਾਂ ਨੇ ਉਨ੍ਹਾਂ ਦੇ ਪ੍ਰਸਿੱਧ ਗੀਤ, 'ਅਭੀ ਨਾ ਜਾਓ ਛੋੜ ਕਰ' ਗੀਤ ਗਾ ਕੇ ਉਨ੍ਹਾਂ ਨੂੰ ਅਲਵਿਦਾ ਕਿਹਾ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਅੰਤਿਮ ਦਰਸ਼ਨਾਂ ਲਈ ਉਨ੍ਹਾਂ ਦੇ ਮੁੰਬਈ ਸਥਿਤ ਨਿਵਾਸ ਸਥਾਨ 'ਕਾਸਾ ਗਾਂਡੇ' ਵਿਖੇ ਰੱਖਿਆ ਗਿਆ, ਜਿਥੇ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਤਿਰੰਗੇ ਵਿਚ ਲਪੇਟਿਆ ਗਿਆ ਸੀ ਅਤੇ ਰਸਮੀ ਸਲਾਮੀ ਵੀ ਦਿੱਤੀ ਗਈ। ਸ਼ਿਵਾਜੀ ਪਾਰਕ ਸ਼ਮਸ਼ਾਨਘਾਟ ਦੇ ਅੰਦਰ ਅਤੇ ਬਾਹਰ ਸੈਂਕੜੇ ਲੋਕ ਮਹਾਨ ਸੰਗੀਤ ਕਲਾਕਾਰ ਆਸ਼ਾ ਭੌਂਸਲੇ ਨੂੰ ਅੰਤਿਮ ਵਿਦਾਇਗੀ ਦੇਣ ਲਈ ਇਕੱਠੇ ਹੋਏ। ਇਸ ਸਮੇਂ ਦੌਰਾਨ ਉਸ ਦਾ ਰੂਹਾਨੀ ਗੀਤ 'ਅਭੀ ਨਾ ਜਾਓ ਛੋੜਕਰ... ਦੀ ਧੁਨ ਹਵਾ ਵਿਚ ਗੂੰਜਦੀ ਰਹੀ । ਭੌਂਸਲੇ ਦਾ, ਅੰਤਿਮ ਸੰਸਕਾਰ ਹਿੰਦੂ ਰੀਤੀ-ਰਿਵਾਜਾਂ ਅਨੁਸਾਰ ਅਤੇ ਪੂਰੇ ਸਰਕਾਰੀ ਸਨਮਾਨਾਂ ਨਾਲਕੀਤਾ ਗਿਆ। ਉਸ ਦੇ ਪੁੱਤਰ ਆਨੰਦ ਨੇ । ਅੰਤਿਮ ਸੰਸਕਾਰ ਦੀਆਂ ਰਸਮਾਂ ਨਿਭਾਈਆਂ। ਆਸ਼ਾ ਦੇ ਅੰਤਿਮ ਸੰਸਕਾਰ ਮੌਕੇ ਉਨ੍ਹਾਂ ਦੀ ਪੋਤੀ ਜ਼ਨਾਈ, ਭੈਣ ਊਸ਼ਾ ਮੰਗੇਸ਼ਕਰ ਅਤੇ ਭਰਾ ਹਿਰਦੇਨਾਥ ਮੰਗੇਸ਼ਕਰ ਵੀ ਉਥੇ ਮੌਜੂਦ ਸਨ। ਭਾਰਤ ਦੇ ਇਸ ਮਹਾਨ ਗਾਇਕਾ ਨੂੰ ਅੰਤਿਮ ਸ਼ਰਧਾਂਜਲੀ ਦੇਣ ਲਈ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ, ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ, ਸੁਨੇਤਰਾ ਪਵਾਰ, ਨਿਰਦੇਸ਼ਕ ਰਮੇਸ਼ ਸਿੱਪੀ, ਅਦਾਕਾਰ ਆਮਿਰ ਖਾਨ, ਵਿੱਕੀ ਕੌਸ਼ਲ, ਬਾਲੀਵੁੱਡ ਦੀ ਦਿੱਗਜ਼ ਅਦਾਕਾਰਾ ਆਸ਼ਾ ਪਾਰੇਖ, ਹੈਲਨ, ਰਣਵੀਰ ਸਿੰਘ, ਤੱਬੂ, ਸੰਗੀਤਕਾਰ ਏ.ਆਰ. ਰਹਿਮਾਨ, ਕ੍ਰਿਕਟ ਸਚਿਨ ਤੇਂਦੁਲਕਰ ਅਤੇ ਸਿਆਸੀ ਨੇਤਾ ਊਧਵ ਠਾਕਰੇ, ਪ੍ਰਫੁੱਲ ਪਟੇਲ ਅਤੇ ਸੁਪ੍ਰੀਆ ਸੂਲੇ ਤੋਂ ਇਲਾਵਾ ਵੱਡੀ ਗਿਣਤੀ ਬਾਲੀਵੁੱਡ ਅਤੇ ਸਿਆਸੀ ਆਗੂ ਪੁੱਜੇ ਹੋਏ ਸਨ। ਇਸ ਤੋਂ ਪਹਿਲਾਂ ਉੱਘੀ ਮਹਾਨ ਗਾਇਕਾ ਆਸ਼ਾ ਭੌਂਸਲੇ ਦੀ ਮ੍ਰਿਤਕ ਦੇਹ ਨੂੰ ਉਨ੍ਹਾਂ ਦੇ ਪਸੰਦੀਦਾ ਚਿੱਟੇ ਅਤੇ ਪੀਲੇ ਫੁੱਲਾਂ ਨਾਲ ਸਜਾ ਕੇ ਸ਼ਿਵਾਜੀ ਪਾਰਕ ਲਿਜਾਇਆ ਗਿਆ । ਹਜ਼ਾਰਾਂ ਲੋਕਾਂ ਨੇ ਸੜਕਾਂ 'ਤੇ ਖੜ੍ਹੇ ਹੋ. ਕੇ ਇਸ ਮਹਾਨ ਗਾਇਕਾ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ। ਆਸ਼ਾ ਨੇ ਅੱਠ ਦਹਾਕਿਆਂ ਤੱਕ ਭਾਰਤੀ ਸੰਗੀਤ ਨੂੰ ਇਕ ਨਵੀਂ ਪਹਿਚਾਣ ਦਿੱਤੀ। ਇਕ ਚਿੱਟਾ ਵਾਹਨ ਜੋ ਕਿ ਗਾਇਕਾ ਦੇ ਮਨਪਸੰਦ ਚਿੱਟੇ ਅਤੇ ਪੀਲੇ ਫੁੱਲਾਂ ਨਾਲ ਸਜਿਆ ਹੋਇਆ ਸੀ ਅਤੇ ਉਸ ਦੀ ਇਕ ਵੱਡੀ ਤਸਵੀਰ ਲਗਾ ਕੇ ਉਸ ਦੀ ਮ੍ਰਿਤਕ ਦੇਹ ਨੂੰ ਉਸਦੇ ਲੋਅਰ ਪਰੇਲ ਨਿਵਾਸ ਤੋਂ ਲਗਭਗ ਪੰਜ ਕਿਲੋਮੀਟਰ ਦੂਰ ਦਾਦਰ ਦੇ ਸ਼ਿਵਾਜੀ ਪਾਰਕ ਲੈ ਗਈ। ਜਦੋਂ ਤਾਬੂਤ ਨੂੰ ਗੱਡੀ ਦੇ ਅੰਦਰ ਰੱਖਿਆ ਗਿਆ। ਸੀ ਤਾਂ ਪੁਲਿਸ ਬੈਂਡ ਨੇ ਇਕ ਉਦਾਸ ਧੁਨ ਵਜਾਈ। ਅੰਤਿਮ ਯਾਤਰਾ ਦੌਰਾਨ ਸਥਾਨਕ ਲੋਕ ਆਪਣੀ ਇਸ ਮਹਾਨ ਗਾਇਕਾ ਦੀ ਅੰਤਿਮ ਝਲਕ ਦੇਖਣ ਲਈ ਵੱਡੀ ਗਿਣਤੀ ਵਿਚ ਇਕੱਠੇ ਹੋਏ ਅਤੇ ਭਾਰੀ ਪੁਲਿਸ ਦੀ ਮੌਜੂਦਗੀ ਦੌਰਾਨ ਗਲੀ 'ਚੋਂ ਲੰਘਦੇ ਸਮੇਂ ਉਸਦੀ ਗੱਡੀ 'ਤੇ ਫੁੱਲਾਂ ਦੀ ਵਰਖਾ ਕੀਤੀ।ਆਪਣੀ ਬਹੁਪੱਖੀ ਪ੍ਰਤਿਭਾ ਲਈ ਮਸ਼ਹੂਰ, ਉਸ ਨੇ ਦੁਨੀਆ ਨੂੰ ਅਣਗਿਣਤ ਕਲਾਸਿਕ ' ਗੀਤ ਦਿੱਤੇ, ਜਿਨ੍ਹਾਂ 'ਚ 'ਅਭੀ ਨਾ ਜਾਓ ਛੋੜ ਕਰ', 'ਇਨ ਆਂਖੋਂ ਕੀ ਮਸਤੀ', 'ਦਿਲ ਚੀਜ਼ ਕਿਆ ਹੈ', 'ਪੀਆ ਤੂ ਅਬ ਤੋ ਆਜਾ', 'ਦੁਨੀਆ ਮੈਂ ਲੋਗੋਂ ਕੋ' ਅਤੇ 'ਜ਼ਰਾ ਸਾ ਝੂਮ ਲੂੰ ਮੈਂ'' ਸ਼ਾਮਿਲ ਹਨ।



# ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਵਿਸਾਖੀ ਨੂੰ ਸਮਰਪਿਤ ਕਵੀ ਦਰਬਾਰ

ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ 12 ਅਪ੍ਰੈਲ 2026, ਦਿਨ ਐਤਵਾਰ ਨੂੰ ਵਿਸਾਖੀ ਦੇ ਤਿਉਹਾਰ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਕਵੀ ਦਰਬਾਰ ਰੰਧਾਵਾ ਫਾਊਂਡੇਸ਼ਨ, ਕੈਂਟ, ਵਾਸ਼ਿੰਗਟਨ ਵਿਚ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਭਾ ਦੇ ਪ੍ਰਧਾਨ ਸ. ਕਰਨੈਲ ਸਿੰਘ ਕੈਲ ਨੇ ਸਭ ਨੂੰ ਜੀ ਆਇਆਂ ਨੂੰ ਆਖ ਕੇ ਕੀਤੀ, ਜਦਕਿ ਸਟੇਜ ਦੀ ਜ਼ਿੰਮੇਵਾਰੀ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਮਰਹੂਮ ਸ਼ਾਇਰ ਸ. ਹਰਭਜਨ ਸਿੰਘ ਬੈਂਸ ਦੇ ਯੋਗਦਾਨ ਨੂੰ ਯਾਦ ਕਰਦਿਆਂ ਅਤੇ ਉਨ੍ਹਾਂ ਦੀ ਪੈੜ 'ਤੇ ਚਲਦਿਆਂ ਸਾਹਿਤ ਸਿਰਜਣ ਦੀਆਂ ਬਰੀਕੀਆਂ 'ਤੇ ਗੰਭੀਰ ਚਰਚਾ ਕੀਤੀ ਗਈ। ਪ੍ਰੋਗਰਾਮ ਦੇ ਆਰੰਭ ਵਿਚ ਸਟੇਜ ਸਕੱਤਰ ਗੁਰਪ੍ਰੀਤ ਸੋਹਲ ਨੇ ਧਨੀ ਰਾਮ ਚਾਤਰਿਕ ਦੀਆਂ ਕੋਰੜਾ ਛੰਦ ਵਿਚ ਲਿਖੀਆਂ ਸਤਰਾਂ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਪੜ੍ਹੀਆਂ। ਇਸ ਤੋਂ ਬਾਅਦ ਉਨ੍ਹਾਂ ਨੇ ਕੋਰੜਾ ਛੰਦ ਦੀ ਚਾਲ, ਚਰਣ, ਵਰਣ ਸੰਖਿਆ, ਵਿਸ਼ਰਾਮ ਅਤੇ ਗੁਣਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਹੋਰ ਕਵੀਆਂ ਵੱਲੋਂ ਵੀ ਕੋਰੜਾ ਛੰਦ ਬਾਰੇ ਵਿਚਾਰ ਰੱਖੇ ਗਏ ਅਤੇ ਸਾਹਿਤਕ ਰੰਗਾਂ ਤੇ ਛੰਦਬੰਦੀ ਬਾਰੇ ਚਰਚਾ ਨੂੰ ਇੱਕ ਸੁੰਦਰ ਪਿਰਤ ਕਰਾਰ ਦਿੱਤਾ ਗਿਆ।

ਇਸ ਮੌਕੇ ਕਵਿੱਤਰੀ ਮਨਜੀਤ ਕੌਰ ਗਿੱਲ ਦਾ ਜਨਮ ਦਿਨ ਕੇਕ ਕੱਟ ਕੇ ਮਨਾਇਆ ਗਿਆ।



ਕੇਕ ਦੀ ਸੇਵਾ ਅਮਰਜੀਤ ਸਿੰਘ ਤਰਸਿੱਕਾ ਵੱਲੋਂ ਕੀਤੀ ਗਈ। ਕਵੀ ਦਰਬਾਰ ਵਿਚ ਜਗਜੀਤ ਉੱਪਲ, ਸਤਨਾਮ ਸਿੰਘ ਚੀਨੂੰ, ਮਨਜੀਤ ਕੌਰ ਗਿੱਲ, ਸ਼ਿੰਗਾਰ ਸਿੰਘ ਸਿੱਧੂ, ਸਰਬਜੀਤ ਸਿੰਘ ਨੂਰ, ਸਾਧੂ ਸਿੰਘ ਝੱਜ, ਅਮਰਜੀਤ ਸਿੰਘ ਤਰਸਿੱਕਾ, ਹਰਿੰਦਰਪਾਲ ਸਿੰਘ ਬੈਂਸ, ਡਾ. ਕੌਸ਼ਲ ਸਿੰਘ ਸੈਣੀ, ਮਨਜੀਤ ਸਿੰਘ ਚਾਹਲ, ਕਰਨੈਲ ਸਿੰਘ ਕੈਲ, ਹਰਪਾਲ ਸਿੱਧੂ, ਅਵਤਾਰ ਸਿੰਘ ਆਦਮਪੁਰੀ, ਪ੍ਰਸਿੱਧ ਗਾਇਕ ਅਤੇ ਗੀਤਕਾਰ ਬਲਵੀਰ ਲਹਿਰਾ, ਰਾਮ ਸਿੰਘ ਧਾਲੀਵਾਲ ਅਤੇ ਦਵਿੰਦਰ ਸਿੰਘ ਹੀਰਾ ਨੇ ਹਿੱਸਾ ਲਿਆ। ਸਾਰੇ ਕਵੀਆਂ ਅਤੇ ਬੁਲਾਰਿਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਸਮਾਗਮ ਨੂੰ ਯਾਦਗਾਰੀ ਬਣਾ ਦਿੱਤਾ।

ਪ੍ਰੋਗਰਾਮ ਦਾ ਸਮੇਂ 'ਤੇ ਸ਼ੁਰੂ ਹੋਣਾ ਅਤੇ ਨਿਰਧਾਰਤ ਸਮੇਂ ਅੰਦਰ ਸੰਪੰਨ ਹੋਣਾ ਵੀ ਕਾਬਿਲ-ਏ-ਤਾਰੀਫ਼ ਰਿਹਾ। ਅਖੀਰ ਵਿਚ ਸਭਾ ਦੇ ਖ਼ਜ਼ਾਨਚੀ ਸ. ਅਵਤਾਰ ਸਿੰਘ ਆਦਮਪੁਰੀ ਨੇ ਸਭਾ ਦੀਆਂ ਗਤੀਵਿਧੀਆਂ ਅਤੇ ਭਵਿੱਖੀ ਯੋਜਨਾਵਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸਭਾ ਦੇ ਉਦੇਸ਼ਾਂ ਨੂੰ ਦੁਹਰਾਇਆ। ਸਮਾਗਮ ਦੌਰਾਨ ਚਾਹ ਅਤੇ ਸਨੈਕਸ ਦਾ ਵੀ ਲਗਾਤਾਰ ਪ੍ਰਬੰਧ ਕੀਤਾ ਗਿਆ। ਕੁੱਲ ਮਿਲਾ ਕੇ ਵਿਸਾਖੀ ਨੂੰ ਸਮਰਪਿਤ ਇਹ ਕਵੀ ਦਰਬਾਰ ਨਿੱਘ, ਸਾਂਝ ਅਤੇ ਸਾਹਿਤਕ ਖੁਸ਼ਬੂਆਂ ਨਾਲ ਭਰਪੂਰ ਯਾਦਗਾਰੀ ਪ੍ਰੋਗਰਾਮ ਸਾਬਤ ਹੋਇਆ।

# ਅਮਰੀਕਾ-ਇਰਾਨ ਜੰਗ: ਗੱਲਬਾਤ ਬਨਾਮ ਨਾਕਾਬੰਦੀ

ਇਰਾਨ ਤੇ ਅਮਰੀਕਾ ਦਰਮਿਆਨ ਇਸਲਾਮਾਬਾਦ ਵਿਚ 21 ਘੰਟੇ ਚੱਲੀ ਗੱਲਬਾਤ ਦੇ ਬੇਸਿੱਟਾ ਰਹਿਣ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਇਰਾਨ ਦੀਆਂ ਬੰਦਰਗਾਹਾਂ ਦੀ ਨਾਕਾਬੰਦੀ ਕਰਨ ਦਾ ਐਲਾਨ ਕਰ ਦਿੱਤਾ ਹੈ। ਜਵਾਬ ਵਿਚ ਇਰਾਨ ਦੇ ਰੈਵੋਲਿਊਸ਼ਨਰੀ ਗਾਰਡਜ਼ ਨੇ ਕਿਹਾ ਹੈ ਕਿ ਅਜਿਹਾ ਕੀਤੇ ਜਾਣ ’ਤੇ ਖਾੜੀ-ਓਮਾਨ ਸਾਗਰ ਦੀ ਕੋਈ ਵੀ ਬੰਦਰਗਾਹ ਸੁਰੱਖਿਅਤ ਨਹੀਂ ਹੋਵੇਗੀ। ਗੱਲਬਾਤ ਸ਼ੁਰੂ ਹੋਣ ਨਾਲ ਤੇਲ ਤੇ ਹੋਰ ਪੈਟਰੋਲੀਅਮ ਵਸਤਾਂ ਦੀ ਸਪਲਾਈ ਦੇ ਸੰਕਟ ਤੋਂ ਰਾਹਤ ਦੀ ਜੋ ਉਮੀਦ ਬਣੀ ਸੀ, ਉਸ ਉੱਪਰ ਇਕ ਵਾਰ ਤਾਂ ਪਾਣੀ ਫਿਰ ਗਿਆ ਹੈ। ਟਰੰਪ ਸਰਕਾਰ ਦੀ ਆਪਣੀਆਂ ਸ਼ਰਤਾਂ

ਬੂਟਾ ਸਿੰਘ ਮਹਿਮੂਦਪੁਰ

ਮੰਨਵਾਉਣ ਦੀ ਜ਼ਿੱਦ ਨੇ ਕੂਟਨੀਤਕ ਰਾਹ ਬੰਦ ਕਰ ਦਿੱਤੇ ਅਤੇ ਗੱਲਬਾਤ ਟੁੱਟ ਗਈ। ਟਰੰਪ ਦਾ ਜਨਵਰੀ 2020 ’ਚ ਕੀਤਾ ਟਵੀਟ ਇਸ ਗੱਲਬਾਤ ਸਮੇਂ ਉਸਦੇ ਆਪਣੇ ਸ਼ਬਦਾਂ ਦੀ ਪੁਸ਼ਟੀ ਹੋ ਨਿੱਬੜਿਆ। ਓਦੋਂ ਟਰੰਪ ਨੇ ਲਿਖਿਆ ਸੀ ਕਿ ਇਰਾਨ ਭਾਵੇਂ ਜੰਗ ਜਿੱਤ ਨਾ ਸਕੇ, ਪਰ ਗੱਲਬਾਤ ਦੀ ਮੇਜ਼ ’ਤੇ ਉਹ ਨਹੀਂ ਹਾਰਦਾ। ਉਹ ਸੱਚੀਓਂ ਨਹੀਂ ਹਾਰੇ। ਟਰੰਪ ਵੱਲੋਂ ਗੱਲਬਾਤ ਲਈ ਭੇਜੇ ਉੱਪ-ਰਾਸ਼ਟਰਪਤੀ ਜੇ.ਡੀ. ਵੇਂਸ, ਰੀਅਲ ਅਸਟੇਟ ਕਾਰੋਬਾਰੀ ਸਟੀਵ ਵਿਟਕੌਫ ਅਤੇ ਟਰੰਪ ਦੇ ਜਵਾਈ ਜੈਰੇਡ ਕੁਸ਼ਨਰ ਦੀ ਨੇਤਨਯਾਹੂ ਨਾਲ ਨੇੜਤਾ ਅਤੇ ਕੂਟਨੀਤਕ ਯੋਗਤਾ ਨੂੰ ਲੈ ਤਾਂ ਪਹਿਲਾਂ ਹੀ ਸਵਾਲ ਉੱਠ ਰਹੇ ਸਨ। ਸ਼ਰਤਾਂ ਥੋਪਣ ਨੂੰ ਗੱਲਬਾਤ ਨਹੀਂ ਕਿਹਾ ਜਾ ਸਕਦਾ ਅਤੇ ਇਰਾਨੀ ਵਫ਼ਦ ਨੇ ਇਹ ਸ਼ਰਤਾਂ ਨਹੀਂ ਮੰਨੀਆਂ।

ਕਮਜ਼ੋਰ ਮੁਲਕਾਂ ਨੂੰ ਜੰਗੀ ਕਰੂਰਤਾਂ ਨਾਲ ਲਤਾੜਨਾ ਗਿੱਝੇ ਅਮਰੀਕੀ ਸਾਮਰਾਜੀਆਂ ਨੇ ਸੁਪਨੇ ’ਚ ਵੀ ਸੋਚਿਆ ਨਹੀਂ ਹੋਵੇਗਾ ਕਿ ਲੰਮੀ ਆਰਥਕ ਨਾਕਾਬੰਦੀ ਅਤੇ ਜੰਗ ਦੇ ਝੰਬੇ ਮੁਲਕ ਦਾ ਵਫ਼ਦ ਸਵੈਮਾਣ ਨਾਲ ਸਿਰ ਉੱਚਾ ਕਰਕੇ ਗੱਲਬਾਤ ਕਰਨ ਆਵੇਗਾ ਅਤੇ ਇਰਾਨ ਦਾ ਨਾਮੋਨਿਸ਼ਾਨ ਮਿਟਾ ਦੇਣ ਦੇ ਅਲਟੀਮੇਟਮ ਦੇਣ ਵਾਲਿਆਂ ਨੂੰ ਉਨ੍ਹਾਂ ਨਾਲ ਗੱਲਬਾਤ ਕਰਨੀ ਪਵੇਗੀ। ਇਰਾਨ ਨੂੰ ‘ਪੱਥਰ ਯੁਗ ਵਿਚ ਵਾਪਸ ਭੇਜਣ’ ਦੀਆਂ ਬੜਕਾਂ ਦਰਮਿਆਨ ਗੱਲਬਾਤ ਲਈ ਮਜਬੂਰ ਹੋਣਾ ਟਰੰਪ ਦੀ ਕਮਜ਼ੋਰ ਹਾਲਤ ਦੀ ਨਿਸ਼ਾਨੀ ਹੈ। ਪਾਕਿਸਤਾਨ ਦੀ ਕਥਿਤ ਵਿਚੋਲਗੀ ਨਾਲ ਗੱਲਬਾਤ ਲਈ ਇਸਲਾਮਾਬਾਦ ਜਾਣ ਸਮੇਂ ਇਰਾਨ ਦਾ ਵਫ਼ਦ ਜਹਾਜ਼ ਵਿਚ ਮ੍ਰਿਤਕ ਬੱਚੀਆਂ ਦੇ ਲਹੂ ਭਿੱਜੇ ਸਕੂਲ ਬੈਗ ਅਤੇ ਤਸਵੀਰਾਂ ਲੈ ਕੇ ਗਿਆ ਸੀ। ਅਤਿਅੰਤ ਦਰਦਨਾਕ ਮੰਜ਼ਰ ਦੀ ਜਹਾਜ਼ ਦੇ ਅੰਦਰੋਂ ਲਈ ਤਸਵੀਰ ਵਾਇਰਲ ਕਰਕੇ ਦੁਨੀਆ ਨੂੰ ਚੇਤੇ ਕਰਾਇਆ ਗਿਆ ਕਿ ਅਸੀਂ ਉਨ੍ਹਾਂ ਦੁਸ਼ਟ ਜੰਗਬਾਜ਼ਾਂ ਨਾਲ ਗੱਲਬਾਤ ਕਰਨ ਆਏ ਹਾਂ, ਜਿਨ੍ਹਾਂ ਨੇ ਯੁੱਧ ਦੇ ਪ੍ਰਵਾਨਤ ਅਸੂਲਾਂ ਦੀਆਂ ਧੱਜੀਆਂ ਉਡਾ ਕੇ ਸਾਡੇ ਨਾਗਰਿਕਾਂ ਦਾ ਕਤਲੇਆਮ ਕੀਤਾ ਹੈ। ਬੇਹੱਦ ਕਰੂਰਤਾ ਨਾਲ ਮਾਰ ਦਿੱਤੀਆਂ ਗਈਆਂ ਇਰਾਨ ਦੀਆਂ 168 ਧੀਆਂ ਲਈ ਨਿਆਂ ਦੀ ਮੰਗ ਨੂੰ ਚਿੰਨ੍ਹਾਤਮਕ ਰੂਪ ’ਚ ਉਠਾ ਕੇ ਇਰਾਨੀ ਵਫ਼ਦ ਨੇ ਜੰਗਬਾਜ਼ ਹਮਲਾਵਰ ਧਿਰ ਨੂੰ ਗੱਲਬਾਤ ਵਿਚ ਬੈਠਣ ਤੋਂ ਪਹਿਲਾਂ ਹੀ ਇਖ਼ਲਾਕੀ ਮਾਤ ਦੇ ਦਿੱਤੀ। ਇਰਾਨ ਨੇ ਅਮਰੀਕੀ ਵਫ਼ਦ ਦੀ ‘ਅੰਤਮ ਅਤੇ ਬਿਹਤਰੀਨ ਪੇਸ਼ਕਸ਼’ ਠੁਕਰਾ ਦਿੱਤੀ ਅਤੇ ਗੱਲਬਾਤ ਦੌਰਾਨ ਆਪਣੀ ਪੁਜੀਸ਼ਨ ’ਤੇ ਦ੍ਰਿੜ ਰਿਹਾ ਕਿ ਸ਼ਾਂਤੀ ਸਮਝੌਤਾ ਹੋਣ ਤੋਂ ਬਾਅਦ ਹੀ ਹੋਰਮੁਜ਼ ਖੋਲ੍ਹਿਆ ਜਾਵੇਗਾ।

ਅਮਰੀਕੀ ਸਾਮਰਾਜੀਆ ਉੱਪਰ ਆਪਣੇ ਮੁਲਕ ਦੇ ਅੰਦਰਲੇ ਅਤੇ ਬਾਹਰਲੇ ਦਬਾਅ ਸਪਸ਼ਟ ਹਨ। ਉਹ ਜੋ 42 ਦਿਨ ਦੀ ਧਾੜਵੀ ਜੰਗ ਰਾਹੀਂ ਹਾਸਲ ਨਹੀਂ ਕਰ ਸਕੇ ਉਹ ਕੂਟਨੀਤੀ ਰਾਹੀਂ ਹਾਸਲ ਕਰਨ ਆਏ ਸਨ। ਇਹ ਗੱਲਬਾਤ ਪਿਛਲੀ ਗੱਲਬਾਤ ਸਮੇਂ ਦੇ ਵਿਸਾਹਘਾਤ ਦੇ ਕੌੜੇ ਤਜਰਬੇ ਕਾਰਨ ਬਹੁਤ ਹੀ ਬੇਵਿਸ਼ਵਾਸੀ ਭਰੇ ਮਾਹੌਲ ਵਿਚ ਹੋ ਰਹੀ ਸੀ ਅਤੇ ਭਾਰੀ ਜ਼ੋਖਮ ਉਠਾ ਕੇ ਇਰਾਨ ਦੀ ਲੀਡਰਸ਼ਿਪ ਵੱਡੇ ਵਫ਼ਦ ਦੇ ਰੂਪ ’ਚ ਗੱਲਬਾਤ ਕਰਨ ਆਈ ਸੀ। ਲਾਜ਼ਮੀ ਤੌਰ ’ਤੇ ਉਹ ਆਪਣੇ ਖ਼ੁਫ਼ੀਆ ਤੇ ਫ਼ੌਜੀ ਵਸੀਲਿਆਂ ਦੀ ਜਾਸੂਸੀ ਕਰਨ



ਦੀ ਅਮਰੀਕੀ-ਇਜ਼ਰਾਇਲੀ ਚਾਲ ਤੋਂ ਵੀ ਚੁਕੰਨੇ ਹੋਣਗੇ। ਹੰਕਾਰੇ ਹੋਏ ਅਮਰੀਕੀ ਵਫ਼ਦ ਦੇ ਖਾਲੀ ਹੱਥ ਮੁੜਨ ਨੇ ਇਸ ਉੱਪਰ ਮੋਹਰ ਲਾ ਦਿੱਤੀ ਕਿ ਉਹ ਜੰਗ ਨੂੰ ਰੋਕਣ ਲਈ ਸਹਿਮਤੀ ਬਣਾਉਣ ਲਈ ਨਹੀਂ, ਦਰਅਸਲ ਟਰੰਪ ਤੇ ਨੇਤਨਯਾਹੂ ਦਾ ਫ਼ੈਸਲਾ ਮੰਨਵਾਉਣ ਲਈ ਆਏ ਸਨ। ਨੇਤਨਯਾਹੂ ਨੇ ਤਾਂ ਇਹ ਭੇਤ ਵੀ ਨਸ਼ਰ ਕਰ ਦਿੱਤਾ ਹੈ ਕਿ ਇਸਲਾਮਾਬਾਦ ਮੀਟਿੰਗ ਦੌਰਾਨ ਜੇ.ਡੀ. ਵੇਂਸ ਉਸਨੂੰ ’ਕੱਲੀ-’ਕੱਲੀ ਗੱਲ ਦੀ ਰਿਪੋਰਟਿੰਗ ਕਰ ਰਿਹਾ ਸੀ ਅਤੇ ਟਰੰਪ ਪ੍ਰਸ਼ਾਸਨ ਦੇ ਮੈਂਬਰ ਇਰਾਨ ਬਾਰੇ ਉਸ ਨੂੰ ਰੋਜ਼ਾਨਾ ਰਿਪੋਰਟ ਕਰਦੇ ਹਨ।

ਇਰਾਨ ਦੇ ਵਫ਼ਦ ਨੇ ਟਰੰਪ ਦੀਆਂ ਸ਼ਰਤਾਂ ਮੰਨਣ ਤੋਂ ਸਾਫ਼ ਇਨਕਾਰ ਕਰਕੇ ਇਹ ਦੱਸ ਦਿੱਤਾ ਕਿ ਉਹ ਧੌਂਸਬਾਜ਼ ਸ਼ਰਤਾਂ ਮੰਨਣ ਦੀ ਬਜਾਏ ਲੜ ਕੇ ਮਰਨ ਲਈ ਤਿਆਰ ਹਨ। ਚੱਲਦੀ ਗੱਲਬਾਤ ਦੌਰਾਨ ਟਰੰਪ ਝੂਠਾ ਪ੍ਰਚਾਰ ਕਰਕੇ ਇਹ ਸਾਬਤ ਕਰਨ ’ਚ ਜੁਟਿਆ ਰਿਹਾ ਕਿ ਅਸੀਂ ਇਰਾਨ ਨੂੰ ਪੂਰੀ ਤਰ੍ਹਾਂ ਹਰਾ ਦਿੱਤਾ ਹੈ, ਅਸੀਂ ਜੋ ਪ੍ਰਾਪਤ ਕਰਨਾ ਸੀ ਉਹ ਕਰ ਲਿਆ ਹੈ; ਉਹ ਚਾਹੇ ਸਮਝੌਤਾ ਕਰਨ ਜਾਂ ਨਾ ਕਰਨ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਗੱਲਬਾਤ ਬੇਸਿੱਟਾ ਰਹਿਣ ਤੋਂ ਬਾਅਦ ਟਰੰਪ ਦੀ ਬੌਖਲਾਹਟ ਮੂੰਹ ਚੜ੍ਹ ਬੋਲ ਰਹੀ ਹੈ ਅਤੇ ਉਸਨੇ ਆਪਣੀ ਆਦਤ ਅਨੁਸਾਰ ਆਪਣੇ ‘ਟਰੁੱਥ ਸੋਸ਼ਲ’ ਉੱਪਰ ਇਰਾਨ ਨੂੰ ਤਬਾਹ ਕਰ ਦੇਣ ਦੀ ਜ਼ਹਿਰ ਮੁੜ ਉਗਲਣੀ ਸ਼ੁਰੂ ਕਰ ਦਿੱਤੀ ਹੈ। ਜਦਕਿ, ਅਮਰੀਕਾ-ਇਜ਼ਰਾਇਲ ਨੇ ਇਰਾਨ ਦੇ ਰਿਹਾਇਸ਼ੀ ਇਲਾਕਿਆਂ, ਹਸਪਤਾਲਾਂ, ਪਾਵਰ ਪਲਾਂਟਾਂ, ਜਲ-ਸੋਧਕ ਪਲਾਂਟਾਂ, ਫਰਮਾਸਿਊਟੀਕਲ ਫੈਕਟਰੀਆਂ, ਯੂਨੀਵਰਸਿਟੀਆਂ, ਸਕੂਲਾਂ, ਪੁਲਾਂ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਤਬਾਹ ਕਰਨ ਪੱਖੋਂ ਪਹਿਲਾਂ ਹੀ ਕੋਈ ਕਸਰ ਨਹੀਂ ਛੱਡੀ ਹੈ।

ਕਿਸੇ ਵੀ ਕਾਇਦੇ-ਕਾਨੂੰਨ ਨੂੰ ਨਾ ਮੰਨਣ ਵਾਲੇ ਟਰੰਪ ਨੇ ਆਪਣੀ ਲੰਮੀ ਪੋਸਟ ਵਿਚ ਇਰਾਨ ਉੱਪਰ ‘ਕਿਤਾਬ ਵਿਚ ਲਿਖੇ ਹਰ ਕਾਨੂੰਨ’ ਦੀ ‘ਉਲੰਘਣਾ’ ਕਰਨ ਦਾ ਦੋਸ਼ ਲਾਇਆ ਹੈ। ਉਸਨੇ ਜੋ ਲਿਖਿਆ ਉਸਦਾ ਨਿਚੋੜ ਇਹ ਹੈ: ਇਰਾਨੀ ਹੁਕਮਰਾਨ ਹੋਰਮੁਜ਼ ਸਮੁੰਦਰੀ ਮਾਰਗ ਖੋਲ੍ਹਣ ਦੇ ਆਪਣੇ ਵਾਅਦੇ ਨੂੰ ‘ਜਾਣ-ਬੁੱਝ ਕੇ ਪੂਰਾ ਕਰਨ ਵਿਚ ਅਸਫ਼ਲ ਰਹੇ ਹਨ’ ਜਿਸ ਨਾਲ ਦੁਨੀਆ ਭਰ ਦੇ ਬਹੁਤ ਸਾਰੇ ਮੁਲਕਾਂ ਨੂੰ ‘ਚਿੰਤਾ’ ਅਤੇ ‘ਦੁੱਖ’ ਹੋਇਆ ਹੈ। ਇਰਾਨ ਆਪਣੀਆਂ ਪ੍ਰਮਾਣੂ ਅਭਿਲਾਸ਼ਾਵਾਂ ਛੱਡਣ ਲਈ ਤਿਆਰ ਨਹੀਂ ਹੈ! ਸਹਿਮਤੀ ਦੇ ਨੁਕਤੇ ਤਾਂ ਹਨ, ਪਰ ਐਨੇ ‘ਅਸਥਿਰ, ਜ਼ਿੱਦੀ ਅਤੇ ਸਮਝ ਨਾ ਆਉਣ ਵਾਲੇ ਲੋਕਾਂ’ ਦੇ ਹੱਥਾਂ ਵਿਚ ਪ੍ਰਮਾਣੂ ਸ਼ਕਤੀ ਦੇਣ ਦੀ ਇਜਾਜ਼ਤ ਦੇਣ ਦੇ ਮੁਕਾਬਲੇ ਇਹ ਸਹਿਮਤੀ ਦੇ ਨੁਕਤੇ ਮਾਇਨੇ ਨਹੀਂ ਰੱਖਦੇ। ਹੁਣ ਸਾਡੀ ਸਮੁੰਦਰੀ ਫ਼ੌਜ ਤੁਰੰਤ ਹੋਰਮੁਜ਼ ਦੀ ਨਾਕਾਬੰਦੀ ਸ਼ੁਰੂ ਕਰ ਦੇਵੇਗੀ ਅਤੇ ਇਰਾਨ ਨੂੰ ਟੌਲ ਦੇਣ ਵਾਲੇ ਹਰ ਜਹਾਜ਼ ਨੂੰ ਰੋਕੇਗੀ। ਕਿਸੇ ਵੀ ਗ਼ੈਰ-ਕਾਨੂੰਨੀ ਟੌਲ ਦੇਣ ਵਾਲੇ ਨੂੰ ਸੁਰੱਖਿਅਤ ਲਾਂਘਾ ਨਹੀਂ ਮਿਲੇਗਾ। ਇਰਾਨ ਇਸ ਗ਼ੈਰਕਾਨੂੰਨੀ ਕੰਮ ’ਚੋਂ ਪੈਸਾ ਬਣਾਉਣਾ ਚਾਹੁੰਦਾ ਹੈ ਅਤੇ ਯੂਰੇਨੀਅਮ ਤੋਂ ਪ੍ਰਮਾਣੂ ਹਥਿਆਰ ਬਣਾਉਣ ਦਾ ਅਭਿਲਾਸ਼ੀ ਹੈ ਅਤੇ ਅਸੀਂ ਉਸ ਨੂੰ ਅਜਿਹਾ ਨਹੀਂ ਕਰਨ ਦਿਆਂਗੇ। (ਮੁੱਖ ਵਾਰਤਾਕਾਰ ਸਟੀਵ ਵਿਟਕੌਫ ਤਾਂ ਇਹ ਵੀ ਕਹਿੰਦਾ ਰਿਹਾ ਹੈ ਕਿ ਇਰਾਨ ‘ਬੰਬ ਬਣਾਉਣ ਵਾਲੀ ਉਦਯੋਗਿਕ-ਗ੍ਰੇਡ ਸਮੱਗਰੀ ਤੋਂ ਸ਼ਾਇਦ ਇੱਕ ਹਫ਼ਤਾ ਦੂਰ ਹੀ ਹੈ’)।

ਜੰਗਬੰਦੀ ਤੋਂ ਪਹਿਲਾਂ ਹੀ ਇਰਾਨ ਨੇ ਦਸ-ਨੁਕਾਤੀ ਸ਼ਾਂਤੀ ਯੋਜਨਾ ਪੇਸ਼ ਕਰਕੇ ਯੂਰੇਨੀਅਮ ਦੇ ਮੁੱਦੇ ਉੱਪਰ ਆਪਣਾ ਰੁਖ ਸਪਸ਼ਟ ਕਰ ਦਿੱਤਾ ਸੀ। ਟਰੰਪ ਤੇ ਨੇਤਨਯਾਹੂ ਉਹ ਦੁਸ਼ਟ ਹਨ, ਜਿਨ੍ਹਾਂ ਨੇ ਫਰਵਰੀ ’ਚ ਚੱਲ ਰਹੀ ਗੱਲਬਾਤ ਦੌਰਾਨ ਹੀ ਇਰਾਨ ਉੱਪਰ ਬਿਨਾਂ ਕਿਸੇ ਭੜਕਾਹਟ ਦੇ ਹਮਲਾ ਕਰਕੇ ਉਨ੍ਹਾਂ ਦੀ ਲੀਡਰਸ਼ਿਪ ਨੂੰ ਮਾਰ ਦਿੱਤਾ ਸੀ। ਅਮਰੀਕੀ ਹੁਕਮਰਾਨ ਜਮਾਤ ਦੇ ਵਿਸਾਹਘਾਤ ਅਤੇ ਮਕਾਰੀ ਦੇ ਇਤਿਹਾਸ ਦੇ ਮੱਦੇਨਜ਼ਰ ਟਰੰਪ ਦੇ ਉਪਰੋਕਤ ਮਹਾਂ-ਝੂਠ ਦੇ ਪਿੱਛੇ ਕੰਮ ਕਰਦੀ ਬਦਨੀਅਤ ਨੂੰ ਸਮਝਣਾ ਮੁਸ਼ਕਲ ਨਹੀਂ ਹੈ। ਅਮਰੀਕੀ ਸਾਮਰਾਜੀਏ ਇਰਾਨ ਨੂੰ ‘ਮੁੜ ਪੱਥਰ ਯੁਗ ਵਿਚ ਪਹੁੰਚਾ ਦੇਣ’ ਦੀ ਧਮਕੀ ਦੇ ਕੇ ਉਨ੍ਹਾਂ ਦਾ ਚਾਰ ਕਵਿੰਟਲ ਸੋਧਿਆ ਹੋਇਆ ਯੂਰੇਨੀਅਮ ਹਥਿਆਉਣਾ ਅਤੇ ਸ਼ਾਂਤਮਈ ਮੰਤਵਾਂ ਲਈ ਪ੍ਰਮਾਣੂ ਖੋਜ ਦੇ ਹੱਕ ਤੋਂ ਵਾਂਝੇ ਕਰਨਾ ਚਾਹੁੰਦੇ ਹਨ। ਇਰਾਨ ਯੂਰੇਨੀਅਮ ਦੀ ਸ਼ਾਂਤਮਈ ਵਰਤੋਂ ਦਾ ਆਪਣਾ ਖ਼ੁਦਮੁਖਤਿਆਰ ਹੱਕ ਉਨ੍ਹਾਂ ਦੇ ਹਵਾਲੇ ਕਰਨ ਤੋਂ ਇਨਕਾਰੀ ਹੈ। ਇਹ ਹਕੀਕਤ ਸਭ ਨੂੰ ਪਤਾ ਹੈ ਕਿ ਇਰਾਨ ਪ੍ਰਮਾਣੂ ਅਪ੍ਰਸਾਰ ਸੰਧੀ ਦਾ ਹਿੱਸਾ ਹੈ ਅਤੇ ਉਸਦਾ ਪ੍ਰਮਾਣੂ ਹਥਿਆਰ ਬਣਾਉਣ ਦਾ ਕੋਈ ਪ੍ਰੋਗਰਾਮ ਨਹੀਂ ਹੈ। ਮਾਹਰਾਂ ਦਾ ਕਹਿਣਾ ਹੈ ਕਿ ਜੇਕਰ ਇਰਾਨ ਕੋਲ ਪ੍ਰਮਾਣੂ ਹਥਿਆਰ ਹੋਣ, ਫਿਰ ਵੀ ਉਹ ਅਮਰੀਕਾ ਲਈ ਖ਼ਤਰਾ ਨਹੀਂ ਬਣਦਾ। ਇਸਦੇ ਬਾਵਜੂਦ ਉਸ ਉੱਪਰ ਅਮਰੀਕਾ ਨੇ ਆਰਥਕ ਪਾਬੰਦੀਆਂ ਲਗਾ ਰੱਖੀਆਂ ਹਨ ਕਿਉਂਕਿ ਪ੍ਰਮਾਣੂ ਖ਼ਤਰੇ ਦੇ ਬਹਾਨੇ ਅਮਰੀਕੀ ਸਾਮਰਾਜੀਆਂ ਦੇ ਗੁਪਤ ਏਜੰਡੇ ਹੋਰ ਹਨ ਅਤੇ ਪ੍ਰਮਾਣੂ ਹਥਿਆਰਾਂ ਬਾਰੇ ਉਨ੍ਹਾਂ ਦੇ ਦੋਹਰੇ ਮਿਆਰ ਵੀ ਜੱਗ ਜ਼ਾਹਰ ਹਨ। ਇਜ਼ਰਾਇਲ ਇਸ ਖਿੱਤੇ ਦਾ ਇੱਕੋ-ਇਕ ਸਟੇਟ ਹੈ ਜੋ ਪ੍ਰਮਾਣੂ ਅਪ੍ਰਸਾਰ ਸੰਧੀ ਦਾ ਹਿੱਸਾ ਨਹੀਂ ਹੈ। ਅਮਰੀਕਾ ਸਮੇਤ ਪੱਛਮੀ ਸਾਮਰਾਜੀਆਂ ਨੇ ਇਜ਼ਰਾਇਲ ਨੂੰ ਆਪਣੇ ਹਿਤ ਲਈ ਧੜਵੈਲ ਜੰਗੀ ਤੇ ਪ੍ਰਮਾਣੂ ਤਾਕਤ ਵਜੋਂ ਪਾਲਿਆ ਹੋਇਆ ਹੈ।

ਇਰਾਨ ਸ਼ੁਰੂ ਤੋਂ ਹੀ ਯੂਰੇਨੀਅਮ ਦੇ ਮਸਲੇ ਨੂੰ ਹੱਲ ਕਰਨ ਦੀ ਗੰਭੀਰਤਾ ਦਿਖਾਉਂਦਾ ਰਿਹਾ ਹੈ। ਸਚਾਈ ਇਹ ਹੈ ਕਿ ਯੂਰੇਨੀਅਮ ਨੂੰ 90% ਸੋਧ ਕੇ ਹੀ ਪ੍ਰਮਾਣੂ ਹਥਿਆਰ ਬਣਾਉਣ ਲਈ ਵਰਤਿਆ ਜਾ ਸਕਦਾ ਹੈ। ਜੈਨੇਵਾ ਵਿਚ ਗੱਲਬਾਤ ਸਮੇਂ ਇਰਾਨ ਸਰਕਾਰ ਨੇ ਸਪਸ਼ਟ ਕਿਹਾ ਸੀ ਕਿ ਉਹ ਯੂਰੇਨੀਅਮ ਸੋਧਣ ਦੇ ਆਪਣੇ ਮਿਆਰ ਨੂੰ 60% ਤੋਂ 20% ’ਤੇ ਲਿਆਉਣ ਲਈ ਤਿਆਰ ਹੈ। ਅੜਿੱਕਾ ਇਹ ਹੈ ਕਿ ਅਮਰੀਕੀ-ਇਜ਼ਰਾਇਲੀ ਜੰਗਬਾਜ਼ ਨਹੀਂ ਚਾਹੁੰਦੇ ਕਿ ਉਨ੍ਹਾਂ ਤੋਂ ਆਕੀ ਇਰਾਨ ਕੋਲ ਯੂਰੇਨੀਅਮ ਰੱਖਣ ਦਾ ਹੱਕ ਹੋਵੇ। ਜੇਕਰ ਅਮਰੀਕੀ ਤੇ ਹੋਰ ਸਾਮਰਾਜੀਏ ਐਨੀ ਹੀ ਅਮਨ-ਪ੍ਰੇਮੀ ਹਨ ਤਾਂ ਉਹ ਆਪਣੇ ਪ੍ਰਮਾਣੂ ਹਥਿਆਰਾਂ ਦੇ ਅੰਬਾਰ ਖ਼ਤਮ ਕਿਉਂ ਨਹੀਂ ਕਰ ਦਿੰਦੇ? ਜੇਕਰ ਉਨ੍ਹਾਂ ਦੇ ਪ੍ਰਮਾਣੂ ਹਥਿਆਰ ਜਾਇਜ਼ ਹਨ ਤਾਂ ਹੋਰ ਮੁਲਕਾਂ ਨੂੰ ਵੀ ਪ੍ਰਮਾਣੂ ਸਮਰੱਥਾ ਵਿਕਸਤ ਕਰਨ ਦਾ ਹੱਕ ਹੈ। ਪੁਆੜੇ ਦੀ ਜੜ੍ਹ ਅਮਰੀਕਾ ਦੀ ਪ੍ਰਮਾਣੂ ਅਜਾਰੇਦਾਰੀ ਹੈ।

ਜੂਨ 2025 ਦੇ ਅਮਰੀਕੀ-ਇਜ਼ਰਾਈਲੀ ਹਮਲੇ ਤੋਂ ਬਾਅਦ, ਹੁਣ ਤਾਂ ਇਰਾਨ ਦਾ ਨਾਗਰਿਕ ਪ੍ਰਮਾਣੂ ਊਰਜਾ ਪ੍ਰੋਗਰਾਮ ਵੀ ਬੁਰੀ ਤਰ੍ਹਾਂ ਤਹਿਸ-ਨਹਿਸ ਹੋ ਚੁੱਕਾ ਹੈ। ਫਿਰ ਵੀ, ਪ੍ਰਮਾਣੂ ਊਰਜਾ ਪ੍ਰੋਗਰਾਮ ਦੇ ਬਹਾਨੇ ਅਮਰੀਕਾ ਨੇ ਇਰਾਨ ਦੀ ਆਰਥਿਕਤਾ ਨੂੰ ਸੱਟ ਮਾਰਨ ਲਈ ਮਨਮਾਨੀਆਂ ਪਾਬੰਦੀਆਂ ਬਰਕਰਾਰ ਰੱਖੀਆਂ ਹੋਈਆਂ ਹਨ। ਉਸਦੇ ਕੌਮਾਂਤਰੀ ਅਸਾਸੇ ਜਾਮ ਕੀਤੇ ਹੋਏ ਹਨ। ਵਪਾਰਕ ਸੰਕਟ ਕਾਰਨ ਇਰਾਨ ਦੀਆਂ ਵਿਕਾਸ ਯੋਜਨਾਵਾਂ ਪੂਰੀ ਤਰ੍ਹਾਂ ਠੱਪ ਹਨ। ਪਾਬੰਦੀਆਂ ਹਟਣ ਤੋਂ ਬਾਅਦ ਹੀ ਇਰਾਨ ਦਾ ਹੋਰ ਮੁਲਕਾਂ ਨਾਲ ਆਰਥਕ ਲੈਣ-ਦੇਣ ਸਹਿਜ ਹੋ ਸਕੇਗਾ। ਆਰਥਕ ਪਾਬੰਦੀਆਂ ਸਾਮਰਾਜੀ ਦਬਦਬੇ ਦਾ ਹੀ ਇਕ ਰੂਪ ਹੈ ਅਤੇ ਇਨ੍ਹਾਂ ਪਾਬੰਦੀਆਂ ਦੇ ਸਿਹਤ ਖੇਤਰ ਅਤੇ ਆਰਥਿਕਤਾ ਦੇ ਸਾਰੇ ਖੇਤਰਾਂ ਉੱਪਰ ਤਬਾਹਕੁਨ ਅਸਰਾਂ ਕਾਰਨ ਇਰਾਨ ਨੇ ਬੇਥਾਹ ਨੁਕਸਾਨ ਝੱਲਿਆ ਹੈ। ਇਸੇ ਲਈ ਇਰਾਨ ਜ਼ੋਰਦਾਰ ਮੰਗ ਕਰ ਰਿਹਾ ਹੈ ਕਿ ਬਦੇਸ਼ਾਂ ਵਿਚ ਜਾਮ ਕੀਤੇ (ਡਕੈਤਾਂ ਵਾਂਗ ਹਥਿਆਏ) ਉਨ੍ਹਾਂ ਦੇ 27 ਅਰਬ ਡਾਲਰ ਅਸਾਸੇ ਰਿਲੀਜ਼ ਕੀਤੇ ਜਾਣ ਤਾਂ ਜੋ ਉਹ ਤਬਾਹ ਹੋਏ ਬੁਨਿਆਦੀ ਢਾਂਚੇ ਦੀ ਮੁੜ ਉਸਾਰੀ ਕਰ ਸਕੇ।

ਜਦੋਂ ਇਰਾਨ ਦਾ ਪ੍ਰਮਾਣੂ ਹਥਿਆਰਾਂ ਦਾ ਪ੍ਰੋਗਰਾਮ ਹੀ ਨਹੀਂ ਹੈ ਤਾਂ ਪਾਬੰਦੀਆਂ ਦੀ ਕੋਈ ਵਾਜਬੀਅਤ ਹੀ ਨਹੀਂ ਹੈ। ਇਹ ਮੰਗ ਪੂਰੀ ਦੁਨੀਆ ਦੇ ਨਿਆਂਪਸੰਦਾਂ ਨੂੰ ਕਰਨੀ ਚਾਹੀਦੀ ਹੈ ਕਿ ਅੰਤਰਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ (ਆਈ.ਏ.ਈ.ਏ.) ਨੇ ਅਮਰੀਕਾ ਦੇ ਦਬਾਅ ਹੇਠ ਇਰਾਨ ਵਿਰੁੱਧ ਜੋ ਮਤੇ ਪਾਸ ਕੀਤੇ ਹੋਏ ਹਨ ਉਨ੍ਹਾਂ ਦਾ ਪੁਨਰ-ਮੁਲੰਕਣ ਕਰੇ। ਇਰਾਨ ਨੂੰ ਆਪਣੀਆਂ ਊਰਜਾ ਅਤੇ ਮੈਡੀਕਲ ਲੋੜਾਂ ਲਈ ਯੂਰੇਨੀਅਮ ਨੂੰ ਸੋਧਣ ਦਾ ਹੱਕ ਹੈ ਅਤੇ ਆਈ.ਏ.ਈ.ਏ. ਨੂੰ ਉਸ ਦੇ ਹੱਕ ਦੀ ਪੁਸ਼ਟੀ ਕਰਨੀ ਚਾਹੀਦੀ ਹੈ। ਇਸ ਲਈ ਇਰਾਨ ਦੀ ਇਹ ਮੰਗ ਵਾਜਬ ਹੈ ਕਿ ਉਨ੍ਹਾਂ ਦੇ ਯੂਰੇਨੀਅਮ ਸੋਧ ਦੇ ਹੱਕ ਨੂੰ ਮਾਨਤਾ ਦਿੱਤੀ ਜਾਵੇ, ਸਾਰੀਆਂ ਮੂਲ ਅਤੇ ਦੋਇਮ ਦਰਜੇ ਦੀਆਂ ਪਾਬੰਦੀਆਂ ਹਟਾਈਆਂ ਜਾਣ, ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਸਾਰੇ ਮਤੇ ਰੱਦ ਕੀਤੇ ਜਾਣ, ਅਤੇ ਆਈ.ਏ.ਈ.ਏ. ਬੋਰਡ ਆਫ਼ ਗਵਰਨਰਜ਼ ਦੇ ਸਾਰੇ ਮਤੇ ਰੱਦ ਕੀਤੇ ਜਾਣ।

ਇਰਾਨ ਦੀ ਸ਼ਾਂਤੀ ਤਜਵੀਜ਼ ਅਸਥਾਈ ਰੋਕ ਤੋਂ ਕਾਫ਼ੀ ਅੱਗੇ ਦੀ ਗੱਲ ਕਰਦੀ ਹੈ। ਇਰਾਨ ਦੀ ਯੋਜਨਾ ਅਸਲ ਵਿਚ ਪੱਛਮੀ ਏਸ਼ੀਆ ਵਿਚ ਮੁਕੰਮਲ ਸ਼ਾਂਤੀ ਪੱਖੋਂ ਮਹੱਤਵਪੂਰਨ ਹੈ ਕਿਉਂਕਿ ਇਹ ਅਗਲੀ ਜੰਗ ਨੂੰ ਟਾਲਣ ਤੋਂ ਅੱਗੇ ਵਧ ਕੇ ਸਥਾਈ ਸ਼ਾਂਤੀ ਦੀ ਨੀਂਹ ਰੱਖਣਾ ਚਾਹੁੰਦੀ ਹੈ। ਪਹਿਲਾਂ ਤਾਂ ਟਰੰਪ ਨੇ ਇਸਨੂੰ ‘ਗੱਲਬਾਤ ਲਈ ਵਿਹਾਰਕ ਆਧਾਰ’ ਕਿਹਾ, ਫਿਰ ਕੁਝ ਘੰਟਿਆਂ ’ਚ ਹੀ ਇਸਨੂੰ ‘ਕੂੜੇਦਾਨ ਵਿਚ ਸੁੱਟਣਯੋਗ’ ਕਹਿ ਦਿੱਤਾ।

ਇਰਾਨ ਦੀ ਮੰਗ ਹੈ ਕਿ ਅਮਰੀਕਾ ਅਸੂਲੀ ਤੌਰ ‘ਤੇ ਹਮਲਾ ਨਾ ਕਰਨ ਦਾ ਵਚਨ ਦੇਵੇ, ਪੂਰੇ ਪੱਛਮੀ ਏਸ਼ੀਆ ਤੋਂ ਆਪਣੀ ਫ਼ੌਜ ਹਟਾਵੇ ਅਤੇ ਲਿਬਨਾਨ ਸਮੇਤ ਸਾਰੇ ਮੁਹਾਜ਼ਾਂ ‘ਤੇ ਜੰਗ ਬੰਦ ਕਰੇ। ਪੱਛਮੀ ਏਸ਼ੀਆ ਵਿਚ ਅਮਰੀਕਾ ਦੇ ਘੱਟੋ-ਘੱਟ ਵੀਹ ਫ਼ੌਜੀ ਅੱਡੇ ਹਨ। ਇਰਾਨ ਵਿਚ ਤਖ਼ਤਾ ਪਲਟ (1953), ਲਿਬਨਾਨ ਵਿਚ ਦਖ਼ਲਅੰਦਾਜ਼ੀ (1958), ਇਰਾਕ ਵਿਰੁੱਧ ਪੂਰੀ ਤਰ੍ਹਾਂ ਨਹੱਕ ਜੰਗ (2003), ਅਤੇ ਇਰਾਨ ਵਿਰੁੱਧ ਜੰਗ (2025-26), ਅਮਰੀਕੀ ਜੰਗਬਾਜ਼ੀ ਦੇ ਕਾਲੇ ਇਤਿਹਾਸ ਦੀਆਂ ਮੁੱਖ ਮਿਸਾਲਾਂ ਹਨ। ਫ਼ਲਸਤੀਨ ‘ਤੇ ਇਜ਼ਰਾਇਲੀ ਕਬਜ਼ੇ ਅਤੇ ਲਿਬਨਾਨ ਉੱਪਰ ਇਜ਼ਰਾਇਲ ਵੱਲੋਂ 1978 ਤੋਂ ਲੈ ਕੇ ਥੋਪੀ ਜੰਗ ਪਿੱਛੇ ਵੀ ਅਮਰੀਕਾ ਦਾ ਹੱਥ ਕਿਸੇ ਤੋਂ ਗੁੱਝਾ ਨਹੀਂ ਹੈ। ਅਮਰੀਕਾ ਵੱਲੋਂ ਦਹਾਕਿਆਂ ਤੋਂ ਪੱਛਮੀ ਏਸ਼ੀਆ ਵਿਚ ਅਖ਼ਤਿਆਰ ਕੀਤੀ ਹਮਲਾਵਰ ਨੀਤੀ ਦੇ ਮੱਦੇਨਜ਼ਰ ਇਰਾਨ ਦੀ ਚਿੰਤਾ ਤੇ ਮੰਗ ਪੂਰੀ ਤਰ੍ਹਾਂ ਜਾਇਜ਼ ਹੈ। ਪਾਕਿਸਤਾਨ ਨੇ ਪੁਸ਼ਟੀ ਕੀਤੀ ਹੈ ਕਿ ਜੰਗਬੰਦੀ ਵਿਚ ਲਿਬਨਾਨ ਸ਼ਾਮਲ ਸੀ ਪਰ ਟਰੰਪ ਨੇ ਨੇਤਨਯਾਹੂ ਨੂੰ ਲਿਬਨਾਨ ਵਿਚ ਤਬਾਹੀ ਮਚਾਉਣ ਦੀ ਖੁੱਲ੍ਹ ਦਿੱਤੀ ਹੋਈ ਹੈ। ਜੇਕਰ ਖਾੜੀ ਮੁਲਕ ਅਮਰੀਕਾ ਦੇ ਪਿੱਠੂ ਬਣਨਾ ਬੰਦ ਕਰਨ ਅਤੇ ਸੰਯੁਕਤ ਰਾਸ਼ਟਰ ਇਰਾਨ ਵਿਰੁੱਧ ਹਮਲਾ ਨਾ ਹੋਣ ਦੀ ਜ਼ਾਮਨੀ ਦੇਵੇ ਤਾਂ ਖਿੱਤੇ ਵਿਚ ਸੰਯੁਕਤ ਰਾਸ਼ਟਰ ਅਤੇ ਖਾੜੀ ਸਹਿਯੋਗ ਪਰਿਸ਼ਦ (ਜੀ.ਸੀ.ਸੀ.) ਰਾਹੀਂ ਮੁਕੰਮਲ ਜੰਗਬੰਦੀ ਕਰਕੇ ਸਥਾਈ ਸ਼ਾਂਤੀ ਦਾ ਰਾਹ ਪੱਧਰਾ ਕੀਤਾ ਜਾ ਸਕਦਾ ਹੈ। ਅਮਰੀਕਾ ਦੇ ਨੇੜਲੇ ਸਹਿਯੋਗੀ ਸਾਊਦੀ ਅਰਬ ਨੇ 2003 ’ਚ ਹੀ ਆਪਣੀ ਸਰਜ਼ਮੀਨ ਤੋਂ ਆਖ਼ਰੀ ਅਮਰੀਕੀ ਅੱਡਾ ਹਟਾ ਦਿੱਤਾ ਸੀ। ਸਾਊਦੀ ਸਰਕਾਰ ਨੇ ਇਰਾਨ ਦੇ ਨਾਲ ਸ਼ਾਂਤੀ ਦੀ ਇੱਛਾ ਦਿਖਾਈ ਹੈ। ਜੂਨ 2025 ਵਿਚ ਵੀ ਸਾਊਦੀ ਅਰਬ ਨੇ ਇਰਾਨ ‘ਤੇ ਅਮਰੀਕਾ-ਇਜ਼ਰਾਈਲ ਦੀ ਬੰਬਾਰੀ ਦੀ ਨਿੰਦਾ ਕੀਤੀ ਸੀ ਅਤੇ ਇਹ ਵੀ ਕਿਹਾ ਹੈ ਕਿ ਉਸਨੇ ਅਮਰੀਕਾ ਨੂੰ ਆਪਣੇ ਹਵਾਈ ਖੇਤਰ ਦੀ ਵਰਤੋਂ ਦੀ ਇਜਾਜ਼ਤ ਨਹੀਂ ਦਿੱਤੀ। ਹੁਣ ਉਨ੍ਹਾਂ ਦਾ ਪਾਕਿਸਤਾਨ ਤੋਂ ਫ਼ੌਜੀ ਮੱਦਦ ਲੈਣਾ ਅਮਰੀਕਾ ਉੱਪਰ ਸੁਰੱਖਿਆ ਨਿਰਭਰਤਾ ਘਟਾਉਣ ਦਾ ਸੰਕੇਤ ਹੈ। ਜੇਕਰ ਖਾੜੀ ਦਾ ਸਭ ਤੋਂ ਮਹੱਤਵਪੂਰਨ ਰਾਜ ਆਪਣੀ ਇਸ ਪੁਜੀਸ਼ਨ ’ਤੇ ਕਾਇਮ ਰਹੇ, ਜੇਕਰ ਜੀ.ਸੀ.ਸੀ. ਬਦੇਸ਼ੀ ਫ਼ੌਜੀ ਅੱਡਿਆਂ ਨੂੰ ਹਟਾਉਣ ਦਾ ਮਤਾ ਪਾਸ ਕਰੇ ਅਤੇ ਇਜ਼ਰਾਈਲੀ ਫ਼ੌਜ ਨੂੰ ਸੁਰੱਖਿਅਤ ਹੱਦ ਤੱਕ ਪਿੱਛੇ ਹਟਾਉਣ ਲਈ ਦਬਾਅ ਪਾਵੇ ਤਾਂ ਇਸ ਖਿੱਤੇ ਵਿਚ ਸਥਾਈ ਸ਼ਾਂਤੀ ਸੰਭਵ ਹੈ।

ਇਰਾਨ ਨੇ ਅਮਰੀਕੀ-ਇਜ਼ਰਾਇਲੀ ਹਮਲਿਆਂ ਦੁਆਰਾ ਇਰਾਨ ਦੇ ਕੀਤੇ ਗਏ ਨੁਕਸਾਨ ਦੇ ਮੁਆਵਜ਼ੇ ਦੀ ਮੰਗ ਕੀਤੀ ਹੈ। ਇਰਾਕ ਨੂੰ 1990 ’ਚ ਕੁਵੈਤ ਉੱਪਰ ਕੀਤੇ ਹਮਲੇ ਬਦਲੇ ਮੁਆਵਜ਼ਾ ਦੇਣਾ ਪਿਆ ਸੀ। ਉਸ ਹਮਲੇ ਤੋਂ ਬਾਅਦ ਸੰਯੁਕਤ ਰਾਸ਼ਟਰ ਨੇ ਯੂ.ਐੱਨ. ਮੁਆਵਜ਼ਾ ਕਮਿਸ਼ਨ ਬਣਾਇਆ ਜਿਸਨੇ 52.4 ਅਰਬ ਡਾਲਰ ਨੁਕਸਾਨ ਦੇ ਦਾਅਵਿਆਂ ਦੀ ਨਜ਼ਰਸਾਨੀ ਕੀਤੀ। ਇਸ ਮੁਤਾਬਿਕ ਇਰਾਨ ਦਾ ਇਹ ਮੰਗ ਕਰਨਾ ਬਿਲਕੁਲ ਵਾਜਬ ਹੈ ਕਿ ਅਮਰੀਕਾ ਇਰਾਨ ਦਾ ਨੁਕਸਾਨ ਪੂਰਾ ਕਰੇ ਜੋ ਇਰਾਕ ਅਤੇ ਇਰਾਨ ਵਿਰੁੱਧ ਦੋ ਨਜਾਇਜ਼ ਜੰਗਾਂ ਥੋਪਣ ਦਾ ਮੁਜਰਿਮ ਹੈ। ਕੁਵੈਤ ਦੀ ਮਿਸਾਲ ਇਰਾਨ ਲਈ ਵੀ ਯੂ.ਐੱਨ. ਕਮਿਸ਼ਨ ਬਣਾਉਣ ਦਾ ਆਧਾਰ ਬਣ ਸਕਦੀ ਹੈ, ਇਹ ਵੱਖਰੀ ਗੱਲ ਹੈ ਕਿ ਅਮਰੀਕਾ ਸੁਰੱਖਿਆ ਪਰਿਸ਼ਦ ਵਿਚ ਅਜਿਹੇ ਕਿਸੇ ਵੀ ਮਤੇ ਨੂੰ ਵੀਟੋ ਤਾਕਤ ਨਾਲ ਰੋਕੇਗਾ।

ਇਰਾਨ ਦਾ ਹੋਰਮੁਜ਼ ਸਮੁੰਦਰੀ ਮਾਰਗ ਉੱਪਰ ਆਪਣਾ ਮੌਜੂਦਾ ਕੰਟਰੋਲ ਬਰਕਰਾਰ ਰੱਖਣ ਅਤੇ ਆਪਣੇ ਸਮੁੰਦਰੀ ਖੇਤਰ ਵਿਚੋਂ ਲੰਘਣ ਵਾਲੇ ਤੇਲ ਟੈਂਕਰਾਂ ਤੋਂ ਟੌਲ ਲੈਣ ਲਈ ਅੜਨਾ ਵੀ ਗ਼ੌਰਤਲਬ ਹੈ। ਸਮੁੰਦਰਾਂ ਦੇ ਕਾਨੂੰਨ ਸੰਬੰਧੀ ਸੰਯੁਕਤ ਰਾਸ਼ਟਰ ਸੰਧੀ (1982) ਦਾ ਇਕ ਨਿਯਮ ਇਹ ਇਜਾਜ਼ਤ ਦਿੰਦਾ ਹੈ ਕਿ ਜੇਕਰ ਉਨ੍ਹਾਂ ਵਿਚੋਂ ਲੰਘਣ ਲਈ ਜ਼ਰੂਰਤ ਹੋਵੇ ਤਾਂ ਮੁਲਕਾਂ ਦੇ ਅਖਤਿਆਰ ਹੇਠ ਆਉਂਦੇ ਪਾਣੀਆਂ ਨੂੰ ਖੁੱਲ੍ਹੇ ਸਮੁੰਦਰ ਵਾਂਗ ਮੰਨਿਆ ਜਾ ਸਕਦਾ ਹੈ। ਹਾਲਾਂਕਿ ਅਮਰੀਕਾ ਨੇ ਇਸ ਸੰਧੀ ਦੀ ਪੁਸ਼ਟੀ ਨਹੀਂ ਕੀਤੀ ਹੈ, ਅਤੇ ਇਰਾਨ ਨੇ ਹਮੇਸ਼ਾ ਇਸ ਨਿਯਮ ‘ਤੇ ਇਤਰਾਜ਼ ਕੀਤਾ ਹੈ। ਇਰਾਨ ਨੇ ਦਹਾਕਿਆਂ ਤੋਂ ਹੋਰਮੁਜ਼ ਨੂੰ ਟੈਕਸ-ਮੁਕਤ ਰੱਖਿਆ ਹੋਇਆ ਹੈ, ਹੁਣ ਉਸਨੇ ਟੌਲ ਵਸੂਲਣ ਦਾ ਐਲਾਨ ਕਰ ਦਿੱਤਾ ਹੈ ਜਿਸਨੂੰ ਟਰੰਪ ‘ਫਿਰੌਤੀ ਵਸੂਲਣਾ; ਅਤੇ ਜੇ.ਡੀ. ਵੇਂਸ ‘ਆਰਥਕ ਦਹਿਸ਼ਤਵਾਦ’ ਕਹਿ ਰਿਹਾ ਹੈ।

ਇਰਾਨ ਦੀ ਦਸ-ਨੁਕਾਤੀ ਸ਼ਾਂਤੀ ਤਜਵੀਜ਼ ਟਰੰਪ ਤੇ ਉਸਦੇ ਜੋਟੀਦਾਰ ਨੇਤਨਯਾਹੂ ਨੂੰ ਮਨਜ਼ੂਰ ਨਹੀਂ ਹੈ। ਅਮਰੀਕਾ-ਇਰਾਨ ਦਰਮਿਆਨ ਆਰਜ਼ੀ ਜੰਗਬੰਦੀ ਹੁੰਦੇ ਸਾਰ ਨੇਤਨਯਾਹੂ ਨੇ ਲਿਬਨਾਨ ਉੱਪਰ ਹਮਲਾ ਕਰਕੇ

*(ਬਾਕੀ ਅਗਲੇ ਸਫੇ ’ਤੇ)*

# ਅਮਰੀਕਾ-ਇਰਾਨ ਜੰਗ: ਗੱਲਬਾਤ ਬਨਾਮ ਨਾਕਾਬੰਦੀ

*(ਪਿਛਲੇ ਸਫੇ ਦਾ ਬਾਕੀ)*

ਅਤੇ ਉੱਥੇ ਵਿਆਪਕ ਪੱਧਰ 'ਤੇ ਤਬਾਹੀ ਮਚਾ ਕੇ ਅਤੇ ਹਮਲੇ ਜਾਰੀ ਰੱਖ ਕੇ ਆਪਣੇ ਦੁਸ਼ਟ ਇਰਾਦੇ ਸਪਸ਼ਟ ਕਰ ਦਿੱਤੇ ਹਨ ਕਿ ਉਹ ਜੰਗ ਬੰਦ ਨਹੀਂ ਕਰੇਗਾ ਅਤੇ ਅਮਰੀਕਾ ਉਸਨੂੰ ਰੋਕੇਗਾ ਨਹੀਂ। ਕਿਸੇ ਵੀ ਕੀਮਤ 'ਤੇ ਹਮਲੇ ਜਾਰੀ ਰੱਖਣ ਪਿੱਛੇ ਇਜ਼ਰਾਇਲੀ ਪਸਾਰਵਾਦੀ ਹਿਤਾਂ ਦੇ ਨਾਲ-ਨਾਲ ਨੇਤਨਯਾਹੂ ਦਾ ਨਿੱਜੀ ਹਿਤ ਵੀ ਹੈ। ਉਹ ਅਜਿਹਾ ਕਰਕੇ ਇਜ਼ਰਾਇਲ ਦੇ ਲੋਕਾਂ ਦਾ ਧਿਆਨ ਆਪਣੇ ਵਿਆਪਕ ਭ੍ਰਿਸ਼ਟਾਚਾਰ ਤੋਂ ਹਟਾਈ ਰੱਖਣਾ ਚਾਹੁੰਦਾ ਹੈ।

ਹੋਰਮੁਜ਼ ਮਾਰਗ ਬੰਦ ਹੋਣ ਕਰਕੇ ਤੇਲ ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਅਤੇ ਉਸਦੇ ਨਾਟੋ ਸੰਗੀਆਂ ਤੇ ਖਾੜੀ ਮੁਲਕਾਂ ਵੱਲੋਂ ਉਸਦੇ ਨਾਲ ਨਾ ਖੜ੍ਹਨ ਕਰਕੇ 'ਨਿਜ਼ਾਮ ਬਦਲਣ' ਤੁਰੇ ਟਰੰਪ ਦਾ ਪੱਛਮੀ ਏਸ਼ੀਆ ਉੱਪਰ ਚੁਣੌਤੀ ਰਹਿਤ ਕਬਜ਼ੇ ਦਾ ਮਿਸ਼ਨ ਲਟਕ ਗਿਆ ਹੈ। ਕਰੋੜਾਂ ਇਰਾਨੀ ਲੋਕਾਂ ਨੇ ਆਪਣੀ ਸਰਕਾਰ ਦੇ ਸੱਦੇ 'ਤੇ ਪਾਵਰ ਪਲਾਂਟਾਂ, ਪੁਲਾਂ ਆਦਿ ਦੀ ਰਾਖੀ ਲਈ ਮਨੁੱਖੀ-ਚੇਨ ਬਣਾ ਕੇ ਬਦੀ ਦੇ ਧੁਰੇ ਨੂੰ ਦੱਸ ਦਿੱਤਾ ਹੈ ਕਿ ਉਨ੍ਹਾਂ ਦੀ ਘਰੇਲੂ ਲੜਾਈ ਕੁਝ ਵੀ ਹੋਵੇ, ਮੁਲਕ ਦੀ ਰਾਖੀ ਲਈ ਉਹ ਆਪਣੀ ਸਰਕਾਰ ਦੇ ਨਾਲ ਹਨ। ਟਰੰਪ ਵੱਲੋਂ ਸਮੁੰਦਰੀ ਫ਼ੌਜ ਦੇ ਜ਼ੋਰ ਹੋਰਮੁਜ਼ ਨੂੰ ਖੋਲ੍ਹਣ ਲਈ ਨਾਕਾਬੰਦੀ ਸ਼ੁਰੂ ਕਰਵਾ ਦਿੱਤੀ ਗਈ ਹੈ। ਟਰੰਪ ਦਾ ਫ਼ਰਮਾਨ ਹੈ ਕਿ ਇਰਾਨ ਨੂੰ ਟੌਲ ਦੇਣ ਵਾਲੇ ਕਿਸੇ ਵੀ ਜਹਾਜ਼ ਨੂੰ ਲੰਘਣ ਨਹੀਂ ਦਿੱਤਾ ਜਾਵੇਗਾ। ਜਿਨ੍ਹਾਂ ਤੋਂ ਇਰਾਨ ਟੌਲ ਵਸੂਲ ਕਰੇਗਾ ਉਨ੍ਹਾਂ ਦਾ ਇਤਰਾਜ਼ ਤਾਂ ਸਮਝ ਆਉਂਦਾ ਹੈ, ਭਲਾ ਟਰੰਪ ਨੂੰ ਇਤਰਾਜ਼ ਕਿਉਂ? ਕਿਉਂਕਿ ਉਹ ਇਸ ਬਹਾਨੇ ਇਰਾਨ ਦਾ ਤੇਲ ਦਾ ਕਾਰੋਬਾਰ ਤੇ ਕੌਮਾਂਤਰੀ ਮੰਡੀਆਂ ਤੱਕ ਪਹੁੰਚ ਬੰਦ ਕਰਕੇ ਇਰਾਨ ਦੀ ਆਰਥਿਕਤਾ ਦਾ ਗਲਾ ਘੁੱਟਣਾ ਚਾਹੁੰਦਾ ਹੈ। ਉਹ ਚੀਨ ਨੂੰ ਇਰਾਨ ਤੋਂ ਜਾ ਰਹੇ ਤੇਲ ਦੀ ਸਪਲਾਈ 'ਚ ਵਿਘਨ ਪਾਉਣਾ ਅਤੇ ਇਰਾਨ ਤੋਂ ਤੇਲ ਲੈਣ ਵਾਲੇ ਮੁਲਕਾਂ ਨੂੰ ਅਮਰੀਕਾ ਤੋਂ ਮਹਿੰਗਾ ਤੇਲ ਖ਼ਰੀਦਣ ਲਈ ਮਜਬੂਰ ਕਰਨਾ ਚਾਹੁੰਦਾ ਹੈ। ਅਸਰਦਾਰ ਹੋਣ ਦੀ ਸੂਰਤ 'ਚ ਨਾਕਾਬੰਦੀ ਇਰਾਨ ਦੀ ਆਰਥਿਕਤਾ ਅਤੇ ਉਸਦੀ ਜੰਗ ਲੜਨ ਦੀ ਸਮਰੱਥਾ ਉੱਪਰ ਵੱਡੀ ਸੱਟ ਸਾਬਤ ਹੋਵੇਗੀ। ਇਸ ਨੂੰ ਬੇਅਸਰ ਕਰਨ ਲਈ ਇਰਾਨ ਦੇ ਸਾਹਮਣੇ ਹੁਣ ਬੇਹੱਦ ਸਖ਼ਤ ਲੜਾਈ ਹੈ। ਉਨ੍ਹਾਂ ਨੇ ਖਾੜੀ ਦੀਆਂ ਸਾਰੀਆਂ ਬੰਦਰਗਾਹਾਂ ਦੀ ਆਵਾਜਾਈ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ।

ਬਰਤਾਨੀਆ ਅਤੇ ਫਰਾਂਸ ਹੋਰਮੁਜ਼ ਮਾਰਗ ਤਾਂ ਖੁੱਲਵਾਉਣਾ ਚਾਹੁੰਦੇ ਹਨ ਪਰ ਉਹ ਟਰੰਪ ਦੀ ਨਾਕਾਬੰਦੀ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ। ਨਾਕਾਬੰਦੀ ਦਾ ਵਿਹਾਰਕ ਅਸਰ ਕੀ ਹੋਵੇਗਾ? ਜਿਨ੍ਹਾਂ ਸਰਕਾਰਾਂ ਦੇ ਜਹਾਜ਼ ਰੋਕੇ ਜਾਣਗੇ, ਕੀ ਉਹ ਇਰਾਨ ਵਿਰੁੱਧ ਟਰੰਪ ਨਾਲ ਖੜ੍ਹਨਗੇ? ਕੀ ਅਮਰੀਕੀ ਫ਼ੌਜ ਚੀਨ, ਰੂਸ ਦੇ ਜਹਾਜ਼ ਵੀ ਰੋਕੇਗੀ? ਅਜਿਹਾ ਹੋਣ ਦੀ ਸੂਰਤ 'ਚ ਰੂਸ ਤੇ ਚੀਨ ਕੀ ਜੰਗ ਦੀ ਧਿਰ ਬਣਨਗੇ ਜਾਂ ਇਸ ਸਥਿਤੀ ਨਾਲ ਕੂਟਨੀਤਕ ਤਰੀਕੇ ਨਾਲ ਨਜਿੱਠਣਾ ਚਾਹੁਣਗੇ? ਚੀਨ ਨੇ ਰੱਖਿਆ ਮੰਤਰੀ ਦਾ ਚੇਤਾਵਨੀਨੁਮਾ ਬਿਆਨ ਆ ਗਿਆ ਹੈ ਕਿ 'ਇਰਾਨ ਨਾਲ ਸਮਝੌਤਿਆਂ ਦੇ ਤਹਿਤ ਸਾਡੇ ਜਹਾਜ਼ ਹੋਰਮੁਜ਼ ਵਿਚ ਆਉਂਦੇ-ਜਾਂਦੇ ਰਹਿਣਗੇ, ਅਮਰੀਕਾ ਇਸ ਵਿਚ ਦਖ਼ਲ ਨਾ ਦੇਵੇ, ਚੀਨ ਵੱਲੋਂ ਇਰਾਨ ਨਾਲ ਕਾਰੋਬਾਰ ਤੇ ਊਰਜਾ ਦੇ ਸਮਝੌਤੇ ਨਿਭਾਏ ਜਾਣਗੇ।' ਪੱਛਮੀ ਏਸ਼ੀਆ ਬਹੁਤ ਨਾਜ਼ੁਕ ਮੋੜ 'ਤੇ ਹੈ। ਟਰੰਪ ਕੁਝ ਵੀ ਦਾਅਵੇ ਕਰੇ, ਜੰਗਬੰਦੀ 21 ਅਪ੍ਰੈਲ ਤੱਕ ਹੈ ਅਤੇ ਮੁੜ ਗੱਲਬਾਤ ਕਰਨ ਦੀ ਜ਼ਰੂਰਤ ਦਾ ਦਬਾਅ ਦੋਹਾਂ ਧਿਰਾਂ ਉੱਪਰ ਹੈ। ਇਹ ਸੰਕੇਤ ਵੀ ਆ ਰਹੇ ਹਨ ਕਿ ਦੁਬਾਰਾ ਗੱਲਬਾਤ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਆਉਣ ਵਾਲੇ ਦਿਨਾਂ ਦਾ ਘਟਨਾ-ਵਿਕਾਸ ਬਹੁਤ ਮਹੱਤਵਪੂਰਨ ਹੋਵੇਗਾ। ਵੀਅਤਨਾਮ ਯੁੱਧ ਦਾ ਇਤਿਹਾਸ ਗਵਾਹ ਹੈ ਕਿ ਲਹੂ ਦੀ ਤਿਹਾਈ ਸਾਮਰਾਜੀ ਸੁਪਰ ਪਾਵਰ ਤੋਂ ਆਪਣੇ ਵਤਨ ਦੀ ਆਜ਼ਾਦੀ ਦੀ ਰਾਖੀ ਕਰਨ ਲਈ ਸਮਾਜਾਂ ਨੂੰ ਜਾਨੀ-ਮਾਲੀ ਨੁਕਸਾਨ ਦੇ ਰੂਪ ਵਿਚ ਬੇਥਾਹ ਮੁੱਲ ਤਾਰਨਾ ਪੈਂਦਾ ਹੈ। ਨਿਰਸੰਦੇਹ, ਤਬਾਹੀ ਮਚਾਊ ਜੰਗੀ ਮਸ਼ੀਨ ਨਾਲ ਲੈਸ ਅਮਰੀਕਾ-ਇਜ਼ਰਾਇਲ ਇਰਾਨ ਦਾ ਹੋਰ ਵੀ ਵੱਡਾ ਨੁਕਸਾਨ ਕਰ ਸਕਦੇ ਹਨ। ਪਰ ਅਮਰੀਕਾ ਦੀ ਪੁਰਾਣੀ, ਇਕ-ਧਰੁਵੀ ਸੰਸਾਰ ਵਾਲੀ ਧੌਂਸ ਹੁਣ ਨਹੀਂ ਚੱਲੇਗੀ ਕਿਉਂਕਿ ਹੁਣ ਬਦਲੇ ਹੋਏ ਸ਼ਕਤੀ-ਸੰਤੁਲਨ ਵਿਚ ਉਸਦੀ ਦੁਨੀਆ ਨੂੰ ਕੰਟਰੋਲ ਕਰਨ ਦੀ ਪਹਿਲਾਂ ਵਾਲੀ ਸਮਰੱਥਾ ਨਹੀਂ ਰਹੀ ਹੈ।


# ਮਥੁਰਾ ਕਿਸ਼ਤੀ ਹਾਦਸੇ 'ਚ ਮਰਨ ਵਾਲਿਆਂ ਦੀ ਗਿਣਤੀ 15 ਹੋਈ

## ਜਗਰਾਉਂ ਦਾ ਪੰਕਜ ਮਲਹੋਤਰਾ ਅਜੇ ਵੀ ਲਾਪਤਾ


**ਭਾਵਾ (ਜੇਪੀ):** ਦੋ ਹੋਰ ਲਾਸ਼ਾਂ ਮਿਲਣ ਤੋਂ ਬਾਅਦ ਬੀਤੇ ਦਿਨੀਂ ਯਮੁਨਾ ਨਦੀ 'ਚ ਕਿਸ਼ਤੀ ਪਲਟਣ ਦੀ ਘਟਨਾ 'ਚ ਮਰਨ ਵਾਲਿਆਂ ਦੀ ਗਿਣਤੀ 15 ਹੋ ਗਈ ਹੈ। ਪੁਲਿਸ ਸੁਪਰਡੈਂਟ (ਦਿਹਾਤੀ) ਸੁਰੇਸ਼ ਚੰਦਰ ਰਾਵਤ ਨੇ ਕਿਹਾ ਕਿ ਖੋਜ ਮੁਹਿੰਮ ਦੌਰਾਨ ਮਥੁਰਾ ਦੇ ਬੰਗਾਲੀ ਘਾਟ ਖੇਤਰ 'ਚ ਇਕ ਔਰਤ ਦੀ ਲਾਸ਼ ਮਿਲੀ, ਜਿਸ ਦੀ ਪਛਾਣ ਮੋਨਿਕਾ ਵਜੋਂ ਹੋਈ। ਦੂਜੀ ਲਾਸ਼ ਵਰਿੰਦਾਵਨ ਦੇ ਦੇਵਰਾਹਾ ਬਾਬਾ ਘਾਟ ਨੇੜੇ ਬਰਾਮਦ ਹੋਈ,ਅਤੇ ਮ੍ਰਿਤਕ ਦੀ ਪਛਾਣ ਯਸ਼ ਉਰਫ਼ ਯੁਵਰਾਜ ਭੱਲਾ (22) ਵਜੋਂ ਹੋਈ। ਪਿਛਲੇ ਸ਼ੁੱਕਰਵਾਰ ਨੂੰ ਹਾਦਸੇ ਤੋਂ ਕੁਝ ਮਿੰਟ ਪਹਿਲਾਂ ਰਿਕਾਰਡ ਕੀਤੇ ਗਏ ਇਕ ਵੀਡੀਓ 'ਚ, ਭੱਲਾ ਨੂੰ ਭਜਨ ਗਾ ਰਹੇ ਸ਼ਰਧਾਲੂਆਂ ਦੇ ਨਾਲ ਢੋਲ ਵਜਾਉਂਦੇ ਦੇਖਿਆ ਜਾ ਸਕਦਾ ਹੈ। ਉਸਦੇ ਪਿਤਾ ਨੇ ਪੁਲਿਸ ਨੂੰ ਦੱਸਿਆ ਕਿ ਯਸ਼ ਵਿਦਿਆਰਥੀ ਸੀ ਅਤੇ ਆਪਣੇ ਖਾਲੀ ਸਮੇਂ 'ਚ ਲੁਧਿਆਣਾ ਦੇ ਜਗਰਾਉਂ 'ਚ 'ਸ਼੍ਰੀ ਬਾਂਕੇ ਬਿਹਾਰੀ ਕਲੱਬ' ਦੇ ਭਜਨ ਸਮੂਹ ਲਈ ਢੋਲ ਵਜਾਉਂਦਾ ਸੀ । ਉਹ ਇਸੇ ਲਈ ਸਮੂਹ ਨਾਲ ਇਸ ਯਾਤਰਾ 'ਤੇ ਗਿਆ ਸੀ।

ਰਾਵਤ ਨੇ ਕਿਹਾ ਕਿ ਇਕ ਵਿਅਕਤੀ ਪੰਕਜ ਮਲਹੋਤਰਾ (40) ਦੀ ਲਾਸ਼ ਅਜੇ ਵੀ ਬਰਾਮਦ ਨਹੀਂ ਕੀਤੀ ਜਾ ਸਕੀ। ਉਨ੍ਹਾਂ ਕਿਹਾ ਕਿ ਹੁਣ ਤੱਕ ਲਾਪਤਾ ਦੱਸੇ ਗਏ ਬਾਕੀ ਸਾਰੇ ਵਿਅਕਤੀਆਂ ਦੀਆਂ ਲਾਸ਼ਾਂ ਪ੍ਰਾਪਤ ਕਰ ਲਈਆਂ ਗਈਆਂ ਹਨ।


TBF THE BAINS FIRM


Personal Injury and Wrongful Death Attorneys
Case Results*
$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results
Offices in San Francisco and Union City

WILLIAM E. WEISS
Of Counsel
No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



Homeopathicvibes
Harminder Singh Gill
Homeopathic Consultant and Practitioner

D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਟਾਈਮਜ਼

*18 ਅਪਰੈਲ, ਸ਼ਨਿਚਰਵਾਰ*

# ਕੀ ਬਣੂੰ ਦੁਨੀਆ ਦਾ...?

*ਅਮਰੀਕਾ ਅਤੇ ਈਰਾਨ ਵਿਚਾਲੇ ਕੋਈ ਸਮਝੌਤਾ ਨਹੀਂ ਹੋ ਸਕਿਆ ਅਤੇ ਇਸਲਾਮਾਬਾਦ ‘ਚ ਗੱਲਬਾਤ ਬਿਨਾਂ ਕਿਸੇ ਸਮਝੌਤੇ ਦੇ ਖ਼ਤਮ ਹੋ ਗਈ। ਅਮਰੀਕਾ ਦੇ ਉਪ ਰਾਸ਼ਟਰਪਤੀ ਵੈਂਸ ਇਹ ਆਖਦਿਆਂ ਵਾਪਸ ਪਹੁੰਚ ਗਏ ਕਿ ਉਨ੍ਹਾਂ ਨੇ ‘ਅੰਤਿਮ ਤੌਰ ’ਤੇ ਸਭ ਤੋਂ ਵਧੀਆ ਪੇਸ਼ਕਸ਼’ ਕੀਤੀ ਸੀ ਪਰ ਈਰਾਨ ਨੇ ਪ੍ਰਵਾਨ ਨਹੀਂ ਕੀਤੀ।*

*ਦੂਜੇ ਪਾਸੇ ਈਰਾਨ ਨੂੰ ਪਹਿਲਾਂ ਹੀ ਗੱਲਬਾਤ ਦੀ ਸਫਲਤਾ ਬਾਰੇ ਸ਼ੱਕ ਸੀ, ਕਿਉਂਕਿ ਦੋ ਵਾਰ ਪਹਿਲਾਂ ਵੀ ਬਿਲਕੁਲ ਸਹੀ ਦਿਸ਼ਾ ਵਿਚ ਸਮਝੌਤੇ ਕੰਢੇ ਪਹੁੰਚਣ ਵਾਲੀ ਗੱਲਬਾਤ ਟੁੱਟ ਚੁੱਕੀ ਸੀ। ਜਦੋਂ ਜਨੇਵਾ ‘ਚ ਗੱਲਬਾਤ ਹੋਈ ਸੀ ਤਾਂ ਇਸ ‘ਚ ਸ਼ਾਮਿਲ ਬਰਤਾਨੀਆ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੋਨਾਥਨ ਪਾਵੇਲ ਹੈਰਾਨ ਸਨ ਕਿ ਤਹਿਰਾਨ ਵਲੋਂ ਆਪਣੇ ਪ੍ਰਮਾਣੂ ਪ੍ਰੋਗਰਾਮ ਬਾਰੇ ਵਾਸ਼ਿੰਗਟਨ ਦੀਆਂ ਸਭ ਗੱਲਾਂ ਮੰਨ ਲਈਆਂ ਗਈਆਂ ਸਨ ਅਤੇ ਵਿਆਨਾ ਵਿਚ ਤਕਨੀਕੀ ਗੱਲਬਾਤ ਲਈ ਇਕ ਤਾਰੀਖ ‘ਤੇ ਵੀ ਸਹਿਮਤੀ ਬਣ ਗਈ ਸੀ। ਫਿਰ ਵੀ ਅਮਰੀਕਾ ਤੇ ਇਜ਼ਰਾਈਲ ਨੇ ਈਰਾਨ ‘ਤੇ ਯੁੱਧ ਥੋਪਦਿਆਂ ਮੀਨਾਬ ਵਿਚ ਹਮਲਾ ਕਰਕੇ 168 ਸਕੂਲੀ ਵਿਦਿਆਰਥਣਾਂ ਨੂੰ ਮਾਰ ਦਿੱਤਾ ਸੀ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਭਾਰੀ ਤਬਾਹੀ ਅਤੇ ਆਪਣੀ ਉੱਚ ਲੀਡਰਸ਼ਿਪ ਗੁਆਉਣ ਦੇ ਬਾਵਜੂਦ ਤਹਿਰਾਨ ਅੱਜ ਵੀ ਵਾਸ਼ਿੰਗਟਨ ਦੀਆਂ ਮੰਗਾਂ ਨੂੰ ਠੁਕਰਾਉਣ ਦੀ ਸਥਿਤੀ ਵਿਚ ਹੈ। ਦੂਜੇ ਪਾਸੇ ਅਮਰੀਕਾ ਦੀਆਂ ਹੱਦਾਂ ਵੀ ਜੱਗ ਜ਼ਾਹਿਰ ਹੋ ਗਈਆਂ ਹਨ। ਉਹ ਹੁਣ ਦੂਜਿਆਂ ‘ਤੇ ਆਪਣੀ ਮਨਮਾਨੀ ਥੋਪਣ ਦੀ ਸਥਿਤੀ ਵਿਚ ਨਹੀਂ ਹੈ, ਕਿਉਂਕਿ ਹੁਣ ਦੁਨੀਆ ਇਕ-ਧਰੁਵੀ ਨਹੀਂ ਰਹੀ। ਰੂਸ ਤੇ ਚੀਨ ਵੀ ਮਹਾਂਸ਼ਕਤੀਆਂ ਵਜੋਂ ਉੱਭਰ ਚੁੱਕੇ ਹਨ ਅਤੇ ਉਹ ਦੋਵੇਂ ਈਰਾਨ ਦੇ ਸਮਰਥਨ ਵਿਚ ਖੜ੍ਹੇ ਹਨ।*

*ਡੋਨਲਡ ਟਰੰਪ ਅਨੁਸਾਰ ਵਾਸ਼ਿੰਗਟਨ ਜੰਗ ਜਿੱਤ ਚੁੱਕਾ ਹੈ ਅਤੇ ਉਨ੍ਹਾਂ ਦੇ ਦੋ ਜਹਾਜ਼ ਹੋਰਮੁਜ਼ ‘ਚੋਂ ਸਮੁੰਦਰੀ ਬਾਰੂਦੀ ਸੁਰੰਗਾਂ ਨੂੰ ‘ਕਲੀਅਰ’ ਕਰਕੇ ਲੰਘ ਚੁੱਕੇ ਹਨ, ਪਰ ਈਰਾਨ ਨੇ ਇਸ ਦਾਅਵੇ ਨੂੰ ਰੱਦ ਕੀਤਾ ਹੈ। ਇਸ ਦੌਰਾਨ ਦੱਖਣੀ ਲਿਬਨਾਨ ਵਿਚ ਇਜ਼ਰਾਇਲੀ ਹਵਾਈ ਹਮਲਿਆਂ ਕਾਰਨ ਹਿਜ਼ਬੁੱਲਾ ਦੀ ਜਵਾਬੀ ਕਾਰਵਾਈ ਵੀ ਜਾਰੀ ਹੈ। ਪਰ ਅਮਰੀਕਾ ਤੇ ਈਰਾਨ ਵਿਚਕਾਰ ਪਿਛਲੇ 47 ਸਾਲਾਂ ਵਿਚ ਪਹਿਲੀ ਵਾਰ ਆਹਮੋ-ਸਾਹਮਣੇ ਹੋਈ ਉੱਚ-ਪੱਧਰੀ 21 ਘੰਟੇ ਦੀ ਅਹਿਮ ਗੱਲਬਾਤ ਟਕਰਾਅ ਤੇ ਬੇਭਰੋਸਗੀ ਦੇ ਮਾਹੌਲ ਵਿਚ ਬੇਸਿੱਟਾ ਖ਼ਤਮ ਹੋ ਗਈ ਹੈ।*

*ਜ਼ਿਕਰਯੋਗ ਹੈ ਕਿ ਦੋਹਾਂ ਧਿਰਾਂ ਵਿਚਕਾਰ ਪਹਿਲਾਂ ਹੋਈ ਜਨੇਵਾ ਗੱਲਬਾਤ ਮੁੱਖ ਤੌਰ ‘ਤੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ‘ਤੇ ਕੇਂਦ੍ਰਿਤ ਸੀ, ਜਦਕਿ ਇਸਲਾਮਾਬਾਦ ਵਿਚ ਅਮਰੀਕਾ ਦੁਆਰਾ ਪੇਸ਼ ਕੀਤੇ ਗਏ 15 ਨੁਕਤਿਆਂ ਦੇ ਜਵਾਬ ‘ਚ ਈਰਾਨ ਦੁਆਰਾ ਪੇਸ਼ ਕੀਤੇ ਗਏ 10 ਨੁਕਤਿਆਂ ਵਿਚ ਪ੍ਰਮਾਣੂ ਪ੍ਰੋਗਰਾਮ ਤੱਕ ਸੀਮਿਤ ਨਾ ਰਹਿੰਦਿਆਂ ਇਸ ‘ਚ ਪਹਿਲੀ ਵਾਰ ਹੋਰਮੁਜ਼ ਜਲਡਮਰੂ ਨੂੰ ਸ਼ਾਮਿਲ ਕਰਨ ਸਮੇਤ ਸਾਰੇ ਮੋਰਚਿਆਂ ‘ਤੇ ਵਿਆਪਕ ਜੰਗਬੰਦੀ ਦੀ ਮੰਗ ਕੀਤੀ ਗਈ ਸੀ। ਇਸ ਗੱਲਬਾਤ ਦੌਰਾਨ ਅਸਹਿਮਤੀ ਦਾ ਮੁੱਖ ਨੁਕਤਾ ਇਹ ਸੀ ਕਿ ਅਮਰੀਕਾ ਇਸ ਗੱਲ ਦਾ ਵਾਅਦਾ ਕਰਨ ਲਈ ਤਿਆਰ ਨਹੀਂ ਸੀ ਕਿ ਲਿਬਨਾਨ ਵਿਰੁੱਧ ਇਜ਼ਰਾਈਲ ਹਮਲੇ ਰੋਕ ਦੇਵੇਗਾ।*

*ਧਿਆਨ ਦੇਣ ਯੋਗ ਗੱਲ ਇਹ ਵੀ ਹੈ ਕਿ ਕੁਝ ਸਮਾਂ ਪਹਿਲਾਂ ਇਜ਼ਰਾਇਲੀ ਸੰਸਦ ਮੈਂਬਰ ਨਾਮਾ ਲਾਜ਼ਮੀ ਨੇ ਦੋਸ਼ ਲਗਾਇਆ ਹੈ ਕਿ ਨੇਤਨਯਾਹੂ ਨੇ ਜਾਣਬੁੱਝ ਕੇ ਹਮਾਸ ਦਾ ਹਮਲਾ ਹੋਣ ਦਿੱਤਾ, ਤਾਂ ਜੋ ਉਹ ਜੰਗ ਸ਼ੁਰੂ ਕਰਕੇ ਅਦਾਲਤ ਵਿਚ ਪੇਸ਼ ਹੋਣ ਤੋਂ ਬਚ ਸਕੇ, ਜਿੱਥੇ ਨੇਤਨਯਾਹੂ ਤੇ ਉਸ ਦੀ ਪਤਨੀ ਖ਼ਿਲਾਫ਼ ਭ੍ਰਿਸ਼ਟਾਚਾਰ ਤੇ ਕਈ ਹੋਰ ਮਾਮਲਿਆਂ ਦੇ ਮੁਕੱਦਮੇ ਚੱਲ ਰਹੇ ਹਨ। ਇਸੇ ਕਾਰਨ ਨੇਤਨਯਾਹੂ ਪਹਿਲਾਂ ਵੀ ਕਈ ਵਾਰ ਸਮਝੌਤਿਆਂ ਤੇ ਗੱਲਬਾਤਾਂ ਨੂੰ ਤੋੜ ਚੁੱਕਾ ਹੈ। ਨੇਤਨਯਾਹੂ ਨੇ ਫਿਰ ਟਰੰਪ ਰਾਹੀਂ ਇਜ਼ਰਾਇਲੀ ਰਾਸ਼ਟਰਪਤੀ ਇਸਹਾਕ ਹਰਜ਼ੋਗ ‘ਤੇ ਆਪਣੇ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਵਾਪਸ ਲੈਣ ਲਈ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਾਕਾਮ ਰਿਹਾ। ਇਕ ਵਾਰ ਜਦੋਂ ਇਹ ਯੁੱਧ ਖ਼ਤਮ ਹੋਇਆ ਤਾਂ ਨੇਤਨਯਾਹੂ ਸਿਰਫ਼ ਆਪਣਾ ਅਹੁਦਾ ਹੀ ਨਹੀਂ ਗੁਆਏਗਾ, ਸਗੋਂ ਉਹ ਆਪਣੀ ਪਤਨੀ ਸਮੇਤ ਜੇਲ੍ਹ ਜਾਵੇਗਾ। ਲਾਜ਼ੀਮੋ ਅਨੁਸਾਰ ਨੇਤਨਯਾਹੂ ਖ਼ੁਦ ਨੂੰ ਬਚਾਉਣ ਲਈ ਇਜ਼ਰਾਈਲ ਨੂੰ ਲਗਾਤਾਰ ਜੰਗਾਂ ਵਿਚ ਘਸੀਟ ਰਹੇ ਹਨ। ਦੂਜਾ ਅਮਰੀਕਾ ਤੇ ਈਰਾਨ ਵਿਚਕਾਰ ਤਿੰਨੋਂ ਵਾਰ ਅਸਫਲ ਹੋਈ ਗੱਲਬਾਤ ਦੌਰਾਨ ਟਰੰਪ ਦਾ ਯਹੂਦੀ ਜਵਾਈ ਜੈਰੇਡ ਕੁਸ਼ਨਰ ਤੇ ਟਰੰਪ ਦਾ ਕਰੀਬੀ ਦੋਸਤ ਰੀਅਲ ਅਸਟੇਟ ਨਿਵੇਸ਼ਕ ਸਟੀਵ ਵਿਟਕੌਫ ਦੋਵੇਂ ਸ਼ਾਮਿਲ ਰਹੇ ਹਨ ਅਤੇ ਇਹ ਦੋਵੇਂ ਨੇਤਨਯਾਹੂ ਦੇ ਬਹੁਤ ਨੇੜੇ ਹਨ। ਅਮਰੀਕੀ ਮਾਹਿਰਾਂ ਅਨੁਸਾਰ ਇਹ ਦੋਵੇਂ ਨੇਤਨਯਾਹੂ ਲਈ ਕੰਮ ਕਰਦੇ ਹਨ, ਭਾਵੇਂ ਇਨ੍ਹਾਂ ਨੂੰ ਅਮਰੀਕੀ ਪ੍ਰਸ਼ਾਸਨ ਜਾਂ ਕੂਟਨੀਤੀ ਬਾਰੇ ਕੋਈ ਤਜਰਬਾ ਨਹੀਂ ਹੈ। ਅਜਿਹੀ ਸਥਿਤੀ ਵਿਚ ਇਸਲਾਮਾਬਾਦ ਗੱਲਬਾਤ ਦਾ ਅਸਫਲ ਹੋਣਾ ਤੈਅ ਹੀ ਸੀ। ਸਾਊਦੀ ਅਰਬ ਦੇ ਰੱਖਿਆ ਮੰਤਰਾਲੇ ਅਨੁਸਾਰ ਪਾਕਿਸਤਾਨੀ ਫ਼ੌਜੀ ਬਲ ਸੰਯੁਕਤ ਰਣਨੀਤਕ ਰੱਖਿਆ ਸਮਝੌਤੇ ਦੇ ਤਹਿਤ ਉਸ ਦੇ ਪੂਰਬੀ ਖੇਤਰ ਵਿਚ ਕਿੰਗ ਅਬਦੁਲ ਅਜ਼ੀਜ਼ ਏਅਰ ਬੇਸ ਦੀ ਰੱਖਿਆ ਲਈ ਪਹੁੰਚ ਗਏ ਹਨ। ਇਸ ਤੋਂ ਸਪੱਸ਼ਟ ਹੈ ਕਿ ਸਾਊਦੀ ਅਰਬ ਵੀ ਅਮਰੀਕਾ ‘ਤੇ ਆਪਣੀ ਰੱਖਿਆ ਨਿਰਭਰਤਾ ਨੂੰ ਘਟਾਉਂਦੇ ਹੋਏ ਈਰਾਨ ਨਾਲ ਸੰਬੰਧਾਂ ਨੂੰ ਸੁਧਾਰਨ ਲਈ ਤਿਆਰ ਹੈ, ਜਦਕਿ ਚੀਨ ਨੇ ਈਰਾਨ ਨੂੰ ਹਵਾਈ ਰੱਖਿਆ ਪ੍ਰਣਾਲੀਆਂ ਪ੍ਰਦਾਨ ਕੀਤੀਆਂ ਹਨ। ਇਸ ਦੌਰਾਨ ਟਰੰਪ ਦਾਅਵੇ ਕਰ ਰਿਹਾ ਹੈ ਕਿ ਉਹ ਵੈਨੇਜ਼ੁਏਲਾ ਵਾਂਗ ਈਰਾਨ ਖ਼ਿਲਾਫ਼ ਵੀ ਜਲ ਸੈਨਾ ਰਾਹੀਂ ਨਾਕਾਬੰਦੀ ਕਰਕੇ ਆਪਣੀਆਂ ਮੰਗਾਂ ਮੰਨਣ ਲਈ ਉਸ ਨੂੰ ਮਜਬੂਰ ਕਰ ਦੇਵੇਗਾ। ਪਰ ਪੱਕੇ ਤੌਰ ’ਤੇ ਅਜੇ ਕੁਝ ਵੀ ਕਹਿਣਾ ਮੁਸ਼ਕਿਲ ਜਾਪ ਰਿਹਾ ਹੈ।*

## ਠਾਹ-ਸੋਟਾ

–ਚਾਚਾ ਬੇਲਿਹਾਜ਼

### ਨਾਟੋ ਦੇ ਨੌਟ ਦਾ ਅਸਰ!

*ਹੋ ਗਿਆ ‘ਭੈਅ-ਭੀਤ’ ਸੀ ਜੱਗ ਸਾਰਾ, ਖਤਰਨਾਕ ਜਿਹੇ ਸੁਣ ਕੇ ਐਲਾਨ ਯਾਰੋ।*
*ਕਰਨ ਲੱਗੇ ਸੀ ਸਾਰੇ ‘ਅਰਦਾਸ’ ਏਹੋ, ਅਮਲੀ ਰੂਪ ਨਾ ਲੈਣ ‘ਫੁਰਮਾਨ’ ਯਾਰੋ।*
*ਬਣਕੇ ‘ਸਾਲਸੀ’ ਦੇਸ਼ਾਂ ‘ਨਿਮਾਣਿਆਂ’ ਨੇ, ਵਿਸ਼ਵ ਵਿਚ ਬਣਾ ਲਈ ਏ ਸ਼ਾਨ ਯਾਰੋ।*
*‘ਮਾਰੂ ਰਾਗ’ ਫਿਜ਼ਾਵਾਂ ‘ਚੋਂ ਬੰਦ ਹੋਇਆ, ਵੱਜਣ ਲੱਗੀ ਹੈ ਸ਼ਾਂਤਮਈ ‘ਤਾਨ’ ਯਾਰੋ।*
*ਕਰ’ਤੀ ਨਾਂਹ ਲੜਾਈ ਤੋਂ ‘ਹੋਰ’ ਕਈਆਂ, ਨਾਟੋ ‘ਨੌਟ’ ਕਹਿ ਪਿੱਛੇ ਨੂੰ ਹੋ ਗਿਆ ਏ।*
*ਜੰਗ-ਬੰਦੀ ਦਾ ਹੋਇਆ ਜੋ ‘ਫੈਸਲਾ’ ਐ, ਬੀਅ ਅਮਨ ਦੇ ਜਾਣੋ ਕਿ ਬੋ ਗਿਆ ਏ!*

# ਬਿਹਾਰ ਤਾਂ ਝਾਕੀ ਹੈ, ਬੰਗਾਲ ਅਜੇ ਬਾਕੀ ਹੈ

ਭਾਰੀ ਬੇਇਤਬਾਰੀ ਦੇ ਦਰਮਿਆਨ ਦੇਸ਼ ਦੇ ਨਾਗਰਿਕਾਂ ਨੂੰ ਇਹ ਸਾਬਤ ਕਰਨਾ ਪੈ ਰਿਹਾ ਹੈ ਕਿ ਉਹ ਯੋਗ ਵੋਟਰ ਹਨ। ਇਸੇ ਕਰਕੇ ਭਾਰਤੀ ਚੋਣ ਕਮਿਸ਼ਨ ਦੀ ਨਿਰਪੱਖਤਾ ਉੱਤੇ ਲਗਾਤਾਰ ਸਵਾਲ ਉੱਠ ਰਹੇ ਹਨ। ਹਾਲਾਂਕਿ ਚੋਣ ਕਮਿਸ਼ਨ ਅਨੁਸਾਰ ਵੋਟਰ ਸੂਚੀਆਂ ਦੀ ਸ਼ੁੱਧਤਾ ਲਈ ਇਹ ਕਦਮ ਲਾਜ਼ਮੀ ਹਨ, ਪਰ ਵੱਡੀ ਗਿਣਤੀ ਵੋਟਰਾਂ ਦੇ ਨਾਂ ਵੋਟਰ ਸੂਚੀਆਂ ਵਿਚੋਂ ਕੱਟੇ ਜਾਣ ਕਾਰਨ ਸਵਾਲ ਉੱਠ ਰਹੇ ਹਨ। ਪੱਛਮੀ ਬੰਗਾਲ ਵਿਚ



**ਗੁਰਮੀਤ ਸਿੰਘ ਪਲਾਹੀ**
**ਫੋਨ: 9815802070**

ਵਿਧਾਨ ਸਭਾ ਚੋਣਾਂ ਦੀਆਂ ਤਾਰੀਖਾਂ ਤੈਅ ਹਨ ਅਤੇ ਖ਼ਬਰਾਂ ਮੁਤਾਬਕ 27 ਲੱਖ ਲੋਕ ਇਸ ਵਾਰ ਵੋਟ ਦੇਣ ਤੋਂ ਵਾਂਝੇ ਰਹਿ ਸਕਦੇ ਹਨ। ਇਸ ਸਬੰਧੀ ਤ੍ਰਿਣਮੂਲ ਕਾਂਗਰਸ ਨੇ ਚੋਣ ਕਮਿਸ਼ਨ ਅੱਗੇ ਸਵਾਲ ਉਠਾਏ ਤਾਂ ਚੋਣ ਕਮਿਸ਼ਨ ਦਾ ਦੋ-ਟੁੱਕ ਜਵਾਬ ਸੀ ਕਿ ਚੋਣਾਂ ਡਰ-ਰਹਿਤ, ਹਿੰਸਾ-ਰਹਿਤ ਅਤੇ ਲੋਭ-ਲਾਲਚ ਰਹਿਤ ਅਤੇ ਬੂਥਾਂ ਉੱਤੇ ਬਾਹਰੀ ਪਕੜ ਤੋਂ ਮੁਕਤ ਹੋਣਗੀਆਂ। ਇਹੀ ਜਵਾਬ ਜਾਂ ਇਸ ਤਰ੍ਹਾਂ ਦਾ ਪ੍ਰਚਾਰ ਕੇਂਦਰੀ ਸਰਕਾਰ ‘ਤੇ ਕਾਬਜ਼ ‘ਭਾਜਪਾ’ ਵੱਲੋਂ ਆਪਣੇ ਸੋਸ਼ਲ ਮੀਡੀਆ ਮਾਧਿਅਮਾਂ ਫੇਸਬੁਕ, ਇੰਸਟਾਗ੍ਰਾਮ ਅਤੇ ਚੋਣ ਪੋਸਟਾਂ ਰਾਹੀਂ ਵੀ ਕੀਤਾ ਜਾ ਰਿਹਾ ਹੈ। ਇਸ ਨਾਲ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਭਾਜਪਾ ਹੀ ਭਾਰਤੀ ਚੋਣ ਕਮਿਸ਼ਨ ਹੈ? ਜਾਂ ਭਾਰਤੀ ਚੋਣ ਕਮਿਸ਼ਨ ਭਾਜਪਾ ਹੀ ਹੈ? ਕੀ ਭਾਜਪਾ ਅਤੇ ਚੋਣ ਕਮਿਸ਼ਨ ਵਿਚਕਾਰ ਕੋਈ ਮਿਲੀਭੁਗਤ ਹੈ ਜਾਂ ਇਹ ਸਿਰਫ਼ ਇੱਕ ਰਾਜਨੀਤਕ ਦੂਸ਼ਣਬਾਜ਼ੀ ਹੈ? ਜਾਂ ਇਹ ਸਿਰਫ਼ ਵੋਟਰਾਂ ਨੂੰ ਡਰਾਉਣ-ਧਮਕਾਉਣ ਦੀ ਸਾਜ਼ਿਸ਼ ਹੈ?

ਭਾਰਤ ਵਿਚ ਚੋਣ ਪ੍ਰਕਿਰਿਆ ਦੁਨੀਆ ਦੀ ਸਭ ਤੋਂ ਵੱਡੀ ਲੋਕਤੰਤਰਕ ਪ੍ਰਕਿਰਿਆ ਮੰਨੀ ਜਾਂਦੀ ਹੈ, ਜਿੱਥੇ ਕਰੋੜਾਂ ਲੋਕ ਆਪਣਾ ਵੋਟ ਦੇ ਕੇ ਸਰਕਾਰ ਚੁਣਦੇ ਹਨ। ਇਸ ਲਈ ਵੋਟਰ ਸੂਚੀ ਦੀ ਪਾਰਦਰਸ਼ਤਾ ਅਤੇ ਸ਼ੁੱਧਤਾ ਬਹੁਤ ਜ਼ਰੂਰੀ ਹੈ। ਭਾਰਤੀ ਚੋਣ ਕਮਿਸ਼ਨ ਇੱਕ ਸੰਵਿਧਾਨਕ ਸੰਸਥਾ ਹੈ, ਜਿਸਦਾ ਬੁਨਿਆਦੀ ਕੰਮ ਨਿਰਪੱਖ ਚੋਣਾਂ ਕਰਵਾਉਣਾ ਹੈ। ਪਰ ਪਿਛਲੇ ਸਮੇਂ ਦੌਰਾਨ ਕੁਝ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਨਾਲ ਇਸ ਦੀ ਨਿਰਪੱਖਤਾ ‘ਤੇ ਸਵਾਲ ਉੱਠੇ ਹਨ। ਜਿਵੇਂ ਪੱਛਮੀ ਬੰਗਾਲ ਅਤੇ ਕੇਰਲ ਵਿਚ ਭਾਜਪਾ ਵੱਲੋਂ ਚੋਣ ਕਮਿਸ਼ਨ ਦੀਆਂ ਤਸਵੀਰਾਂ ਲਾ ਕੇ ਪੋਸਟਰ ਲਗਾਏ ਗਏ ਅਤੇ ਚੋਣ ਕਮਿਸ਼ਨ ਨਾਲ ਰਾਜਨੀਤਕ ਪਾਰਟੀ ਦੀ ਸਾਖ ਜੋੜੀ ਗਈ। ਕੇਰਲ ਵਿਚ ਚੋਣ ਕਮਿਸ਼ਨ ਦਾ ਇੱਕ ਖ਼ਤ ਭਾਜਪਾ ਦੀ ਮੋਹਰ ਨਾਲ ਪ੍ਰਸਾਰਿਤ ਹੋਣ ‘ਤੇ ਹੰਗਾਮਾ ਵੀ ਖੜ੍ਹਾ ਹੋਇਆ। ਬਾਅਦ ਵਿਚ ਚੋਣ ਕਮਿਸ਼ਨ ਨੇ ਇਸ ਨੂੰ ਆਪਣੀ ਗਲਤੀ ਮੰਨਦਿਆਂ ਇੱਕ ਅਧਿਕਾਰੀ ਨੂੰ ਮੁਅੱਤਲ ਕਰ ਦਿੱਤਾ। ਪਰ ਕੀ ਇਸ ਨਾਲ ਚੋਣ ਕਮਿਸ਼ਨ ਦੀ ਨਿਰਪੱਖਤਾ ਸਾਬਤ ਹੋ ਜਾਂਦੀ ਹੈ?

ਬਿਹਾਰ ਚੋਣਾਂ ਤੋਂ ਪਹਿਲਾਂ ਵੋਟਰਾਂ ਦੀ ਪਹਿਚਾਣ ਅਤੇ ਸੂਚੀ ਸਬੰਧੀ ਵੀ ਵਿਵਾਦ ਉੱਠੇ। ਚੋਣ ਕਮਿਸ਼ਨ ਨੇ ਵੋਟਰਾਂ ਦੇ ਆਧਾਰ ਨੂੰ ਝੁਠਲਾ ਦਿੱਤਾ ਅਤੇ ਕਿਹਾ ਕਿ ਇਸ ਨੂੰ ਵੋਟਰ ਨਾਗਰਿਕ ਦਾ ਪਛਾਣ ਪੱਤਰ ਨਹੀਂ ਮੰਨਿਆ ਜਾ ਸਕਦਾ। ਸਿੱਧੇ ਲਫ਼ਜ਼ਾਂ ਵਿਚ ਵੋਟਰਾਂ ਨੂੰ ਕਿਹਾ ਗਿਆ ਕਿ ਵੋਟਰ ਸੂਚੀਆਂ ਵਿਚੋਂ ਦਫ਼ਾ ਹੋ ਜਾਓ! ਭੱਜ ਜਾਓ! ਨਿਕਲ ਜਾਓ! ਕਈ ਲੋਕਾਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਵੋਟਰ ਸੂਚੀ ਤੋਂ ਬਾਹਰ ਕੀਤਾ ਗਿਆ। ਇਹ ਮਾਮਲਾ ਸਰਬ ਉੱਚ ਅਦਾਲਤ ਤੱਕ ਵੀ ਗਿਆ, ਪਰ ਚੋਣ ਕਮਿਸ਼ਨ ਦੀ ਭਾਸ਼ਾ ਵੋਟਰਾਂ ਨੂੰ ‘ਦਫ਼ਾ ਹੋ ਜਾਓ’ ਵਾਲੀ ਹੀ ਰਹੀ।

ਉੱਤਰ ਪ੍ਰਦੇਸ਼ ਅਤੇ ਬੰਗਾਲ ਵਿਚ ਕੁਝ ਬੂਥ ਅਧਿਕਾਰੀਆਂ ‘ਤੇ ਕੰਮ ਦਾ ਵੱਧ ਭਾਰ ਹੋਣ ਕਾਰਨ ਉਨ੍ਹਾਂ ਦੀ ਮਨੋਵਿਗਿਆਨਕ ਹਾਲਤ ਬਾਰੇ ਵੀ ਚਿੰਤਾਜਨਕ ਖ਼ਬਰਾਂ ਸਾਹਮਣੇ ਆਈਆਂ। ਕੁਝ ਬੂਥ ਲੈਵਲ ਅਫ਼ਸਰਾਂ ਦੀ ਖ਼ੁਦਕੁਸ਼ੀ ਦੀਆਂ ਖ਼ਬਰਾਂ ਛਪੀਆਂ। ਫਿਰ ਵੀ ਚੋਣ ਕਮਿਸ਼ਨ ਅਸੰਵੇਦਨਸ਼ੀਲ ਰਿਹਾ। ਇਹ ਸਵਾਲ ਵੀ ਉੱਠਦਾ ਹੈ ਕਿ ਚੋਣ ਪ੍ਰਕਿਰਿਆ ਦੌਰਾਨ ਮਾਨਵ ਸੰਵੇਦਨਸ਼ੀਲਤਾ ਨੂੰ ਕਿਉਂ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਕਿਉਂ ਚੋਣ ਕਮਿਸ਼ਨ ਨੇ ਆਪਣੀਆਂ ਅੱਖਾਂ ਅਤੇ ਕੰਨ ਬੰਦ ਕਰੀ ਰੱਖੇ? ਬੂਥ ਅਧਿਕਾਰੀਆਂ ਨੂੰ ਘੱਟ ਸਮੇਂ ਵਿਚ ਵੱਧ ਕੰਮ ਦੇਣ ਨਾਲ ਉਨ੍ਹਾਂ ਉੱਤੇ ਬੋਝ ਵਧਿਆ। ਜੇ ਬਾਅਦ ਵਿਚ ਵੋਟਰ ਸੂਚੀਆਂ ਦੀ ਸੁਧਾਈ ਦੀ ਮਿਆਦ ਵਧਾਈ ਜਾ ਸਕਦੀ ਸੀ, ਤਾਂ ਇਹ ਪ੍ਰਕਿਰਿਆ ਪਹਿਲਾਂ ਹੀ ਸੁਚੱਜੇ ਢੰਗ ਨਾਲ ਕਿਉਂ ਨਹੀਂ ਕੀਤੀ ਗਈ? ਲੋਕਤੰਤਰ ਵਿਚ ਇਹੋ ਜਿਹੀ ਮੁਹਿੰਮ ਕਾਹਲੀ-ਕਾਹਲੀ ਨਿਪਟਾਉਣ ਦੀ ਆਖਰ ਕਿਹੜੀ ਮਜ਼ਬੂਰੀ ਸੀ? ਇਸ ਸਭ ਕੁਝ ਦੇ ਦੌਰਾਨ ਬੂਥ ਲੈਵਲ ਅਫ਼ਸਰਾਂ ਨੂੰ ਜੋ ਪਰੇਸ਼ਾਨੀ ਹੋਈ ਪਰਿਵਾਰਾਂ ਦੇ ਪਰਿਵਾਰ ਤਬਾਹ ਹੋਏ ਉਸ ਦੀ ਜ਼ਿੰਮੇਵਾਰੀ ਆਖ਼ਰ ਕਿਸ ਦੀ ਹੈ? ‘ਆਕਾ’ ਨੂੰ ਖ਼ੁਸ਼ ਕਰਨ ਲਈ ਗ਼ੈਰ-ਲੋਕਤੰਤਰੀ ਕਦਮ ਆਖਰ ਚੋਣ ਕਮਿਸ਼ਨ ਦੇ ਮੱਥੇ ਉੱਤੇ ਕਲੰਕ ਨਹੀਂ ਹੈ?

ਜਨਤਾ ਨੂੰ ਵੀ ਛੱਡ ਦਈਏ, ਵਿਸ਼ਵ ਭਰ ’ਚ ਚੋਣ ਕਮਿਸ਼ਨ ਤੇ ਹਾਕਮਾਂ ਦੀ ਇਸ ਸਬੰਧੀ ਜੋ ਖੇਹ ਉੱਡੀ, ਉਸਨੂੰ ਵੀ ਛੱਡ ਦਈਏ, ਦੋਸ਼ ਹੈ ਕਿ ਬੰਗਾਲ ਦੇ ਸੰਦਰਭ ਵਿਚ ਤਾਂ ਆਈ.ਏ.ਐਸ. ਅਫ਼ਸਰਾਂ ਤੱਕ ਨੂੰ ਮੁੱਖ ਚੋਣ ਕਮਿਸ਼ਨਰ ਦੇ ਖਿਲਾਫ਼ ਬਾਗੀ ਤੇਵਰ ਦਿਖਾਉਣੇ ਪੈ ਗਏ। ਕੁਝ ਮੀਡੀਆ ਰਿਪੋਰਟਾਂ ਮੁਤਾਬਕ ਚੁਣਾਵੀ ਮੀਟਿੰਗਾਂ ਦੌਰਾਨ ਅਧਿਕਾਰੀਆਂ ਨਾਲ ਵੀ ਤਿੱਖੇ ਲਹਿਜ਼ੇ ਵਿਚ ਗੱਲਬਾਤ ਹੋਈ, ਜਿਸ ਨਾਲ ਪ੍ਰਸ਼ਾਸਨਿਕ ਤਣਾਅ ਵਧਿਆ। ਉੱਤਰ ਪ੍ਰਦੇਸ਼ ਸਰਕਾਰ ਦੇ ਪ੍ਰਮੁੱਖ ਸਕੱਤਰ ਪੱਧਰ ਦੇ ਇੱਕ ਅਧਿਕਾਰੀ ਅਨੁਰਾਗ ਯਾਦਵ ਬਤੌਰ ਚੋਣ ਕਮਿਸ਼ਨਰ ਇੱਕ ਬੈਠਕ ’ਚ ਸ਼ਾਮਲ ਸੀ। ਦੋਸ਼ ਹੈ ਕਿ ਮੁੱਖ ਚੋਣ ਕਮਿਸ਼ਨਰ ਦੀ ਬੋਲ ਚਾਲ ਸਬੰਧੀ ਆਈ.ਏ.ਐਸ. ਅਧਿਕਾਰੀ ਨੇ ਕਿਹਾ, ‘ਆਪ ਸਾਡੇ ਨਾਲ ਇਹੋ-ਜਿਹਾ ਵਰਤਾਓ ਨਹੀਂ ਕਰ ਸਕਦੇ।’ ਨਤੀਜਾ ਇਹ ਨਿਕਲਿਆ ਕਿ ਅਨੁਰਾਗ ਯਾਦਵ ਨੂੰ ਉਸ ਅਹੁਦੇ ਤੋਂ ਹਟਾ ਦਿੱਤਾ ਗਿਆ।

ਦੇਸ਼ ਵਿਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ, ਵੋਟਰ ਸੂਚੀ ਦੀ ਸ਼ੁੱਧਤਾ ਅਤੇ ਚੋਣ ਕਮਿਸ਼ਨ ਦੀ ਨਿਰਪੱਖਤਾ ਸਬੰਧੀ ਵਿਰੋਧੀ ਪਾਰਟੀਆਂ ਵੱਲੋਂ ਕਈ ਵਾਰ ਸਵਾਲ ਉਠਾਏ ਗਏ ਹਨ। ਇਨ੍ਹਾਂ ਮਸਲਿਆਂ ‘ਤੇ ਸੰਸਦ ਵਿਚ ਵੀ ਚਰਚਾ ਹੋਈ ਹੈ। ਪੱਛਮੀ ਬੰਗਾਲ ਦੀ ਹਾਕਮ ਧਿਰ ਦੇ ਪ੍ਰਮੁੱਖ ਨੇਤਾ ਡੇਰੈਕ ਓ’ਬਰਾਇਨ ਨੇ ਚੋਣਾਵੀ ਬੈਠਕ ਦੌਰਾਨ ਮੁੱਖ ਚੋਣ ਕਮਿਸ਼ਨਰ ਨਾਲ ਮੁਲਾਕਾਤ ਕੀਤੀ, ਪਰ ਤ੍ਰਿਣਮੂਲ ਕਾਂਗਰਸ ਦੇ ਪ੍ਰਤੀਨਿਧ ਮੰਡਲ ਦਾ ਦੋਸ਼ ਰਿਹਾ ਕਿ ਉਨ੍ਹਾਂ ਦੀ ਗੱਲ ਨੂੰ ਨਜ਼ਰਅੰਦਾਜ਼ ਕੀਤਾ ਗਿਆ ਅਤੇ ਮੀਟਿੰਗ ਸਿਰਫ਼ ਰਸਮੀ ਕਾਰਵਾਈ ਤੱਕ ਸੀਮਿਤ ਰਹੀ। ਸੱਤ ਮਿੰਟ ਦੀ ਸਧਾਰਨ ਗੱਲਬਾਤ ਤੋਂ ਬਾਅਦ ਮੁੱਖ ਚੋਣ ਕਮਿਸ਼ਨਰ ਨੇ ਕਿਹਾ, ‘ਗੈਟ ਲਾਸਟ’। ਵੈਸੇ ਇਹ ‘ਗੈਟ ਲਾਸਟ’ ਜਿਹਾ ਦੋ ਟੁੱਕ ਜਵਾਬ ਚੋਣ ਕਮਿਸ਼ਨ ਵੱਖੋ-ਵੱਖਰੀਆਂ ਵਿਰੋਧੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਦੌਰਾਨ ਵਾਰ-ਵਾਰ ਕਹਿ ਚੁੱਕੇ ਹਨ। ਦੇਸ਼ ’ਚ ਵੋਟ ਮਸ਼ੀਨਾਂ ’ਚ ਹੁੰਦੀ ਵੋਟ-ਚੋਰੀ, ਵੋਟਰਾਂ ਦੇ ਸ਼ੁੱਧੀਕਰਨ, ਭਾਜਪਾ ਨਾਲ ਚੋਣ ਕਮਿਸ਼ਨ ਦੀ ਡੂੰਘੀ ਸਾਂਝ ਤੇ ਗਲਵਕੜੀ ਜਿਹੇ ਇਲਜ਼ਾਮਾਂ ਤਹਿਤ ਮੁੱਖ ਚੋਣ ਕਮਿਸ਼ਨਰ ਦੇ ਖਿਲਾਫ਼ ਵਿਰੋਧੀ ਪਾਰਟੀਆਂ ਵੱਲੋਂ ਸੰਸਦ ’ਚ ਮੁੱਖ ਚੋਣ ਕਮਿਸ਼ਨਰ ਨੂੰ ਅਹੁਦੇ ਤੋਂ ਹਟਾਉਣ ਦਾ ਮਤਾ ਪੇਸ਼ ਕੀਤਾ ਗਿਆ, ਜੋ ਭਾਵੇਂ ਵਿਰੋਧੀ ਪਾਰਟੀਆਂ ਦੀ ਘੱਟ ਗਿਣਤੀ ਕਾਰਨ ਪਾਸ ਨਾ ਹੋ ਸਕਿਆ, ਪਰ ਮੁੱਖ ਚੋਣ ਕਮਿਸ਼ਨਰ ਦੇ ਪੱਖਪਾਤੀ ਰਵੱਈਏ ਦੀ ਭਰਪੂਰ ਚਰਚਾ ਹੋਈ। ਬਿਹਾਰ ਵਿਚ ਜਦੋਂ ਐਸ.ਆਈ.ਆਰ. (ਵੋਟਾਂ ਦੀ ਸ਼ੁੱਧਤਾ) ਦੀ ਪ੍ਰਕਿਰਿਆ ਸ਼ੁਰੂ ਹੋਈ ਸੀ, ਤਦ ਦੋਸ਼ ਲਗਾਏ ਗਏ ਕਿ ਹੁਣ ਤੱਕ ਇੱਕ ਝਾਕੀ ਹੈ,ਬੰਗਾਲ ਬਾਕੀ ਹੈ। ਅਰਥਾਤ ਬੰਗਾਲ ਚੋਣਾਂ ’ਚ ਚੋਣ ਕਮਿਸ਼ਨ ਵੋਟਰ ਸੂਚੀ ਨੂੰ ਲੈ ਕੇ ਸਖ਼ਤ ਹੋਵੇਗਾ। ਉਸ ਸਮੇਂ ਇਹ ਸਿਰਫ਼ ਦੋਸ਼ ਲੱਗੇ ਸਨ, ਪਰ ਹੁਣ ਇਹ ਸਹੀ ਸਾਬਤ ਹੋ ਰਹੇ ਹਨ ਜਦੋਂ ਵੋਟਰ ਸੂਚੀ ਦੇ ਵਿਸ਼ੇਸ਼ ਪੁਨਰ-ਪ੍ਰੀਖਣ ਦੇ ਬਾਅਦ ਪੱਛਮੀ ਬੰਗਾਲ ’ਚ ਲਗਭਗ 91 ਲੱਖ ਵੋਟਰਾਂ ਨੂੰ ਵੋਟਰ ਸੂਚੀਆਂ ’ਚੋਂ ਹਟਾ ਦਿੱਤਾ ਗਿਆ। ਇਹ ਹਟਾਏ ਹੋਏ ਵੋਟਰ ਕੁੱਲ ਵੋਟਰਾਂ ਦਾ 12 ਫ਼ੀਸਦੀ ਹਨ। ਪੱਛਮੀ ਬੰਗਾਲ ਵਿਚ ਵੋਟਰ ਸੂਚੀ ਦੀ ਸੁਧਾਈ ਪ੍ਰਕਿਰਿਆ ਦੌਰਾਨ ਵੀ ਵੱਡੀ ਗਿਣਤੀ ਵਿਚ ਨਾਂ ਕੱਟੇ ਜਾਣ ਦੇ ਦੋਸ਼ ਲੱਗੇ ਹਨ। ਹਾਲਾਂਕਿ ਅਧਿਕਾਰਿਕ ਅੰਕੜਿਆਂ ਦੀ ਪੁਸ਼ਟੀ ਲਾਜ਼ਮੀ ਹੈ, ਪਰ ਇਹ ਮਾਮਲਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਲੋਕਤੰਤਰ ਵਿਚ ਹਰ ਨਾਗਰਿਕ-ਗਰੀਬ, ਅਮੀਰ, ਔਰਤ, ਮਰਦ, ਬਜ਼ੁਰਗ, ਜਵਾਨ ਜਾਂ ਵਿਸ਼ੇਸ਼ ਯੋਗਤਾ ਵਾਲਾ-ਵੋਟ ਦੇ ਅਧਿਕਾਰ ਰਾਹੀਂ ਬਰਾਬਰੀ ਦਾ ਅਹਿਸਾਸ ਕਰਦਾ ਹੈ। ਅੱਜ ਜਦੋਂ ਨਾਗਰਿਕਾਂ ਨੂੰ ਕੇਰਲ, ਅਸਾਮ ਅਤੇ ਪੁਡੂਚੇਰੀ ਵਿਚ ਬੰਪਰ ਵੋਟਿੰਗ ਦਾ ਮੌਕਾ ਮਿਲਿਆ ਤਾਂ ਉਨ੍ਹਾਂ 27 ਲੱਖ ਬੰਗਾਲ ਦੇ ਲੋਕਾਂ ਉੱਤੇ ਕੀ ਬੀਤੇਗੀ, ਜਿਹੜੇ ਚੋਣ ਕਮਿਸ਼ਨ ਦੀਆਂ ਸਖ਼ਤ ਕਾਰਵਾਈਆਂ ਕਾਰਨ, ਵੋਟ ਪਾਉਣ ਤੋਂ ਵਿਰਵੇ ਰਹਿ ਜਾਣਗੇ। ਭਾਵੇਂ ਦੇਸ਼ ਦੇ ਅੰਦਰ ਇੱਕ ਸੂਬੇ ਤੋਂ ਦੂਜੇ ਸੂਬੇ ਨੂੰ ਪਰਵਾਸ ਹੋ ਰਿਹਾ ਹੋਵੇ ਜਾਂ ਬਾਹਰਲੇ ਮੁਲਕਾਂ ਨੂੰ ਭਾਰਤ ਵਾਸੀ ਜਾ ਰਹੇ ਹੋਣ, ਭਾਵੇਂ ਕੋਵਿਡ ਦੌਰਾਨ ਮਹਾਂਮਾਰੀ ਦੇ ਦੌਰ ਚ ਮੌਜੂਦ ਐੱਲ.ਪੀ.ਜੀ. ਦੇ ਸਿਲੰਡਰਾਂ ਦੀ ਕਮੀ ਕਾਰਨ ਲੋਕ ਸ਼ਹਿਰਾਂ ਤੋਂ ਪਿੰਡਾਂ ਵੱਲ ਦੌੜ ਰਹੇ ਹੋਣ, ਤਦ ਸੰਵਿਧਾਨਿਕ ਸੰਸਥਾ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਦਰਕਿਨਾਰ ਕਰਦੇ ਹੋਏ ਉਨ੍ਹਾਂ ਨਾਲ ਦੋ ਟੁੱਕ ‘ਦਫ਼ਾ ਹੋ ਜਾਓ’ ਜਿਹਾ ਵਰਤਾਓ ਕਰੇਗੀ ਤਾਂ ਫਿਰ ਲੋਕਾਂ ਦਾ ਲੋਕਤੰਤਰ ਪ੍ਰਤੀ ਵਿਸ਼ਵਾਸ ਕਿਵੇਂ ਬੱਝੇਗਾ? ਕੁਪੋਸ਼ਣ ਨਾਲ ਇਕੱਠਾ ਹੋਇਆ ਸਰੀਰ, ਸਰੀਰ ਉੱਤੇ ਮਾਮੂਲੀ ਕੱਪੜਿਆਂ ਦੇ ਬਾਅਦ ਵੀ ਜਦੋਂ ਵੋਟਰ ਆਪਣੀ ਉਂਗਲੀ ‘ਤੇ ਲੱਗਿਆ ਨੀਲਾ ਨਿਸ਼ਾਨ ਦਿਖਾਉਂਦਾ ਹੈ, ਤਾਂ ਲੋਕਤੰਤਰ ਵਧਦਾ-ਫੁੱਲਦਾ ਦਿਸਦਾ ਹੈ। ਪਰ ਅੱਜ ਜਦੋਂ ਗ਼ਰੀਬ ਤੋਂ ਵੋਟ ਖੋਹੀ ਜਾ ਰਹੀ ਹੈ ਤਾਂ ਵੋਟਰ ਚਿੰਤਾਤੁਰ ਦਿਸਦਾ ਹੈ। ਜਦੋਂ ਕਿਸੇ ਵੀ ਕਾਰਨ ਕਰਕੇ ਲੋਕ ਵੋਟ ਦੇਣ ਤੋਂ ਵੰਚਿਤ ਰਹਿੰਦੇ ਹਨ, ਤਾਂ ਇਹ ਲੋਕਤੰਤਰ ਲਈ ਚਿੰਤਾਜਨਕ ਗੱਲ ਹੈ। ਸੋਚਣ ਵਾਲੀ ਗੱਲ ਹੈ ਕਿ ਇੱਕ ਗ਼ਰੀਬ ਮਜ਼ਦੂਰ, ਜੋ ਦਿਨ ਭਰ ਦੀ ਮਿਹਨਤ ਤੋਂ ਬਾਅਦ ਵੋਟ ਪਾਉਣ ਨੂੰ ਆਪਣਾ ਫਰਜ਼ ਮੰਨਦਾ ਹੈ, ਜਦੋਂ ਉਸਦਾ ਨਾਮ ਸੂਚੀ ’ਚੋਂ ਗਾਇਬ ਹੋਵੇ, ਤਾਂ ਉਸਦੇ ਮਨ ’ਤੇ ਕੀ ਬੀਤਦੀ ਹੋਵੇਗੀ।

ਇਹ ਗੱਲ ਕਿਸੇ ਤੋਂ ਲੁਕੀ-ਛੁਪੀ ਨਹੀਂ ਹੈ ਕਿ ਆਮ ਨਾਗਰਿਕ ਦੇਸ਼ ਵਿਚ ਵੱਡੇ ਪੱਧਰ ‘ਤੇ ਮਾਈਗ੍ਰੇਸ਼ਨ, ਗ਼ਰੀਬੀ ਅਤੇ ਰੋਜ਼ਗਾਰ ਦੀ ਕਮੀ ਅਤੇ ਭ੍ਰਿਸ਼ਟਾਚਾਰ ਵਰਗੀਆਂ ਸਮੱਸਿਆਵਾਂ ਆਪਣੇ ਪਿੰਡੇ ’ਤੇ ਹੰਢਾ ਰਹੇ ਹਨ। ਫਿਰ ਵੀ ਉਹ ਨਾਗਰਿਕ ਬਣੇ ਰਹਿਣ ਦੀ ਮਜ਼ਬੂਰੀ ਨਿਭਾਉਂਦੇ ਹਨ। ਹਾਲ ਤਾਂ ਇਹ ਹੈ ਕਿ ਪਿਛਲੇ ਦੋ ਦਹਾਕਿਆਂ ਤੋਂ 80 ਕਰੋੜ ਲੋਕ ਆਪਣੇ ਢਿੱਡ ਨੂੰ ਝੁਲਕਾ ਦੇਣ ਲਈ ਸਰਕਾਰ ਦੇ ਮੁਫ਼ਤ ਰਾਸ਼ਨ ’ਤੇ ਨਿਰਭਰ ਹਨ। ਰੋਜ਼ੀ ਰੋਟੀ ਲਈ ਇਹ ਗ਼ਰੀਬ ਵਰਗ ਜਿੱਧਰ ਵੀ ਆਸ ਦੀ ਕਿਰਨ ਦਿਸਦੀ ਹੈ, ਉਧਰ ਹੀ ਭੱਜਦਾ ਹੈ। ਹਾਲਾਤ ਜਦੋਂ ਭੁੱਖਮਰੀ ਵਰਗੇ ਹੋਣਗੇ ਤਾਂ ਪਲਾਇਨ (ਪ੍ਰਵਾਸ) ਤਾਂ ਹੋਣਾ ਹੀ ਹੋਇਆ ਅਤੇ ਏਸੇ ਦੀ ਆੜ ’ਚ ਜਦੋਂ ਚੋਣ ਕਮਿਸ਼ਨ ਉਸ ਦਾ ਦੇਸ਼ ਦਾ ਨਾਗਰਿਕ ਬਣੇ ਰਹਿਣ ਦਾ ਅਧਿਕਾਰ ਖੋਹਦਾ ਹੈ ਤਾਂ ਉਸਦਾ ਸੀਨਾ ਤਾਂ ਤਾਰ-ਤਾਰ ਹੋਣਾ ਹੀ ਹੋਇਆ। ਅਜਿਹੇ ਮੌਕੇ ‘ਤੇ ਜੇ ਸੰਵਿਧਾਨਕ ਸੰਸਥਾਵਾਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਣ ਦੀ ਬਜਾਏ ਸਖ਼ਤੀ ਨਾਲ ਪੇਸ਼ ਆਉਣ, ਤਾਂ ਲੋਕਾਂ ਦਾ ਵਿਸ਼ਵਾਸ ਡੋਲ ਸਕਦਾ ਹੈ।

ਜਦੋਂ ਇੱਕ ਗ਼ਰੀਬ ਵਿਅਕਤੀ ਆਪਣੀ ਉਂਗਲੀ ‘ਤੇ ਲੱਗੀ ਸਿਆਹੀ ਨੂੰ ਮਾਣ ਨਾਲ ਦਿਖਾਉਂਦਾ ਹੈ, ਤਾਂ ਉਹ ਲੋਕਤੰਤਰ ਦੀ ਮਜ਼ਬੂਤੀ ਦਾ ਪ੍ਰਤੀਕ ਹੁੰਦਾ ਹੈ। ਪਰ ਜਦੋਂ ਉਸਨੂੰ ਵੋਟ ਦੇਣ ਤੋਂ ਰੋਕਿਆ ਜਾਂਦਾ ਹੈ, ਤਾਂ ਉਸਦੇ ਮਨ ਵਿਚ ਬੇਗਾਨਗੀ ਦੇ ਭਾਵ ਪੈਦਾ ਹੁੰਦੇ ਹਨ। ਅੱਜ ਵੀ ਦੇਸ਼ ਦਾ ਵੱਡਾ ਵਰਗ ਆਪਣੀ ਰੋਜ਼ੀ-ਰੋਟੀ ਲਈ ਸੰਘਰਸ਼ ਕਰ ਰਿਹਾ ਹੈ। ਮਜ਼ਬੂਰੀਆਂ ਦੇ ਕਾਰਨ ਪਲਾਇਨ ਵੀ ਵਧ ਰਿਹਾ ਹੈ। ਜੇਕਰ ਇਨ੍ਹਾਂ ਹਾਲਾਤਾਂ ਵਿਚ ਲੋਕਾਂ ਦੇ ਵੋਟ ਦੇ ਅਧਿਕਾਰ ‘ਤੇ ਵੀ ਸਵਾਲ ਖੜ੍ਹੇ ਹੋਣ, ਤਾਂ ਇਹ ਲੋਕਤੰਤਰ ਲਈ ਖ਼ਤਰਨਾਕ ਸੰਕੇਤ ਹੈ।

ਚੋਣਾਂ ਨੂੰ ਹਮੇਸ਼ਾਂ ਲੋਕਤੰਤਰ ਦਾ ਤਿਉਹਾਰ ਮੰਨਿਆ ਗਿਆ ਹੈ। ਇਸ ਵਿਚ ਹਰ ਨਾਗਰਿਕ ਦੀ ਭਾਗੀਦਾਰੀ ਦਰਕਾਰ ਹੈ। ਪਰ ਭਾਰਤੀ ਚੋਣ ਅਯੋਗ ਲੋਕਾਂ ਦੀਆਂ ਸਮੱਸਿਆਵਾਂ ਨੂੰ ਦਰਕਿਨਾਰ ਕਰ ਕੇ ਕਿਸੇ ਵਿਸ਼ੇਸ਼ ਧਿਰ ਦੇ ਹੱਕ ’ਚ ਭੁਗਤਦਾ ਨਜ਼ਰ ਆ ਰਿਹਾ ਹੈ। ਜੇਕਰ ਲੋਕਾਂ ਨੂੰ ਹੀ ਲੋਕਤੰਤਰੀ ਚੋਣ ਪ੍ਰਕਿਰਿਆ ਤੋਂ ਦੂਰ ਕੀਤਾ ਜਾਵੇ, ਤਾਂ ਇਹ ਪ੍ਰਣਾਲੀ ਦੀ ਆਤਮਾ ’ਤੇ ਸਵਾਲ ਖੜ੍ਹਾ ਕਰਦਾ ਹੈ।

ਪਹਿਲਾਂ ਚੋਣ ਕਮਿਸ਼ਨ ਨੂੰ ਚੋਣਾਂ ਵਿਚ ਹਿੰਸਾ ਅਤੇ ਧਾਂਧਲੀ ਦੀ ਚਿੰਤਾ ਹੁੰਦੀ ਸੀ, ਪਰ ਹੁਣ ਧਿਆਨ ਕਥਿਤ ਅਯੋਗ ਵੋਟਰਾਂ ‘ਤੇ ਵੱਧ ਦਿੱਤਾ ਜਾ ਰਿਹਾ ਹੈ। ਸਵਾਲ ਇਹ ਹੈ ਕਿ ਕੀ ਵੋਟਰਾਂ ਪ੍ਰਤੀ ਇਸ ਤਰ੍ਹਾਂ ਦਾ ਸਖ਼ਤ ਰਵੱਈਆ ਲੋਕਤੰਤਰ ਲਈ ਘਾਤਕ ਸਾਬਤ ਨਹੀਂ ਹੋਵੇਗਾ? ਕੀ ਦੇਸ਼ ਦੇ ਚੋਣ ਅਯੋਗ ਦੀ ਵੋਟਰਾਂ ਪ੍ਰਤੀ ਦੋ ਟੁੱਕ ‘ਦਫ਼ਾ ਹੋ ਜਾਉ’ ਦੀ ਨੀਤੀ ਲੋਕਤੰਤਰ ਦੇ ਲਈ ਘੁਣ ਨਹੀਂ ਬਣ ਜਾਏਗੀ? ਜੇ ਸਮੇਂ ਸਿਰ ਇਸ ‘ਤੇ ਵਿਚਾਰ ਨਾ ਕੀਤਾ ਗਿਆ, ਤਾਂ ਇਹ ਸੰਵਿਧਾਨਕ ਮੁੱਲਾਂ ਅਤੇ ਲੋਕਤੰਤਰਿਕ ਕਦਰਾਂ-ਕੀਮਤਾਂ ਲਈ ਖ਼ਤਰਾ ਬਣ ਸਕਦਾ ਹੈ। ਲੋਕਤੰਤਰ ਸਿਰਫ਼ ਚੋਣਾਂ ਨਾਲ ਨਹੀਂ, ਸਗੋਂ ਲੋਕਾਂ ਦੇ ਭਰੋਸੇ ਨਾਲ ਚੱਲਦਾ ਹੈ। ਜੇ ਇਹ ਭਰੋਸਾ ਹੀ ਡਗਮਗਾਉਣ ਲੱਗ ਪਏ, ਤਾਂ ਸਭ ਤੋਂ ਵੱਡਾ ਖ਼ਤਰਾ ਕਿਸੇ ਸਰਕਾਰ ਨੂੰ ਨਹੀਂ, ਸਗੋਂ ਪੂਰੇ ਲੋਕਤੰਤਰਕ ਢਾਂਚੇ ਨੂੰ ਹੁੰਦਾ ਹੈ। ਲੋਕਤੰਤਰ ਦੀ ਅਸਲ ਤਾਕਤ ਵੋਟਰ ਦੇ ਹੱਥ ਵਿਚ ਹੁੰਦੀ ਹੈ, ਪਰ ਜਦੋਂ ਵੋਟਰ ਨੂੰ ਹੀ ਆਪਣੀ ਹੋਂਦ ਸਾਬਤ ਕਰਨੀ ਪਵੇ, ਤਾਂ ਇਹ ਲੋਕਤੰਤਰੀ ਪ੍ਰਣਾਲੀ ਲਈ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਬਿਹਾਰ ਤਾਂ ਝਾਕੀ ਹੈ, ਬੰਗਾਲ ਅਜੇ ਬਾਕੀ ਹੈ-ਇਹ ਸਿਰਫ਼ ਸਲੋਗਨ ਨਹੀਂ, ਸਗੋਂ ਲੋਕਤੰਤਰਿਕ ਢਾਂਚੇ ਉੱਤੇ ਉੱਠਦੇ ਸਵਾਲ, ਸ਼ੱਕ ਅਤੇ ਅਵਿਸ਼ਵਾਸ ਦੀ ਝਾਕੀ ਬਣਦਾ ਜਾ ਰਿਹਾ ਹੈ।

ਇੱਕ ਕੌਮ ਸਜਾ ਦਿੱਤੀ, ਪਟਨੇ ਦੇ ਮਾਹੀ ਨੇ।
ਇੱਕ ਯੁੱਗ ਪਲਟਾ ਦਿੱਤਾ, ਉਸ ਸੰਤ ਸਿਪਾਹੀ ਨੇ।
ਸਿੱਖੀ ਨਵਿਆਈ ਏ, ਉਸ ਪੰਜ ਕਕਾਰਾਂ 'ਤੇ
ਉਸ ਪੰਥ ਸਜਾਇਆ ਏ, ਤੇਗਾਂ ਦੀਆਂ ਧਾਰਾਂ 'ਤੇ।




# ਖਾਲਸਾ ਸਾਜਨਾ ਦਿਵਸ ਦੀ ਸਮੂਹ ਸੰਗਤ ਨੂੰ ਕੋਟਾਨਿ-ਕੋਟਿ ਵਧਾਈ



ਖਾਲਸਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਵੱਖ ਪਛਾਣ ਬਖਸ਼ੀ। ਇਹ ਵੱਖ ਪਛਾਣ ਸਵਰੂਪ ਦੇ ਨਾਲ ਹੀ ਸੋਚ, ਜੀਵਨ-ਜਾਚ ਤੇ ਧਾਰਮਿਕ, ਸਮਾਜਿਕ ਆਚਾਰ-ਵਿਵਹਾਰ ਦੀ ਵੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨੂੰ ਆਪਣੇ ਜਿਹਾ ਹੀ ਬਣਾਇਆ। ਗੁਰੂ ਰਾਮਦਾਸ ਜੀ ਦੇ ਵਚਨ ਨੂੰ ਹਕੀਕਤ ਰੂਪ ਦਿੰਦੇ ਹੋਏ ਦਸਮ ਪਿਤਾ ਆਪ ਖਾਲਸਾ ਵਿਚ ਵਰਤੇ, ਆਪਣੇ ਸਾਰੇ ਗੁਣ ਖਾਲਸਾ ਵਿਚ ਬੀਜੇ। ਖਾਲਸਾ ਨੂੰ ਆਪਣੇ ਜਿਹਾ ਹੀ ਧੀਰ ਗੰਭੀਰ, ਧਰਮ ਲਈ ਸੰਕਲਪਬੱਧ, ਰਹਿਤਵੰਤ ਬਣਾਇਆ ਜਿਸ ਦਾ ਕਾਰਜ ਗੁਰੂ ਸਾਹਿਬ ਨੇ ਨੌਂ ਸਾਲ ਦੀ ਆਯੂ ਵਿਚ ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਆਰੰਭ ਕਰ ਦਿੱਤਾ ਸੀ। ਖਾਲਸਾ ਧਾਰਮਿਕ, ਅਧਿਆਤਮਕ ਗਿਆਨ ਵਿਚ ਪ੍ਰਵੀਨ, ਅਸਤਰ-ਸ਼ਸਤਰ ਵਿਦਿਆ ਵਿਚ ਮਾਹਿਰ, ਸਮਾਜਿਕ, ਆਰਥਕ ਜ਼ਿੰਮੇਵਾਰੀ ਪ੍ਰਤੀ ਸੁਚੇਤ ਪਰਮਾਤਮਾ ਭਗਤੀ ਵਿਚ ਰਮਿਆ ਹੋਇਆ ਅਜਿਹਾ ਮਨੁੱਖੀ ਕਿਰਦਾਰ ਸੀ, ਜਿਸ ਦੀ ਰਾਹ ਵਿਚ ਕਿਸੇ ਵੀ ਵਿਘਨ ਦਾ ਟਿਕ ਸਕਣਾ ਅਸੰਭਵ ਸੀ, 'ਨਿਸਚੈ ਕਰ ਅਪਨੀ ਜੀਤ ਕਰੋਂ'। ਖਾਲਸਾ ਸਿਫ਼ਤੀਆਂ ਦਾ ਮਨੁੱਖੀ ਸਮਾਜ ਹੈ। ਉਹ ਸਿਫ਼ਤੀਆਂ ਜਿਨ੍ਹਾਂ ਦੀ ਬਖਸ਼ਿਸ਼ ਪਰਮਾਤਮਾ ਆਪਣੇ ਗੁਣਾਂ ਦੇ ਸਾਗਰ ਤੋਂ ਕਰਦਾ ਹੈ। ਸਿਫ਼ਤੀਆਂ ਕਾਇਮ ਹਨ ਤਾਂ ਹੀ ਖਾਲਸਾਈ ਹੈ। ਖਾਲਸਾਈ ਚੇਤਨਾ ਉਨ੍ਹਾਂ ਗੁਣਾਂ, ਸਿਫਤਾਂ ਦੀ ਠੀਕ ਉਸ ਤਰ੍ਹਾਂ ਦੀ ਪਹਿਰੇਦਾਰੀ ਹੈ ਜੋ ਪਰਮਾਤਮਾ ਨੂੰ ਭਾਉਂਦੀ ਹੈ। ਖਾਲਸਾ ਜਗਤ ਅੰਦਰ ਪਰਮਾਤਮਾ ਦੇ ਗੁਣਾਂ ਦੀ ਪਹਿਰੇਦਾਰੀ ਪਰਮਾਤਮਾ ਦਾ ਖਾਸ ਦੂਤ ਬਣ ਕੇ ਕਰਦਾ ਹੈ।

## ਵਲੋਂ: ਸ. ਰਜਿੰਦਰ ਸਿੰਘ ਟਾਂਡਾ ਅਤੇ ਸਮੂਹ ਪਰਿਵਾਰ

# ਚਾਚਾ ਚੰਡੀਗੜ੍ਹੀਆ ਦੇ ਤੀਰਾਂ ਦੀਆਂ ਤਲਖ, ਤੁਰਸ਼ ਤੇ ਸ਼ੀਰੀ ਚੋਭਾਂ

ਪੰਜਾਬੀ ਲੇਖਕ ਸਭਾ ਵਲੋਂ 1980 ਵਿਚ ਬਲਰਾਜ ਸਾਹਨੀ ਸਨਮਾਨ ਪ੍ਰਾਪਤ ਕਰਨ ਵਾਲੇ ਚਾਚਾ ਚੰਡੀਗੜ੍ਹੀਆ ਵਲੋਂ ਜਾਣੇ ਜਾਂਦੇ ਗੁਰਨਾਮ ਸਿੰਘ ਤੀਰ ਨੂੰ ਮੈਂ 1953 ਤੋਂ ਜਾਣਦਾ ਸਾਂ। ਉਦੋਂ ਉਸ ਨੂੰ ਪ੍ਰਾਤਪ ਸਿੰਘ ਕੈਰੋਂ ਨੇ ਪੰਜਾਬ ਦਾ ਮੁਖ ਮੰਤਰੀ ਹੁੰਦਿਆਂ ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਵਿਚ ਲੋਕ ਸੰਪਰਕ ਅਧਿਕਾਰੀ ਨਿਯੁਕਤ ਕਰਕੇ ਭੇਜਿਆ ਸੀ। ਉਸਦੀ ਰਿਹਾਇਸ਼ ਇੰਡੀਆ ਗੇਟ ਦੇ ਨੇੜੇ ਪੈਂਦੀ ਸਰਕਾਰੀ ਕਾਲੋਨੀ ਪੰਡਾਰਾ ਰੋਡ ਸੀ ਜਿੱਥੇ ਮੇਰੀ ਜੀਵਨ ਸਾਥਣ ਦੀ ਠਾਹਰ ਵੀ ਸੀ। ਉਹ ਦਿਨ ਤੇ ਅਹਿ ਦਿਨ ਅਸੀਂ ਇਕ ਦੂਜੇ ਦੇ ਪਰਿਵਾਰਕ ਮੈਂਬਰ ਚਲੇ ਆ ਰਹੇ ਹਾਂ। ਜੇ ਸੱਚ ਪੁੱਛੋ ਤਾਂ ਜਦੋਂ ਮੈਂ ਦਿੱਲੀ ਦੀ ਸਰਕਾਰੀ ਨੌਕਰੀ ਤੋਂ ਨੌਂ ਸਾਲ ਪਹਿਲਾ ਵਿਹਲਾ ਹੋ ਕੇ ਪੰਜਾਬੀ ਟ੍ਰਿਬਿਊਨ ਦੀ ਸੰਪਾਦਕੀ ਸੰਭਾਲੀ ਤਾਂ ਮੇਰਾ ਚੰਡੀਗੜ੍ਹ ਵਿਚ ਸਵਾਗਤ ਕਰਨ ਵਾਲਾ ਤੀਰ ਵੀ ਸੀ। ਉਸਨੇ 1924 ਤੋਂ 2017 ਦੇ 70 ਸਾਲਾ ਜੀਵਨ ਵਿਚ ਵੱਡਮੁਲੀਆਂ ਹਾਸ-ਵਿਅੰਗ ਪੁਸਤਕਾਂ ਲਿਖੀਆਂ। ਉਸਦਾ 'ਚਾਚਾ ਚੰਡੀਗੜ੍ਹੀਆ' ਸਿਰਲੇਖ ਵਾਲਾ ਕਾਲਮ ਅੱਜ ਵੀ ਸ਼ੌਕ ਨਾਲ ਪੜ੍ਹਿਆ ਜਾਂਦਾ ਹੈ।

ਗੁਰਨਾਮ ਸਿੰਘ ਤੀਰ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਕੋਟ ਸੁਖੀਆ ਦਾ ਜੰਮਪਲ ਸੀ। ਉਸ ਦੇ ਤੀਰਾਂ ਵਿਚ ਮਿੱਠੀਆਂ ਚੋਭਾਂ ਹੁੰਦੀਆਂ ਸਨ। 'ਪਤਨੀਆਂ' ਨਾਂ ਦੀ ਪੁਸਤਕ ਵਿਚ ਹੇਠ ਲਿਖੀ ਗੱਲ ਲਿਖਣ ਵਾਲਾ ਵੀ ਉਹੀਓ ਸੀ।

'ਇੱਕ ਵਕੀਲ ਨੇ ਇੱਕ ਦਿਨ ਆਪਣੀ ਪਤਨੀ ਦਾ ਜ਼ਿਕਰ ਕਰਦਿਆਂ ਕਿਹਾ, ਖ਼ੁਦਾ-ਨਾਖ਼ਾਸਤਾ, ਜੇ ਮੇਰੇ ਵਿਰੁੱਧ ਕੋਈ ਮੁਕੱਦਮਾ ਰਜਿਸਟਰ ਹੋ ਜਾਵੇ ਅਤੇ ਮੇਰੀ ਪਤਨੀ ਇਸ ਤਗਾਸੇ ਦੇ ਅਗਵਾਹ ਵਜੋਂ ਪੇਸ਼ ਹੋਵੇ ਤਦ ਉਹ ਮੈਨੂੰ ਅਵੱਸ਼ ਕੈਦ ਕਰਵਾ ਕੇ ਰਹੇਗੀ।'

ਇੱਕ ਪਤਨੀ ਆਪਣੇ ਪਤੀ ਦੇ ਦੋਸਤਾਂ ਨੂੰ ਕਹਿਣ ਲੱਗੀ ਕਿ ਇਨ੍ਹਾਂ ਨੇ ਪੀ.ਐਚਡੀ. ਕਰਦਿਆਂ ਨੌਂ ਸਾਲ ਸਾਹਿਤ ਨਾਲ ਮੱਥਾ ਮਾਰਿਆ। ਜੇ ਕਿਧਰੇ ਮੈਂ ਇਨ੍ਹਾਂ 'ਤੇ ਪੀ.ਐਚਡੀ. ਕਰਨੀ ਹੋਵੇ ਤਦ ਤਿੰਨਾਂ ਮਹੀਨਿਆਂ ਵਿਚ ਇਨ੍ਹਾਂ ਬਾਰੇ ਅਜਿਹੀ ਸੋਹਣੀ ਪੁਸਤਕ ਲਿਖ ਸਕਦੀ ਹਾਂ ਜਿਹੜੀ ਇਹ ਤੀਹ ਸਾਲ ਵਿਚ ਨਹੀਂ ਲਿਖ ਸਕਦੇ। ਇੱਕ ਸਾਹਿਤਕਾਰ ਮਿੱਤਰ ਨੇ ਕਿਹਾ ਕਿ ਹਰ ਲਿਖਾਰੀ ਦੇ ਘਰ ਦੇ ਜੀਅ ਉਸ ਦੇ ਜੀਵਨ ਅੰਦਰ ਰੁਕਾਵਟ ਵੀ ਹੁੰਦੇ ਹਨ ਅਤੇ ਸਹਾਇਕ ਵੀ। ਇੱਕ ਲੇਖਕ ਨੇ ਇੱਕ ਪੁਸਤਕ ਲਿਖੀ ਅਤੇ ਨਾਲ ਇਹ ਵੀ ਲਿਖਿਆ ਕਿ 'ਇਸ ਨੂੰ ਪੂਰਿਆਂ ਕਰਨ ਲਈ ਮੇਰੇ ਘਰਦਿਆਂ ਨੇ ਬੜੀ ਮਿਲਵਰਤਨ ਦਿੱਤੀ। ਜੇ ਇਹ ਮਿਲਵਰਤਨ ਨਾ ਦਿੱਤੀ ਗਈ ਹੁੰਦੀ ਤਦ ਮੈਂ ਪੰਜ ਸਾਲ ਦੀ ਥਾਂ, ਇਸ ਪੁਸਤਕ ਨੂੰ ਛੇਆਂ ਮਹੀਨਿਆਂ ਵਿਚ ਲਿਖ ਸਕਦਾ ਸਾਂ।'

ਜ਼ਰੂਰੀ ਨਹੀਂ ਕਿ ਪਤਨੀ ਵਿਦਿਅਕ-ਯੋਗਤਾ ਦੇ ਹਿਸਾਬ ਨਾਲ ਉਨੀ ਹੀ ਵਿਦਵਾਨ ਹੋਵੇ, ਜਿਤਨਾ ਉਸ ਦਾ ਪਤੀ ਹੁੰਦਾ ਹੈ। ਪਰ ਪਤੀ ਲਈ ਉਹ ਇੱਕ ਅਟੁੱਟ ਸ਼ਕਤੀ ਹੈ, ਲਾ-ਬਿਆਨ ਹਸਤੀ ਹੈ ਜੋ ਸਭ ਤੋਂ ਨੇੜਲੀ ਸਾਂਝ ਰੱਖਣ ਵਾਲੀ ਹੁੰਦੀ ਹੈ। ਇਸ ਤੋਂ ਨਾ ਛੁਟਕਾਰਾ ਪਾਇਆ ਜਾ ਸਕਦਾ ਹੈ ਅਤੇ ਨਾ ਹੀ ਉਸ ਦੇ ਸਾਰੇ ਹੁਕਮ ਖਿੜੇ-ਮੱਥੇ ਮੰਨੇ ਜਾ ਸਕਦੇ ਹਨ।

ਕਈ ਬੰਦੇ ਆਪਣੀਆਂ ਪਤਨੀਆਂ ਕੋਲੋਂ ਏਨੇ ਦੁਖੀ ਹੋ ਜਾਂਦੇ ਹਨ ਕਿ ਉਹ ਜੋਤਸ਼ੀਆਂ ਵੱਲ ਭੱਜਦੇ ਹਨ ਅਤੇ ਜਾ ਕੇ ਪੁੱਛਦੇ ਹਨ ਕਿ ਉਸ ਦੀ ਪਤਨੀ ਤੋਂ ਉਸ ਦਾ ਕਦੋਂ ਖਹਿੜਾ ਛੁੱਟੇਗਾ?

ਇਸ ਪੁਸਤਕ ਦੇ ਕੁਝ ਪਾਤਰਾਂ ਵਿਚੋਂ ਇੱਕ ਪਾਤਰ ਇੱਕ ਜੋਤਸ਼ੀ ਮਿੱਤਰ ਨੂੰ ਮੂੰਹ-ਮੰਗੀ ਦਖਸ਼ਣਾ ਦੇ ਕੇ ਪੁੱਛਦਾ ਹੈ ਕਿ ਮੇਰੀ ਸ਼੍ਰੀਮਤੀ ਜੀ ਕੋਲੋਂ ਮੇਰਾ ਖਹਿੜਾ ਕਦੋਂ ਕੁ ਛੁਟੇਗਾ?

ਜੋਤਸ਼ੀ ਨੇ ਆਪਣੇ ਕਾਗ਼ਜ਼-ਪੱਤਰ ਪੁੱਠੇ-ਸਿੱਧੇ ਕਰਦਿਆਂ ਕਿਹਾ, 'ਸ਼੍ਰੀ ਮਾਨ ਜੀ, ਮੇਰੇ ਜੋਤਿਸ਼ ਮੁਤਾਬਿਕ, ਤੁਹਾਡੀ ਪਤਨੀ ਤੁਹਾਡੇ ਅਕਾਲ-ਚਲਾਣਾ ਕਰਨ ਤੋਂ ਵੀਹ ਸਾਲ ਬਾਅਦ ਤੱਕ ਤੁਹਾਡੇ ਘਰ ਦੀ ਦੇਖ-ਭਾਲ ਕਰੇਗੀ।' ਪੁੱਛਣ ਵਾਲਾ ਚੁੱਪ ਕਰ ਕੇ ਬੈਠ ਗਿਆ।

ਪਤੀ ਪਤਨੀ ਦੇ ਘਰੇਲੂ-ਸੰਬੰਧ ਅਜਿਹੇ ਦੋਸਤੀ ਭਰੇ ਹੁੰਦੇ ਹਨ ਕਿ ਜੇ ਸੁਚੱਜੇ ਢੰਗ ਨਾਲ ਬਿਆਨ ਕੀਤੇ ਜਾਣ ਤਦ ਉੱਚ ਦਰਜੇ ਦਾ ਹਾਸ-ਵਿਅੰਗ ਪੈਦਾ ਕਰ ਦਿੰਦੇ ਹਨ।



ਮੇਰੇ ਇੱਕ ਨਾਟਕ ਦੇ ਦੋ ਪਾਤਰਾਂ ਨੇ ਇੱਕ ਵਾਰ ਆਪਣੇ ਸੰਬੰਧਾਂ ਬਾਰੇ ਅਜੀਬ ਕਿਸਮ ਦੀਆਂ ਗੱਲਾਂ ਦੱਸੀਆਂ।

ਇੱਕ ਦਿਨ ਪਤੀ-ਦੇਵ ਕਹਿਣ ਲੱਗਾ ਕਿ ਅੱਜ ਘਰ ਦੇ ਸਾਰੇ ਜੀ ਇਕੱਠੇ ਹੋ ਕੇ ਇੱਕ-ਇੱਕ ਮੰਗ ਲਿਖਣ। ਉਹ ਸਾਰਿਆਂ ਨੂੰ ਪ੍ਰਵਾਨ ਕਰਨੀ ਪਵੇਗੀ ਅਤੇ ਅਜਿਹੀ ਮੰਗ ਸਰਬ-ਸੰਮਤੀ ਨਾਲ ਸਾਰਿਆਂ 'ਤੇ ਲਾਗੂ ਹੋਵੇਗੀ।

ਪਤੀ ਨੇ ਇੱਕ ਕਾਗ਼ਜ਼ 'ਤੇ ਲਿਖਿਆ ਕਿ ਅੱਜ ਤੋਂ ਬਾਅਦ ਮੇਰੀ ਪਤਨੀ ਦਾ ਮੇਰੇ ਨਾਲ ਕੋਈ ਸੰਬੰਧ ਨਹੀਂ ਹੋਵੇਗਾ। ਉਹ ਆਪਣੇ ਲੀੜੇ-ਲੱਤੇ ਅਤੇ ਗਹਿਣੇ-ਗੱਟੇ ਚੁੱਕ ਕੇ, ਅੱਜ ਹੀ ਇਥੋਂ ਚਲੀ ਜਾਵੇਗੀ। ਫੇਰ ਕਿਸੇ ਅਦਾਲਤ ਰਾਹੀਂ ਵੀ ਵਾਪਿਸ ਆਉਣ ਦਾ ਮੌਕਾ ਨਹੀਂ ਦੇਵੇਗੀ।'

ਜਦੋਂ ਪਤਨੀ ਦਾ ਕਾਗ਼ਜ਼ ਖੋਲ੍ਹਿਆ ਗਿਆ, ਉਸ ਵਿਚ ਲਿਖਿਆ ਸੀ, 'ਮੇਰਾ ਪਤੀ ਦਿਮਾਗ਼ੀ ਤੌਰ 'ਤੇ ਉੱਖੜਿਆ ਹੋਇਆ ਹੈ। ਇਸ ਦੀ ਕਿਸੇ ਗੱਲ ਨੂੰ ਕਿਸੇ ਕਿਸਮ ਦਾ ਕੋਈ ਵਜ਼ਨ ਨਹੀਂ ਦੇਣਾ ਚਾਹੀਦਾ। ਇਹ ਅੱਜ ਜੋ ਵੀ ਪੇਸ਼ ਕਰੇਗਾ ਉਹ ਸਰਬ-ਸੰਮਤੀ ਨਾਲ ਰੱਦ ਕੀਤਾ ਜਾਵੇਗਾ।'

ਜਦੋਂ ਇਹ ਪਰਚੀ ਕੱਢੀ ਗਈ ਤਾਂ ਪਤੀ-ਦੇਵ ਮਾਯੂਸੀ ਨਾਲ ਸਾਰੇ ਟੱਬਰ ਦੇ ਜੀਆਂ ਵੱਲ ਝਾਕਦਾ ਹੋਇਆ ਕਹਿਣ ਲੱਗਾ, 'ਇਸ ਨੂੰ ਕਹਿੰਦੇ ਨੇ ਉਮਰ-ਕੈਦ। ਮੈਂ ਇਸ ਸਜ਼ਾ ਨੂੰ ਖਿੜੇ-ਮੱਥੇ ਪ੍ਰਵਾਨ ਕਰਦਾ ਹਾਂ।'

ਵਿਅੰਗ ਦੀ ਇੱਕ ਮੰਨੀ-ਪ੍ਰਮੰਨੀ ਸ਼ਕਤੀ ਇਹ ਹੈ ਕਿ ਇਹ ਜ਼ਿੰਦਗੀ ਨਾਲ ਗੁੱਸੇ ਹੋਏ ਔਰੰਗਜ਼ੇਬ ਵਰਗੇ ਬਾਦਸ਼ਾਹ ਨੂੰ ਹਸਾ ਦਿੰਦਾ ਹੈ।

ਪੰਜਾਬ ਦੇ ਕੁੱਝ ਜੱਟਾਂ ਨੂੰ ਫੜ ਕੇ ਔਰੰਗਜ਼ੇਬ ਦੇ ਦਰਬਾਰ ਵਿਖੇ ਲਿਜਾ ਕੇ ਕਿਹਾ ਗਿਆ ਕਿ ਕਿ ਉਹ ਇਸਲਾਮ ਕਬੂਲ ਕਰਨ।

ਜੱਟਾਂ ਦਾ ਇੱਕ ਆਗੂ ਕਹਿਣ ਲੱਗਾ, 'ਮਹਾਰਾਜ ਏਡਾ ਵਧੀਆ ਧਰਮ ਜ਼ਰੂਰ ਕਬੂਲ ਕਰਾਂਗੇ, ਪਰ ਤੁਹਾਡੇ ਪਿਛਲੇ ਵੱਡੇ-ਵਡੇਰੇ, ਸਾਡੇ ਵੱਡੇ-ਵਡੇਰਿਆਂ ਨੂੰ ਇਸਲਾਮ ਕਬੂਲ ਕਰਨ ਲਈ ਦੋ-ਦੋ ਲੱਖ ਰੁਪਏ ਦਾਨ ਦਿਆ ਕਰਦੇ ਸਨ, ਅਤੇ ਤੁਸੀਂ ਘੱਟੋ-ਘੱਟ ਸਾਨੂੰ ਇੱਕ-ਇੱਕ ਲੱਖ ਰੁਪਏ ਤਾਂ ਦਿਓ।'

ਔਰੰਗਜ਼ੇਬ ਹੈਰਾਨ ਹੋ ਕੇ ਕਹਿਣ ਲੱਗਾ, 'ਕੀ ਤੁਸੀਂ ਪਹਿਲਾ ਵੀ ਇਸਲਾਮ ਧਾਰਨ ਕਰ ਚੁੱਕੇ ਹੋ?

ਜੱਟਾਂ ਦਾ ਆਗੂ ਕਹਿਣ ਲੱਗਾ, 'ਜਨਾਬ ਗੱਡੇ ਦੇ ਪਹੀਏ ਵਾਂਗੂ ਚਲਦੇ ਰਹਿਣਾ ਠੀਕ ਹੈ।' ਔਰੰਗਜ਼ੇਬ ਇਨ੍ਹਾਂ ਦੀਆਂ ਗੱਲਾਂ ਸੁਣ ਕੇ ਖਿੜ-ਖਿੜਾ ਕੇ ਹੱਸ ਪਿਆ ਅਤੇ ਕਹਿਣ ਲੱਗਾ, 'ਤੁਸੀਂ ਅਜੀਬ ਕਿਸਮ ਦੇ ਧਾਰਮਿਕ ਲੋਕ ਹੋ, ਜਿਹੜੇ ਪੈਸੇ ਲੈ ਕੇ ਧਰਮ ਬਦਲਦੇ ਹੋ।'

ਜੱਟ ਸੁਣ ਕੇ ਕਹਿਣ ਲੱਗੇ, 'ਅਸੀਂ ਤਾਂ ਇਹੀ ਉਡੀਕਦੇ ਰਹਿੰਦੇ ਹਾਂ ਕਿ ਕਦੋਂ ਇਹ ਬਾਦਸ਼ਾਹ ਮਰਦਾ ਹੈ ਅਤੇ ਕਦੋਂ ਅਗਲਾ ਆਉਂਦਾ ਹੈ?'

ਔਰੰਗਜ਼ੇਬ ਨੇ ਹੱਥ ਜੋੜ ਕੇ ਉਨ੍ਹਾਂ ਨੂੰ ਵਾਪਸੀ ਕਿਰਾਇਆ ਦਿੱਤਾ ਅਤੇ ਕਿਹਾ ਕਿ ਅਜੇ ਤੁਸੀਂ ਪਿਛਲਾ ਹੀ ਧਰਮ ਚਲਾਓ, ਅਗਲੇ ਦੀ ਗੱਲ ਫੇਰ ਕਰਾਂਗੇ। ਸਰਦਾਰ ਪਟੇਲ ਨੇ ਪੈਪਸੂ-ਸਟੇਟ ਦਾ ਉਦਘਾਟਨ ਕਰਦਿਆਂ ਬੜੇ ਅੰਦਾਜ਼ ਵਿਚ ਮਹਾਰਾਜਾ ਪਟਿਆਲਾ ਬਾਰੇ ਕਿਹਾ, 'ਮੇਰੀ ਬੜੀ ਇੱਛਾ ਥੀ, ਮੈਂ ਐਸੇ ਮਹਾਰਾਜੇ ਕੀ ਪਰਜਾ ਬਨ ਪਾਤਾ।' ਜਦੋਂ ਇਬਰਾਹਿਮ ਲਿੰਕਨ ਅਮਰੀਕਾ ਦਾ ਪ੍ਰਧਾਨ ਬਣਿਆ ਤਦ ਉਸ ਨੇ ਆਪਣੇ ਇੱਕ ਸਾਥੀ ਨੂੰ ਕਿਹਾ, 'ਓਹ ਸਾਹਮਣੇ ਵਾਲੀ ਗਲੀ ਵਿਚ ਸੌ ਕੁ ਗਜ਼ ਅੱਗੇ ਨੂੰ ਜਾ ਕੇ ਮੁੜ ਜਾਣਾ, ਓਸ ਗਲੀ ਵਿਚ ਅੱਗੇ ਜਾ ਕੇ ਇੱਕ ਵੱਡਾ ਸਾਰਾ ਦਲਾਨ ਹੋਵੇਗਾ। ਉਹ ਦੇ ਵਿਚ ਇੱਕ ਉਧੇੜ ਉਮਰ ਦੀ ਔਰਤ ਚਰਖ਼ਾ ਚਲਾ ਰਹੀ ਹੋਵੇਗੀ। ਤੂੰ ਉਸ ਨੂੰ ਇਹ ਖ਼ੁਸ਼-ਖ਼ਬਰੀ ਦੇ ਦੇਣੀ, 'ਕਿ ਤੇਰੇ ਘਰ ਵਾਲਾ ਅਮਰੀਕਾ ਦਾ ਪ੍ਰਧਾਨ ਬਣ ਗਿਆ ਹੈ।' ਓਹ ਅਵਸ਼ ਤੇਰਾ ਮੂੰਹ ਮਿੱਠਾ ਕਰਵਾਵੇਗੀ।

ਸੁਨੇਹਾ ਦੇਣ ਵਾਲਾ ਸੱਜਣ ਮੁਸਕਰਾਉਂਦਾ ਹੋਇਆ ਮਿਸਜ਼ ਲਿੰਕਨ ਕੋਲ ਜਾ ਪੁੱਜਿਆ ਅਤੇ ਕਹਿਣ ਲੱਗਾ, 'ਮੈਡਮ ਵਧਾਈ ਹੋਵੇ ਲਿੰਕਨ ਸਾਹਿਬ ਅਮਰੀਕਾ ਦੇ ਪ੍ਰਧਾਨ ਬਣ ਗਏ ਹਨ?'

ਮਿਸਜ਼ ਲਿੰਕਨ ਮੂੰਹ ਵਿੰਗਾ ਕਰਦੇ ਕਹਿਣ ਲੱਗੀ, 'ਅੱਗੇ ਚੰਦਰਾ ਕਿਹੜਾ ਘਰ ਵੜਦਾ ਸੀ, ਜੇ ਵੜ ਵੀ ਜਾਂਦਾ ਸੀ ਤਦ ਆਪਣੇ ਕਾਗ਼ਜ਼-ਪੱਤਰ ਪੜ੍ਹ-ਪੜ੍ਹ ਕੇ ਵਕਤ ਖ਼ਰਾਬ ਕਰਦਾ ਰਹਿੰਦਾ ਸੀ। ਕਦੇ ਸਿੱਧੇ ਮੂੰਹ ਗੱਲ ਨਹੀਂ ਸੀ ਕਰਦਾ। ਹੁਣ ਉਹ ਬਿਲਕੁਲ ਹੀ ਕਿਸੇ ਕੰਮ ਦਾ ਨਹੀਂ ਰਿਹਾ।'

ਹੁਣ ਮੇਰੇ ਵੱਲੋਂ ਚਾਚਾ ਚੰਡੀਗੜ੍ਹੀਆ ਦੀ ਆਪਣੀ ਗੱਲ

'ਭਾਬੀ ਕੀ ਗੱਲ ਅੱਜ ਸੂਲ-ਸੂਲ ਕਰ ਰਹੀ ਹੈਂ, ਕਿਧਰੇ ਫਿਰ ਤਾਂ ਨਹੀਂ ਆਪੋ ਵਿਚ ਲੜ ਪਏ?' ਚੰਨ ਦੀ ਨਨਾਣ ਜੀਤਾਂ ਨੇ ਆਪਣੀ ਭਰਜਾਈ ਨੂੰ ਬੜੀ ਹਮਦਰਦੀ ਨਾਲ ਪੁੱਛਿਆ।

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਚੰਨੋ ਕਹਿਣ ਲੱਗੀ, 'ਮੇਰੇ ਹੱਡ-ਪ੍ਰਾਣ ਤਾਂ ਰੱਬ ਨੇ ਸ਼ਾਇਦ ਇਸੇ ਲਈ ਬਣਾਏ ਸਨ ਕਿ ਤੇਰਾ ਭਰਾ ਪ੍ਰਾਣੀਆਂ ਮਾਰ-ਮਾਰ ਕੇ ਤੋੜ ਦੇਵੇ। ਕਈ ਵਾਰ ਮਾੜੀ ਜਿਹੀ ਗੱਲ 'ਤੇ ਡਾਂਗ ਚੁੱਕ ਲੈਂਦਾ ਹੈ।' ਜੀਤਾਂ ਕੁਝ ਮੁਸਕਰਾ ਕੇ ਬੋਲੀ, 'ਭਾਬੀ ਇਹ ਤਾਂ ਸਭ ਪਿਆਰ ਦੀਆਂ ਗੱਲਾਂ ਹਨ। ਜੋਗਿੰਦਰ ਵੀਰ ਤੈਨੂੰ ਬੜਾ ਪਿਆਰ ਕਰਦਾ। ਇਸੇ ਕਰਕੇ ਕਦੇ-ਕਦੇ ਲੋੜ ਤੋਂ ਵੱਧ ਲੜਾਈ-ਝਗੜਾ ਵੀ ਕਰ ਜਾਂਦਾ ਹੈ। ਅਗਲੇ ਦਿਨ ਇਕ ਮਾਸਟਰ ਜੀ ਸਾਡੇ ਸਕੂਲ ਵਿਚ ਇਕ ਅੰਗਰੇਜ਼ ਲਿਖਾਰੀ, ਮਿਸਟਰ ਡਾਰਲਿੰਗ ਦੀ ਕਿਤਾਬ ਪੜ੍ਹ ਕੇ ਸੁਣਾ ਰਹੇ ਸਨ। ਉਹ ਕਿਸੇ ਵੇਲੇ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਡਿਪਟੀ ਕਮਿਸ਼ਨਰ ਲੱਗੇ ਸਨ। ਜਦੋਂ ਦੌਰਾ ਕਰਦੇ ਹੋਏ ਸਾਡੇ ਪਿੰਡ ਬਾਘੇ ਪੁਰਾਣੇ ਪੁੱਜੇ ਤਦ ਇਕ ਬੁੱਢੀ ਨੇ ਡਾਰਲਿੰਗ ਸਾਹਿਬ ਨੂੰ ਕਿਹਾ, 'ਸਾਹਿਬ ਮੇਰਾ ਜਵਾਈ ਮੇਰੀ ਧੀ ਨੂੰ ਪਿਆਰ ਨਹੀਂ ਕਰਦਾ।' ਸਾਹਿਬ ਬੜਾ ਹੈਰਾਨ ਹੋਇਆ ਤੇ ਕਹਿਣ ਲੱਗਾ, 'ਮਾਈ ਤੈਨੂੰ ਖ਼ਾਹਮਖ਼ਾਹ ਸ਼ੱਕ ਹੋ ਗਿਆ ਹੈ। ਤੇਰੇ ਕੋਲ ਕੀ ਸਬੂਤ ਹੈ ਤੇਰਾ ਜਵਾਈ ਤੇਰੀ ਧੀ ਨੂੰ ਪਿਆਰ ਨਹੀਂ ਕਰਦਾ? ਫਿਰ ਇਸ ਮਾਮਲੇ ਵਿਚ ਡਿਪਟੀ ਕਮਿਸ਼ਨਰ ਕੀ ਕਰ ਸਕਦਾ ਹੈ?'

ਮਾਈ ਸਾਹਿਬ ਨੂੰ ਕਹਿਣ ਲੱਗੀ, 'ਸਾਹਿਬ ਮੇਰੇ ਜਵਾਈ ਨੇ ਕਦੇ ਮੇਰੀ ਧੀ ਨੂੰ ਕੁੱਟਿਆ ਨਹੀਂ ਅਤੇ ਨਾ ਕੁੱਟਣਾ ਇਸ ਗੱਲ ਦਾ ਸਭ ਤੋਂ ਵੱਡਾ ਸਬੂਤ ਹੈ ਕਿ ਉਹ ਉਸ ਨੂੰ ਪਿਆਰ ਨਹੀਂ ਕਰਦਾ। ਜੇ ਜੱਟ ਦਾ ਪੁੱਤ ਆਪਣੀ ਰੰਨ ਨੂੰ ਪਿਆਰ ਕਰਦਾ ਹੋਵੇ ਤਦ ਕਦੇ-ਕਦੇ ਉਸ ਦੇ ਮੌਰ ਵੀ ਸੇਕਦਾ ਹੈ।'

ਸਾਹਿਬ ਮਾਈ ਦੀ ਗੱਲ 'ਤੇ ਹੱਸ ਪਿਆ। ਸੋ ਭਾਬੀ ਜੀ, ਵੀਰ ਜੋਗਿੰਦਰ ਉਸ ਮਾਈ ਦੇ ਹਿਸਾਬ ਨਾਲ ਤੈਨੂੰ ਜ਼ਿਆਦਾ ਹੀ ਪਿਆਰ ਕਰਦਾ ਹੈ, ਇਸੇ ਲਈ ਕਦੇ-ਕਦੇ ਬਲਦਾਂ ਵਾਲੀ ਪੁਰਾਣੀ ਨਾਲ ਇੱਕ-ਦੋ ਕਰਾਰੀਆਂ- ਕਰਾਰੀਆਂ ਜੜ੍ਹ ਜਾਂਦਾ ਹੈ।'

ਗੁੱਸਾ ਕਰਨ ਦੀ ਥਾਂ ਚੰਨੋ ਮੁਸਕਰਾ ਪਈ ਤੇ ਕਹਿਣ ਲੱਗੀ, 'ਜੀਤਾਂ ਜਦੋਂ ਤੇਰਾ ਵਿਆਹ ਹੋਇਆ ਫਿਰ ਵੇਖਾਂਗੇ ਘਰ ਵਾਲਾ ਕਿਹੜੇ ਢੰਗ ਨਾਲ ਪਿਆਰ ਕਰਦਾ ਹੈ।' ਤੀਰ ਸਾਹਿਬ ਦਾ ਅਜੋਕਾ ਪਰਿਵਾਰ ਵੀ ਖੁਸ਼ੀ ਵਸਦਾ ਹੈ। ਚੰਡੀਗੜ੍ਹ ਵਿਚ ਮੇਰੇ ਵਾਲੇ ਸੈਕਟਰ ਦੀ ਕੋਠੀ ਨੰਬਰ 1521 ਵਿਚ ਉਸ ਦੀ ਧੀ ਬੱਬੂ ਤੀਰ, ਜੁਆਈ ਗੁਰਮੋਹਨ ਸਿੰਘ ਸੰਧੂ ਅਤੇ ਉਨ੍ਹਾਂ ਦਾ ਸਮੁੱਚਾ ਪਰਿਵਾਰ ਸ਼ਾਮਿਲ ਹੈ ਜਿਨ੍ਹਾਂ ਵਿਚ ਉਨ੍ਹਾਂ ਦੀਆਂ ਡਾਕਟਰੀ ਪਾਸ ਧੀਆਂ ਸੀਰਤ ਕੌਰ ਤੇ ਫਤਿਹ ਸਿੰਘ ਗਿੱਲ ਅਤੇ ਨਿਮਰਤ ਕੌਰ ਸਿੱਧੂ ਤੇ ਸਹਿਜਬੀਰ ਸਿੰਘ ਸਿੱਧੂ ਮੌਜਾਂ ਮਾਣਦੇ ਹਨ।

ਨੱਬਿਆਂ ਦੀ ਮਾਲੀ ਮਾਰਨ ਵਾਲੇ ਪੁਰਾਣੇ ਮਿੱਤਰ ਵਲੋਂ ਤੀਰ ਪਰਿਵਾਰ ਜ਼ਿੰਦਾਬਾਦ!

# ਅਮਰੀਕਾ ਵੱਸਦੇ ਇੱਕ ਵੀਰ ਦੀ ਹੱਡ-ਬੀਤੀ

ਦਸਵੀਂ ਵਿਚੋਂ ਫੇਲ੍ਹ ਕਾਹਦਾ ਹੋਇਆ...ਇੰਝ ਲੱਗੇ ਮੇਰਾ ਕੁਲ ਵਜੂਦ ਹੀ ਪੱਥਰ ਹੋ ਗਿਆ ਹੋਵੇ!

ਕੁੱਲ ਜਹਾਨ ਦੇ ਮਜ਼ਾਕ ਤਾਹਨੇ-ਮੇਹਣੇ ਠਿੱਠ ਟਿਚਕਰਾਂ...ਕੇਰਾਂ ਤਾਂ ਜੀ ਕੀਤਾ ਦੌੜ ਕੇ ਮਾਂ ਦੀ ਬੁੱਕਲ ਵਿਚ ਵੜ ਜਾਵਾਂ ਫੇਰ ਨਿਕਲਾਂ ਹੀ ਨਾ...ਓਹੀ ਮਾਂ ਜਿਹੜੀ ਮੇਰੀ ਖਾਤਿਰ ਸਾਰੇ ਜਹਾਨ ਦੀਆਂ ਸਨੋਤਾਂ ਅਤੇ ਉਲ੍ਹਾਮੇਂ ਸਹਿੰਦੀ...ਤਾਂ ਵੀ ਹਮੇਸ਼ਾਂ ਮੇਰਾ ਪੱਖ ਹੀ ਪੂਰਿਆ ਕਰਦੀ...ਅੰਮ੍ਰਿਤਧਾਰੀ ਹੋ ਕੇ ਵੀ ਮੇਰੀ ਖਾਤਿਰ ਕਿੰਨਾ ਝੂਠ ਬੋਲ ਜਾਂਦੀ!

ਜਦੋਂ ਵੀ ਟਾਈਮ ਮਿਲਦਾ...ਗੁਰਦੁਆਰਾ ਸ਼ਹੀਦਾਂ ਸਾਬ ਅੱਪੜ ਅਰਦਾਸ ਕਰਦੀ...ਹੇ ਬਾਬਾ ਦੀਪ ਸਿੰਘ ਜੀ ਮੇਰੇ ਪੁੱਤ ਦੀ ਰਾਖੀ ਕਰਨਾ...!


ਮੈਨੂੰ ਅਫਸੋਸ ਕੇ ਫੇਲ੍ਹ ਵਾਲੀ ਖਬਰ ਕਰਕੇ ਅੱਜ ਉਸਦਾ ਦਿਲ ਵੀ ਬੁਰੀ ਤਰ੍ਹਾਂ ਟੁੱਟ ਜਾਣਾ ਸੀ...ਸੋਚਾਂ ਦੀ ਘੁੰਮਣ-ਘੇਰੀ ਵਿਚ ਪਿਆ ਮੈਂ ਅੰਮ੍ਰਿਤਸਰ ਰੇਲਵੇ ਟੇਸ਼ਨ ਭੰਡਾਰੀ ਪੁਲ ਹੇਠ ਲੰਘਦੀ ਲਾਈਨ ਦੇ ਨਾਲ ਪਈ ਪੱਥਰ ਦੀ ਨਿੱਕੀ ਜਿਹੀ ਸਿਲ 'ਤੇ ਆਣ ਬੈਠਾ!

ਮੈਂ ਮਨ ਲਗਪਗ ਬਣਾ ਹੀ ਚੁਕਿਆ ਸਾਂ...ਸ਼ਾਮੀਂ ਪੰਜ ਵਜੇ ਵਾਲੀ ਸ਼ਤਾਬਦੀ...ਇੰਜਣ ਤੋਂ ਬਾਅਦ ਵਾਲਾ ਪਹਿਲਾ ਡੱਬਾ...ਬੱਸ ਟੀਕੇ ਜਿੰਨੀ ਪੀੜ ਹੀ ਤਾਂ ਹੋਣੀ...ਫੇਰ ਜ਼ਮਾਨੇ ਭਰ ਦੀਆਂ ਮੁਸ਼ਕਿਲਾਂ ਤੋਂ ਸਦਾ ਲਈ ਨਿਜਾਤ...ਸਭ ਕੁਝ ਦਾ ਸਦੀਵੀਂ ਖਾਤਮਾ!

ਐਨ ਪੰਜ ਵਜੇ ਇੰਝਣ ਦੀ ਸੀਟੀ ਵੱਜੀ ਅਤੇ ਗੱਡੀ ਪਲੇਟਫਾਰਮ ਤੋਂ ਚੱਲ ਪਈ...ਮੈਂ ਵੀ ਹੌਲੇ ਕਦਮੀਂ ਆਉਂਦੀ ਹੋਈ ਵੱਲ ਵਧਣਾ ਸ਼ੁਰੂ ਕਰ ਦਿੱਤਾ...ਤਜਰਬੇਕਾਰ ਡਰਾਈਵਰ...ਮੇਰੇ ਤੁਰਨ ਦੇ ਸਟਾਈਲ ਤੋਂ ਸ਼ਾਇਦ ਅਹਿਸਾਸ ਹੋ ਗਿਆ ਸੀ ਕਿ ਮਰਨ ਲਈ ਤੁਰਿਆ ਆਉਂਦਾ...ਲਗਾਤਾਰ ਕਿੰਨੀਆਂ ਸੀਟੀਆਂ ਮਾਰੀਆਂ...ਐਮਰਜੈਂਸੀ ਬ੍ਰੇਕ ਵੀ ਲਾਈ ਪਰ ਲੋਹੇ ਦਾ ਏਡਾ ਵੱਡਾ ਪਹਾੜ ਛੇਤੀ ਕੀਤਿਆਂ ਕਿਥੇ ਥੰਮ੍ਹਦਾ...!

ਕਾਲ ਸਿਰ 'ਤੇ ਸਵਾਰ...ਮੈਂ ਹੋਰ ਕਾਹਲੇ ਕਦਮੀਂ ਤੁਰਨਾ ਸ਼ੁਰੂ ਕਰ ਦਿੱਤਾ...ਬਸ ਸਕਿੰਟਾਂ ਦੀ ਹੀ ਖੇਡ ਬਾਕੀ ਰਹਿ ਗਈ ਹੋਣੀ ਕਿ ਅਚਾਨਕ ਪਿਛਲੇ ਪਾਸਿਓਂ ਇੱਕ ਭਾਰੀ ਭਰਕਮ ਹੱਥ ਨੇ ਮੈਨੂੰ ਮੋਢਿਆਂ ਤੋਂ ਫੜ ਵੱਡਾ ਹਲੂਣਾ ਦਿੱਤਾ...!

ਪਰਤ ਕੇ ਦੇਖਿਆ ਤਾਂ ਇੱਕ ਲੰਮੇ ਦਾਹੜੇ ਵਾਲੇ ਬਾਬਾ ਜੀ...ਭਰਵਾਂ ਜੁੱਸਾ...ਉੱਚਾ ਲੰਮਾ ਕਦ...ਗਾਤਰਾ ਪਾਈ ਨਿੰਮਾ



ਨਿੰਮਾ ਹੱਸਦੇ ਹੋਏ ਆਖਣ ਲੱਗੇ...ਨਾ ਪੁੱਤ ਇੰਜ ਥੋੜਾ ਕਰੀਦਾ ਹੁੰਦਾ...ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿਣਾ!

ਮੈਂ ਉਸ ਤਲਿਸਮੀਂ ਮੁਖੜੇ ਨੂੰ ਤੱਕਦਾ ਹੀ ਰਹਿ ਗਿਆ...ਮੰਤਰਮੁਗਧ...ਸਪੇਰੇ ਦੀ ਬੀਨ ਤੇ ਕੀਲਿਆ ਹੋਇਆ...ਇਹ ਵੀ ਪਤਾ ਨਾ ਲੱਗਾ ਕਦੋਂ ਆਈ ਤੇ ਕੋਲੋਂ ਦੀ ਲੰਘ ਕਦੋਂ ਅੱਖੋਂ ਓਹਲੇ ਹੋ ਗਈ...!

ਨਿਰਾ ਪੂਰਾ ਬਾਬਾ ਦੀਪ ਸਿੰਘ ਜੀ ਦਾ ਸਰੂਪ...ਗੱਲਾਂ ਕਰਦਿਆਂ ਮੈਨੂੰ ਕਲਾਵੇ ਵਿਚ ਲੈ ਲਾਈਨਾਂ ਪਾਰ ਕਰਵਾ ਹਾਲ ਗੇਟ ਵਾਲੇ ਪਾਸੇ ਨੂੰ ਹੋ ਤੁਰੇ...ਲੰਘਦੇ ਹੋਏ ਆਟੋ ਨੂੰ ਹੱਥ ਦਿੱਤਾ ਤੇ ਵਿਚ ਬਿਠਾਉਂਦੇ ਹੋਏ ਆਖਣ ਲੱਗੇ ਕਿ ਜਾ ਪਹਿਲੋਂ ਦਰਬਾਰ ਸਾਹਬ ਮੱਥਾ ਟੇਕ ਕੇ ਆ...ਓਥੇ ਬੈਠਾ ਤੇਰਾ ਕੋਈ ਆਪਣਾ ਤੈਨੂੰ ਬੇਸਬਰੀ ਨਾਲ ਉਡੀਕੀ ਜਾਂਦਾ ਏ!

ਬੀਬੇ ਬੱਚੇ ਵਾਂਙ ਆਟੋ ਅੰਦਰ ਬੈਠੇ ਹੋਏ ਨੂੰ ਸਮਝ ਹੀ ਨਾ ਲੱਗੀ ਕਿ ਬਾਬਾ ਜੀ ਹੈ ਕੌਣ ਸਨ...ਕਿਥੋਂ ਆਏ ਸਨ ਤੇ ਮੁੜ ਕਿੱਧਰ ਨੂੰ ਅਲੋਪ ਹੋ ਗਏ...!

ਦਰਬਾਰ ਸਾਹਿਬ ਅੱਪੜ ਮੈਂ ਕਿੰਨੀ ਦੇਰ ਪਰਿਕਰਮਾ ਅੰਦਰ ਏਧਰ-ਓਧਰ ਘੁੰਮਦਾ ਰਿਹਾ...ਅਖੀਰ ਭੁੱਖ ਸਤਾਉਣ ਲੱਗੀ...ਪ੍ਰਸ਼ਾਦਾ ਛਕਣ ਪੰਗਤ ਵਿਚ ਆਣ ਬੈਠਾ...ਅਚਾਨਕ ਕੀ ਵੇਖਿਆ ਸਾਮ੍ਹਣੇ ਮਾਂ ਬੈਠੀ ਹੋਈ ਏ...ਮੇਰੇ ਅੰਦਰ ਸਵੇਰ ਦੇ ਡੱਕੇ ਹੋਏ ਅਣਗਿਣਤ ਬੰਨ੍ਹ ਟੁੱਟ-ਭੱਜ ਗਏ...ਮੈਂ ਧੂਹ ਕੇ ਜਾ ਉਸਨੂੰ ਜੱਫੀ ਪਾਈ...ਕਿੰਨੀ ਦੇਰ ਦੋਵੇਂ ਇੱਕ ਦੂਜੇ ਦੇ ਗੱਲ ਲੱਗ ਉੱਚੀ-ਉੱਚੀ ਰੋਂਦੇ ਰਹੇ...ਆਸੇ ਪਾਸੇ ਬੈਠੀ ਸੰਗਤ ਦੀਆਂ ਨਜ਼ਰਾਂ ਤੋਂ ਬੇਖਬਰ!

ਚੰਗੀ ਤਰ੍ਹਾਂ ਗੁਬਾਰ ਕੱਢ ਫੇਰ ਇਕੱਠਿਆਂ ਬੈਠ ਲੰਗਰ ਛਕਿਆ...ਇੰਜ ਲੱਗੇ ਸਦੀਆਂ ਤੋਂ ਚੁੰਬੜੀ ਹੋਈ ਇੱਕ ਨਾ ਮਿਟਣ ਵਾਲੀ ਭੁੱਖ ਦਾ ਸਦੀਵੀਂ ਅੰਤ ਹੋ ਗਿਆ ਹੋਵੇ!

ਉਸ ਦਿਨ ਮਗਰੋਂ ਫੇਰ ਮੈਂ ਕਦੀ ਵੀ ਢਹਿੰਦੀ ਕਲਾ ਵੱਲ ਨਹੀਂ ਗਿਆ...ਜਮਾਤਾਂ ਪਾਸ ਕਰਦਾ ਹੋਇਆ ਇੱਕ ਦਿਨ ਅਮਰੀਕਾ ਦੀ ਧਰਤੀ 'ਤੇ ਆਣ ਉੱਤਰਿਆ...ਮਾਂ ਦੀਆਂ ਅਰਦਾਸਾਂ ਅਰਜੋਈਆਂ ਵੀ ਬਾ-ਦਸਤੂਰ ਜਾਰੀ ਰਹੀਆਂ...!

ਅੱਜ ਪੂਰੇ ਵੀਹ ਸਾਲ ਹੋਣ ਨੂੰ ਹਨ...ਜਦੋਂ ਵੀ ਦਿੱਲੀ ਜਹਾਜ਼ੋਂ ਉੱਤਰਦਾ ਹਾਂ ਤਾਂ ਹਮੇਸ਼ਾਂ ਰੇਲ ਗੱਡੀ ਹੀ ਫੜਦਾ ਹਾਂ ਤਾਂ ਕਿ ਅੰਮ੍ਰਿਤਸਰ ਭੰਡਾਰੀ ਪੁਲ ਹੇਠ ਪਈ ਓਸੇ ਪੱਥਰ ਦੀ ਸਿਲ ਨੂੰ ਬਾਕੀ ਪਰਿਵਾਰ ਨੂੰ ਵੀ ਵਿਖਾ ਸਕਾਂ ਅਤੇ ਨਿਆਣਿਆਂ ਨੂੰ ਦੱਸ ਸਕਾਂ ਕਿ ਬੱਚਿਓ ਇਹ ਹੈ ਉਹ ਥਾਂ ਜਿਥੇ ਕਿਸੇ ਵੇਲੇ ਤੁਹਾਡੇ ਬਾਪ ਦਾ ਦੂਜਾ ਜਨਮ ਹੋਇਆ ਸੀ!

ਫੇਰ ਗੁਰੂ ਰਾਮਦਾਸ ਦੀ ਵਰਸੋਈ ਨਗਰੀ ਵਿਚ ਵਿਚਰਦਾ ਹੋਇਆ ਲੰਮੇ ਦਾਹੜੇ ਵਾਲਾ ਹਰ ਵਜੂਦ ਮੈਨੂੰ ਕਿਸੇ ਵੇਲੇ ਮੇਰੇ ਮੋਢਿਆਂ 'ਤੇ ਹੱਥ ਰੱਖਣ ਵਾਲੇ ਉਹ ਬਾਬਾ ਜੀ ਹੀ ਲੱਗਦੇ...!

ਦਰਬਾਰ ਸਾਹਿਬ ਲੰਗਰ-ਪਾਣੀ ਛਕਣ ਉਪਰੰਤ ਗੁਰਦੁਆਰਾ ਸ਼ਹੀਦਾਂ ਦੇ ਲਾਗੇ ਬਣੇ ਸ਼ਮਸ਼ਾਨਘਾਟ ਤੇ ਉਸ ਥੜ੍ਹੇ ਲਾਗੇ ਦੋ ਘੜੀਆਂ ਬੈਠਣ ਵੀ ਜ਼ਰੂਰ ਜਾਂਦਾ ਹਾਂ ਜਿਥੇ ਸਾਰੀ ਉਮਰ ਮੇਰਾ ਪੱਖ ਪੂਰਨ ਵਾਲੀ ਦਾ ਅੰਤਮ ਸੰਸਕਾਰ ਹੋਇਆ ਸੀ!

ਸ਼ਰਧਾ ਆਸਥਾ ਅਤੇ ਇਤਿਹਾਸਕ ਬਿਰਤਾਂਤਾਂ ਨੂੰ ਸਾਇੰਸ, ਤਰਕਾਂ ਅਤੇ ਦਲੀਲਾਂ ਦੀ ਕਸਵੱਟੀ 'ਤੇ ਤੋਲਣ ਵਾਲੇ ਅਕਸਰ ਹੀ ਆਖ ਦਿੰਦੇ ਕਿ ਗੁਰੂ ਦੀ ਨਗਰੀ ਵਿਚ ਕੋਈ ਕਰਾਮਾਤ ਨਹੀਂ ਹੁੰਦੀ...ਪਰ ਮੈਥੋਂ ਪੁਛੋ...ਜ਼ਰੂਰ ਹੁੰਦੀ ਹੈ...ਹਰ ਰੋਜ਼...ਹਰ ਘੜੀ...ਕਿਸੇ ਨਾ ਕਿਸੇ ਰੂਪ ਵਿਚ...ਇਸਦਾ ਜਿਉਂਦਾ ਜਾਗਦਾ ਸਬੂਤ ਮੈਂ ਖੁਦ ਆਪ ਹਾਂ...ਜੇ ਨਾ ਹੁੰਦੀ ਹੋਵੇ ਤਾਂ ਫੇਰ ਅੰਮ੍ਰਿਤਸਰ ਦੀ ਜੂਹ ਅੰਦਰ ਵੜਦਿਆਂ ਹੀ ਮੇਰੇ ਆਪ-ਮੁਹਾਰੇ ਹੀ ਲੂ-ਕੰਢੇ ਕਿਓਂ ਖੜ੍ਹੇ ਹੋ ਜਾਂਦੇ!

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

# ਸੱਚੋ ਸੱਚ ਬੋਲ ਫਕੀਰਾ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸੱਚੋ-ਸੱਚ ਬੋਲ ਫਕੀਰਾ, ਦੱਸ ਜ਼ਿੰਦਗੀ ਦਾ ਰਾਜ਼। ਕਿਹੜੇ ਵਕਤ ਦਾ ਲੇਖਾ ਹੁੰਦੈ, ਕਿਹੜਾ ਜੀਵਨ ਰਾਜ਼? ਕਿਹੜੇ ਵੇਲੇ ਭਰਨੀ ਚਾਹੀਦੀ, ਅੰਬਰ ਵਿਚ ਪ੍ਰਵਾਜ਼। ਤਾਂ ਕਿ ਜੀਵਨ ਨੂੰ ਮਾਣੇ, ਸਾਹਾਂ ਸੰਦੜਾ ਸਾਜ਼। ਇਸਦੀ ਰੂਹ 'ਚੋਂ ਸਦਾ ਸੁਣੇਸੀ, ਜੀਣ, ਜਸ਼ਨ, ਅੰਦਾਜ਼।

ਜ਼ਿੰਦਗੀ ਬਹੁਤ ਹੀ ਖ਼ੂਬਸੂਰਤ। ਜਿਊਣਾ ਅਤੇ ਜੀਣ ਨੂੰ ਮਾਨਣਾ ਦੋ ਵੱਖ-ਵੱਖ ਪਹਿਲੂ। ਕੀ ਕਦੇ ਸੋਚਿਆ ਕਿ ਅਸੀਂ ਜ਼ਿੰਦਗੀ ਨੂੰ ਜਿਊਂਦੇ ਹਾਂ ਜਾਂ ਜ਼ਿੰਦਗੀ ਸਾਨੂੰ ਜਿਉ ਰਹੀ ਆ? ਕੀ ਜ਼ਿੰਦਗੀ ਦੇ ਹਰ ਪਲ ਨੂੰ ਖ਼ੂਬਸੂਰਤ ਬਣਾਉਣ ਲਈ ਕੋਈ ਉਪਰਾਲਾ ਕਰਦੇ ਹਾਂ? ਕੀ ਜ਼ਿੰਦਗੀ ਦੇ ਹਰ ਪਲ ਨੂੰ ਕੰਜੂਸੀ ਨਾਲ ਵਰਤਦਿਆਂ, ਇਸਦੇ ਸਾਹਾਂ ਦੀ ਸੰਘੀ ਨੱਪੀ ਰੱਖਦੇ ਹਾਂ?

ਜੀਵਨ ਦੇ ਮੁੱਢਲੇ ਪੜਾਅ ਵਿਚ ਸਥਾਪਤੀ ਲਈ ਜਦੋ-ਜਹਿਦ ਕਰਦਿਆਂ ਸਾਨੂੰ ਅਕਸਰ ਹੀ ਜ਼ਿੰਦਗੀ ਦੇ ਸੁਹਾਵਣੇ ਪਲਾਂ ਦਾ ਚੇਤਾ ਭੁੱਲ ਜਾਂਦਾ। ਅਸੀਂ ਇਸ ਜਦੋ-ਜਹਿਦ ਵਿਚੋਂ ਹੀ ਆਪਣੇ ਹਿੱਸੇ ਦਾ ਅੰਬਰ ਅਤੇ ਆਪਣੇ ਸਿਰ ਗੋਚਰੀ ਥਾਂ ਜੁ ਤਲਾਸ਼ਣੀ ਹੁੰਦੀ। ਸਿਰ ਦੀ ਛੱਤ ਲਈ ਵੀ ਹੰਭਲਾ ਮਾਰਨਾ ਹੁੰਦਾ। ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਖੁਦ ਨੂੰ ਇੰਨਾ ਕੁ ਸਮਰੱਥ ਕਰਨਾ ਹੁੰਦਾ ਕਿ ਇਸ ਬੋਝ ਥੱਲੇ ਸਾਡਾ ਲੱਕ ਹੀ ਕੁੱਬਾ ਨਾ ਹੋ ਜਾਵੇ। ਅਸੀਂ ਆਪਣੀ ਧੌਣ ਉਚੀ ਕਰਕੇ ਜੀਵਨ ਮਾਰਗ ਦੇ ਪਾਂਧੀ ਬਣੇ ਰਹੀਏ। ਪਰ ਕੀ ਸਾਰੀ ਉਮਰ ਹੀ ਅਸੀਂ ਆਪਣੇ ਹਿੱਸੇ ਦੀ ਜ਼ਿੰਦਗੀ ਤੋਂ ਅਵੇਸਲੇ ਰਹਿ ਕੇ ਸਾਹਾਂ ਨੂੰ ਸਮੇਟ ਇਸ ਜਹਾਨੋਂ ਹੀ ਤੁਰ ਜਾਣਾ? ਇਹ ਸਵਾਲ ਹਰ ਉਸ ਵਿਅਕਤੀ ਦੇ ਮਨ ਵਿਚ ਜ਼ਰੂਰ ਆਉਣਾ ਚਾਹੀਦਾ ਜੋ ਆਪਣੇ ਆਪ ਤੋਂ ਬੇਮੁੱਖ ਹੋ ਕੇ ਕੋਹਲੂ ਦਾ ਬਲਦ ਬਣਿਆ ਹੋਇਆ ਹੈ।

ਅਸੀਂ ਅਕਸਰ ਆਪਣੀਆਂ ਸੱਤ ਪੁਸ਼ਤਾਂ ਲਈ ਧਨ ਇਕੱਠਾ ਕਰਨ ਦੀ ਹੋੜ ਵਿਚ ਆਪਣਾ ਵਰਤਮਾਨ ਦਾਅ 'ਤੇ ਲਾਉਂਦੇ। ਸਾਨੂੰ ਇਹ ਭਰਮ ਹੁੰਦਾ ਕਿ ਸ਼ਾਇਦ ਸਾਡੀ ਅਗਲੀ ਨਸਲ ਕਿਸੇ ਜੋਗੀ ਨਹੀਂ ਰਹਿਣਾ। ਅਸੀਂ ਉਨ੍ਹਾਂ ਦੇ ਕੱਲ੍ਹ ਦੇ ਫ਼ਿਕਰ ਵਿਚ ਆਪਣਾ ਅੱਜ ਦਾਅ 'ਤੇ ਲਾਉਂਦੇ।

ਯਾਦ ਰਹੇ ਕਿ ਆਪਣੇ ਬੱਚਿਆਂ ਨੂੰ ਧਨ ਨਾ ਦਿਓ ਸਗੋਂ ਧਨ ਕਮਾਉਣ ਦੇ ਯੋਗ ਬਣਾਓ। ਤੁਹਾਡਾ ਦਿੱਤਾ ਹੋਇਆ ਧਨ ਤਾਂ ਉਹ ਬੜੀ ਜਲਦੀ ਉਡਾ ਹੀ ਦੇਣਗੇ। ਪਰ ਜੇ ਉਹ ਖ਼ੁਦ ਕਮਾਈ ਕਰਨ ਦੇ ਯੋਗ ਹੋ ਗਏ ਤਾਂ ਉਹ ਆਪਣੀਆਂ ਆਰਥਿਕ ਲੋੜਾਂ ਦੀ ਪੂਰਤੀ ਖ਼ੁਦ ਕਰ ਲੈਣਗੇ।

ਬੱਚਿਆਂ ਨੂੰ ਧਨ ਨਹੀਂ ਸਗੋਂ ਉਨ੍ਹਾਂ ਨੂੰ ਤੁਹਾਡੇ ਵਕਤ ਦੀ ਲੋੜ ਕਿ ਤੁਸੀਂ ਉਨ੍ਹਾਂ ਨਾਲ ਕਿੰਨਾ ਸਮਾਂ ਬਿਤਾਉਂਦੇ? ਉਨ੍ਹਾਂ ਨਾਲ ਕਿਸ ਕਿਸਮ ਦਾ ਰਿਸ਼ਤਾ ਬਣਾਉਂਦੇ? ਆਪਣੇ ਨਾਲ ਕਿੰਝ ਜੋੜਦੇ? ਉਨ੍ਹਾਂ ਦੇ ਪੱਧਰ 'ਤੇ ਉਨ੍ਹਾਂ ਵਾਂਗ ਸੋਚਦੇ, ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਨ ਅਤੇ ਸੁਪਨੇ ਪੂਰੇ ਕਰਨ ਲਈ ਕਿੰਨੀ ਕੁ ਹੱਲਾ-ਸ਼ੇਰੀ ਅਤੇ ਹੌਸਲਾ ਦਿੰਦੇ ਹੋ?

ਸਾਡੀ ਪੰਜਾਬੀਆਂ ਦੀ ਫਿਤਰਤ ਹੈ ਕਿ ਅਸੀਂ ਆਪ ਤਾਂ ਚੱਜ ਦਾ ਖਾਂਦੇ ਜਾਂ ਹੰਢਾਉਂਦੇ ਨਹੀਂ ਸਗੋਂ ਧਨ 'ਤੇ ਕੁੰਡਲੀ ਮਾਰੀ ਬੈਠਦੇ ਹਾਂ। ਕਈ ਵਾਰ ਆਪਣੀ ਔਲਾਦ ਨੂੰ ਵੀ ਭੇਤ ਨਹੀਂ ਦਿੰਦੇ। ਲੋੜੀਂਦੇ ਆਰਥਿਕ ਸਹਿਯੋਗ ਤੋਂ ਬਗੈਰ ਜੇ ਔਲਾਦ ਹੀ ਭਟਕ ਗਈ ਤਾਂ ਜਮ੍ਹਾਂ ਕੀਤੇ ਧਨ ਦਾ ਕੀ ਅਰਥ ਰਹਿ ਜਾਵੇਗਾ? ਬਜ਼ੁਰਗਾਂ ਨੂੰ ਇਹ ਲੱਗਦਾ ਕਿ ਅਸੀਂ ਜਿੰਨਾ ਧਨ ਆਪਣੇ ਕੋਲ ਜਮ੍ਹਾਂ ਰੱਖਾਂਗੇ ਸਾਡੀ ਔਲਾਦ ਉਸ ਧਨ ਦੇ ਲਾਲਚ ਵਿਚ ਬਜ਼ੁਰਗੀ ਵੇਲੇ ਸਾਡੀ ਦੇਖਭਾਲ ਕਰੇਗੀ ਅਤੇ ਸਾਡਾ ਆਖਰੀ ਵੇਲਾ ਬਹੁਤ ਸੌਖਾ ਹੋਵੇਗਾ। ਯਾਦ ਰਹੇ ਕਿ ਇੰਝ ਨਹੀਂ ਹੁੰਦਾ। ਬੱਚਿਆਂ ਨੇ ਸੇਵਾ ਉਨ੍ਹਾਂ ਦੀ ਮਾਨਸਿਕਤਾ, ਮਿਲੇ ਸੰਸਕਾਰਾਂ, ਹੋਏ ਪਾਲਣ-ਪੋਸ਼ਣ ਅਤੇ ਦੇਖੇ ਤੇ ਹੰਢਾਏ ਹਾਲਾਤ ਨੂੰ ਸਮਝਦਿਆਂ ਹੀ ਕਰਨੀ ਹੁੰਦੀ।

ਅੱਜ-ਕੱਲ੍ਹ ਤਾਂ ਬੱਚੇ ਅਕਸਰ ਹੀ ਕਹਿ ਦਿੰਦੇ ਕਿ ਸਾਨੂੰ ਤੁਹਾਡੇ ਪੈਸਿਆਂ ਦੀ ਲੋੜ ਨਹੀਂ। ਤੁਸੀਂ ਆਪਣੀ ਜ਼ਿੰਦਗੀ ਮਾਣੋ। ਪਰ ਕੀ ਅਸੀਂ ਕਦੇ ਇਸ 'ਤੇ ਅਮਲ ਕਰਦੇ ਹਾਂ? ਬਹੁਤ ਵੱਡਾ ਪ੍ਰਸ਼ਨ ਹੈ ਅਤੇ ਇਸਦਾ ਜਵਾਬ ਵੀ ਸਾਨੂੰ ਹੀ ਦੇਣਾ ਪੈਣਾ ਹੈ। ਔਲਾਦ ਆਪਣੇ ਮਾਪਿਆਂ ਪ੍ਰਤੀ ਕਿੰਨੀ ਕੁ ਸੰਵੇਦਨਸ਼ੀਲ ਹੈ, ਇਹ ਮੈਂ ਕੈਨੇਡਾ/ਅਮਰੀਕਾ ਵਿਚ ਰਹਿੰਦਿਆਂ ਬਹੁਤ ਨੇੜਿਉਂ ਪ੍ਰਤੱਖ ਦੇਖਿਆ ਹੈ। ਇਕ ਰਿਟਾਇਰਡ ਬਜ਼ੁਰਗ ਜੋੜੇ ਨੇ ਆਪਣਾ ਸਭ ਕੁਝ ਵੇਚ ਵੱਟ ਕੇ ਆਪਣੇ ਬੱਚਿਆਂ ਨੂੰ ਦੇ ਦਿੱਤਾ ਤਾਂ ਕਿ ਉਨ੍ਹਾਂ ਦੇ ਬੱਚੇ ਵਿਦੇਸ਼ ਵਿਚ ਆਪਣਾ ਘਰ ਲੈ ਲੈਣ ਅਤੇ ਉਨ੍ਹਾਂ ਦਾ ਬੁਢੇਪਾ ਵੀ ਬਹੁਤ ਸੁਖਾਲਾ ਹੋਵੇਗਾ। ਔਲਾਦ ਨੇ ਮਾਪਿਆਂ ਨੂੰ ਘਰ ਦੀ ਬੇਸਮੈਂਟ ਕੁਝ ਸਮਾਂ ਰੱਖ ਕੇ ਘਰੋਂ ਹੀ ਕੱਢ ਦਿਤਾ ਤਾਂ ਕਿ ਮਾਪੇ, ਬੱਚਿਆਂ ਦੀ ਜ਼ਿੰਦਗੀ ਵਿਚ ਖ਼ਲਲ ਨਾ ਪਾਉਣ। ਬਾਪ ਬਿਮਾਰ ਹੋ ਹਸਪਤਾਲ ਵਿਚ ਆਖਰੀ ਸਾਹਾਂ 'ਤੇ ਸੀ ਤਾਂ ਬੱਚਿਆਂ ਨੂੰ ਇਹ ਫ਼ਿਕਰ ਹੋ ਗਿਆ ਕਿ ਇਹ ਜਲਦੀ ਮਰੇ ਅਤੇ ਅਸੀਂ ਆਪਣੇ ਕੰਮਾਂ 'ਤੇ ਜਾਈਏ। ਇੰਝ ਹੀ ਹੋਇਆ ਕਿ ਬਾਪ ਦੇ ਮਰਨ ਤੋਂ ਪਹਿਲਾਂ ਹੀ ਉਸਦੇ ਸਸਕਾਰ ਅਤੇ ਅੰਤਮ ਰਸਮਾਂ ਦੀਆਂ ਪੂਰੀਆਂ ਤਿਆਰੀਆਂ ਤੇ ਤਰੀਖ਼ਾਂ ਨਿਸ਼ਚਿਤ ਕਰ ਲਈਆਂ। ਕੇਹੀ ਸੋਚ ਕਿ ਔਲਾਦ ਲਈ ਬਾਪ ਦਾ ਜਲਦੀ ਤੁਰ ਜਾਣਾ ਹੀ




ਰਾਹਤ ਦਾ ਸਭ ਤੋਂ ਵੱਡਾ ਸਬੱਬ ਬਣ ਗਿਆ।

ਯਾਦ ਰਹੇ ਕਿ ਬਾਪ ਦੇ ਬਲਦੇ ਸਿਵੇ ਕੋਲ ਖੜ੍ਹ ਕੇ ਜ਼ਮੀਨ ਦੀਆਂ ਵੰਡੀਆਂ ਪਾਉਣ ਵਾਲਿਆਂ ਦੀ ਔਲਾਦ ਨੇ ਤਾਂ ਉਨ੍ਹਾਂ ਦੀ ਲਾਸ਼ ਹੀ ਵੰਡ ਲੈਣੀ ਹੈ ਕਿਉਂਕਿ ਜੋ ਔਲਾਦ ਆਪਣੇ ਅੱਖੀਂ ਦੇਖਦੀ ਹੈ, ਉਸ ਤੋਂ ਵਧ ਕੇ ਉਨ੍ਹਾਂ ਨਾਲ ਔਲਾਦ ਨੇ ਕਰਨਾ ਹੈ।

ਪੰਜਾਬੀਆਂ ਦੀ ਜੀਵਨ ਸ਼ੈਲੀ ਹੀ ਅਜੇਹੀ ਕਿ ਅਸੀਂ ਧਨ ਜੋੜਨ ਨੂੰ ਤਰਜੀਹ ਦਿੰਦੇ। ਜਮ੍ਹਾਂ ਕੀਤੇ ਧਨ ਨਾਲ ਮਨ ਦੀਆਂ ਖੁਸ਼ੀਆਂ ਨੂੰ ਮਾਨਣ, ਖ਼ੂਬਸੂਰਤ ਥਾਵਾਂ ਦੇਖਣ ਅਤੇ ਯਾਦਗਾਰੀ ਪਲਾਂ ਨੂੰ ਸਿਰਜਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਬਚਤ ਤਾਂ ਕਰਨੀ ਹੀ ਚਾਹੀਦੀ ਪਰ ਇਹ ਬਹੁਤ ਸੰਤੁਲਤ ਤਰੀਕੇ ਨਾਲ ਹੋਵੇ। ਅਜੇਹਾ ਨਾ ਹੋਵੇ ਕਿ ਬੈਂਕਾਂ ਅਤੇ ਤਿਜੌਰੀਆਂ ਵਿਚ ਪਿਆ ਧਨ ਵੀ ਸਿਸਕਦਾ ਰਹੇ ਕਿ ਕਮਾਈ ਕਰਨ ਵਾਲੇ ਹੱਥਾਂ ਨੇ ਮੈਨੂੰ ਤਾਂ ਖਰਚਿਆ ਹੀ ਨਹੀਂ। ਬਚਤ ਇੰਨੀ ਕੁ ਕਰੋ ਕਿ ਤੁਹਾਡੇ ਆਖ਼ਰੀ ਸਮੇਂ ਦੀਆਂ ਲੋੜਾਂ ਪੂਰੀਆਂ ਹੋਈ ਜਾਣ। ਤੁਸੀਂ ਜ਼ਿੰਦਗੀ ਨੂੰ ਇੰਝ ਮਾਣੋ ਕਿ ਤੁਹਾਨੂੰ ਆਖ਼ਰੀ ਵਕਤ ਕੋਈ ਗਿਲਾ ਨਾ ਹੋਵੇ ਕਿ ਮੈਂ ਆਪਣੀ ਜੀਵਨ ਯਾਤਰਾ ਅਜਾਈਂ ਹੀ ਪੂਰੀ ਕਰ ਗਿਆ।

'ਕੇਰਾਂ ਮੈਂ ਵੱਡੇ ਜ਼ਿਮੀਂਦਾਰ ਦੇ ਘਰ ਗਿਆ ਤਾਂ ਤਾਰ 'ਤੇ ਲਟਕਦੀ ਚੁੰਨੀ ਵਿਚਲੇ ਮਘੋਰੇ ਅਤੇ ਬਨੈਣ ਵਿਚਲੇ ਛੇਕ ਦੇਖ ਕੇ ਹੈਰਾਨ ਰਹਿ ਗਿਆ। ਬਜ਼ੁਰਗ ਇਕ ਅਲਾਣੀ ਮੰਜੀ 'ਤੇ ਬੈਠਾ ਸੀ ਜਿਸਦੇ ਤਨ 'ਤੇ ਪਾਏ ਅਧੋਰਾਣੇ ਕਪੜਿਆਂ ਵਿਚ ਝਲ਼ਕਦੀ ਸੀ ਮੈਲ। ਜਦ ਸਾਡੀ ਬਿਰਤੀ ਸਿਰਫ਼ ਧਨ ਜੋੜਨ ਤੱਕ ਹੀ ਸੀਮਤ ਹੋ ਜਾਵੇ ਤਾਂ ਬਜ਼ੁਰਗ ਤਾਂ ਸ਼ਾਇਦ ਆਪਣੀ ਆਦਤ ਤੋਂ ਮਜਬੂਰ ਹੋਣ ਪਰ ਕੀ ਉਨ੍ਹਾਂ ਦੀ ਔਲਾਦ ਨੂੰ ਇੰਨਾ ਵੀ ਅਹਿਸਾਸ ਨਹੀਂ ਕਿ ਆਪਣੇ ਮਾਪਿਆਂ ਪ੍ਰਤੀ ਧਿਆਨ ਰੱਖ ਲਿਆ ਜਾਵੇ। ਨਿੱਕੇ ਹੁੰਦਿਆਂ ਇਸੇ ਬਾਪ ਨੇ ਹਰ ਤੰਗੀ ਤੁਰਸ਼ੀ ਸਹਿੰਦਿਆਂ ਆਪਣੇ ਬੱਚਿਆਂ ਦੀ ਹਰ ਲੋੜ ਪੂਰੀ ਕਰਦਿਆਂ ਉਨ੍ਹਾਂ ਨੂੰ ਫੁੱਲਾਂ ਵਾਂਗ ਰੱਖ ਕੇ ਪਾਲਿਆ ਸੀ।

ਇਕ ਸ਼ਖਸ ਰਿਟਾਇਰ ਹੋ ਗਿਆ। ਸਦਾ ਧਨ ਜੋੜਨ ਵਿਚ ਹੀ ਰੁੱਝਿਆ ਰਿਹਾ। ਆਪਣੇ ਆਪ ਵਲੋਂ ਅਵੇਸਲਾ। ਉਸਦੀ ਜੀਵਨ ਸਾਥਣ ਵੀ ਜਲਦੀ ਹੀ ਸਦੀਵੀ ਵਿਛੋੜਾ ਦੇ ਗਈ। ਉਹ ਅਕਸਰ ਹੀ ਗੰਢੇ-ਅਚਾਰ ਨਾਲ ਰੋਟੀ ਖਾ ਕੇ ਗੁਜ਼ਾਰਾ ਕਰਦਾ ਜਦ ਕਿ ਉਹ ਆਪਣੇ ਜੋੜੇ ਹੋਏ ਧਨ ਨਾਲ ਬਿਹਤਰੀਨ ਜ਼ਿੰਦਗੀ ਜੀਅ ਸਕਦਾ ਸੀ। ਉਸਦੀ ਮੌਤ ਤੋਂ ਬਾਅਦ ਉਸਦੀ ਔਲਾਦ ਨੂੰ ਪਤਾ ਹੀ ਨਹੀਂ ਲੱਗਾ ਕਿ ਉਸਨੇ ਕਿੰਨੇ ਪੈਸੇ ਕਿਸਨੂੰ ਵਿਆਜੀ ਦਿਤੇ ਸਨ? ਉਸਨੇ ਕਿੰਨੇ ਪਲਾਟ ਖਰੀਦੇ ਸਨ ਅਤੇ ਕਿੰਨੀ ਹੋਰ ਪੂੰਜੀ ਨਿਵੇਸ਼ ਕੀਤੀ ਸੀ? ਜਦ ਅਸੀਂ ਆਪਣੀ ਔਲਾਦ ਕੋਲੋਂ ਉਹਲਾ ਰੱਖਣ ਲੱਗਦੇ ਤਾਂ ਦਰਅਸਲ ਸਾਨੂੰ ਆਪਣੇ ਆਪ ਤੋਂ ਡਰ ਲੱਗਦਾ। ਆਪਣੇ ਸਾਹਾਂ ਵਰਗੇ ਬੱਚਿਆਂ ਤੋਂ ਬੇਇਤਬਾਰੀ ਦਰਅਸਲ ਆਪਣੇ ਆਪ 'ਤੇ ਹੀ ਬੇਯਕੀਨੀ ਹੁੰਦੀ। ਇਸ ਬੇਯਕੀਨੀ ਵਿਚ ਅਸੀਂ ਆਪਣਿਆਂ 'ਤੇ ਭਰੋਸਾ ਵੀ ਗਵਾ ਲੈਂਦੇ ਅਤੇ ਜੋੜਿਆ ਹੋਇਆ ਪੈਸਾ ਵੀ ਗਵਾਚ ਜਾਂਦਾ। ਸਮਾਜ ਵਿਚ ਤੁਸੀਂ ਆਪਣੇ ਅਤੇ ਬਿਗਾਨਿਆਂ ਵਲੋਂ ਨਫ਼ਰਤ ਦਾ ਪਾਤਰ ਬਣ ਕੇ ਇਸ ਜਹਾਨੋਂ ਰੁਖ਼ਸਤ ਹੁੰਦੇ।

ਮੇਰੇ ਇਲਾਕੇ ਦੇ ਇਕ ਅਮੀਰ ਨੂੰ ਆਪਣੀ ਦੌਲਤ 'ਤੇ ਬਹੁਤ ਘਮੰਡ ਸੀ। ਗਰੀਬਾਂ ਅਤੇ ਲੋੜਵੰਦਾਂ ਨੂੰ ਬਹੁਤ ਜ਼ਿਆਦਾ ਵਿਆਜ 'ਤੇ ਪੈਸੇ ਦਿੰਦਾ। ਗਰੀਬ ਲੋਕ ਜਦ ਕਰਜ਼ਾ ਨਾ ਮੋੜਦੇ ਤਾਂ ਉਨ੍ਹਾਂ ਦੀ ਲਵੇਰੀ ਮੱਝ ਜਾਂ ਗਾਂ ਜ਼ਬਰੀ ਕਿਲੇ ਤੋਂ ਖੋਲ੍ਹ ਲਿਆਉਂਦਾ ਜਾਂ ਕੋਈ ਬਲਦ ਹੀ ਲੈ ਆਉਂਦਾ। ਉਸਨੇ ਬਹੁਤ ਸਾਰੀ ਜ਼ਮੀਨ ਗਹਿਣੇ ਲਈ ਹੋਈ ਸੀ। ਜ਼ਿੰਦਗੀ ਦੇ ਆਖ਼ਰੀ ਪਹਿਰ ਵਿਚ ਉਸਦੇ ਇਕ ਮੁੰਡੇ ਨੇ ਉਸਨੂੰ ਪਤਿਆ ਕੇ ਅਤੇ ਚਾਪਲੂਸੀ ਨਾਲ ਉਸਦਾ ਧਨ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਕੁਝ ਦੇਰ ਬਾਅਦ ਉਸਨੂੰ ਘਰੋਂ ਕੱਢ ਦਿਤਾ। ਬਾਅਦ ਵਿਚ ਉਸਦੇ ਉਸੇ ਪੁੱਤ ਨੇ ਆਖਰੀ ਵਕਤ ਸੰਭਾਲਿਆ ਜਿਸਨੂੰ ਉਸਨੇ ਕੁਝ ਨਹੀਂ ਸੀ ਦਿੱਤਾ। ਮਾਪਿਆਂ ਦੀ ਦੇਖਭਾਲ ਤੁਹਾਡੀ ਔਲਾਦ ਦੀ ਸੋਚ ਨੇ ਕਰਨੀ ਹੈ। ਕਦੇ ਵੀ ਧਨ-ਦੌਲਤ ਦਾ ਦਿਖਾਵੇ ਕਰਕੇ ਸੇਵਾ-ਸੰਭਾਲ ਦਾ ਹੱਕ ਜਤਾਉਣ ਦੀ ਭੁੱਲ ਨਾ ਕਰਿਓ।

ਅੱਜ-ਕੱਲ੍ਹ ਪੱਛਮੀ ਦੇਸ਼ਾਂ ਵਿਚ ਇਕ ਨਵੀਂ ਜੀਵਨ ਜਾਚ ਦਾ ਰੁਝਾਨ ਪੈਦਾ ਹੋ ਰਿਹਾ ਹੈ ਜਿਸਨੂੰ ਜ਼ੀਰੋ ਬੈਲੇਂਸ ਕਹਿੰਦੇ ਹਨ ਯਾਨੀ ਜਿਉਂਦੇ ਜੀਅ ਜਮ੍ਹਾਂ ਕੀਤਾ ਧਨ ਖਰਚੋ। ਲੋੜ ਜੋਗਾ ਬਚਿਆ ਰਹੇ। ਆਪਣੇ ਧਨ ਨਾਲ ਜਵਾਨ ਹੋ ਰਹੇ ਆਪਣੇ ਬੱਚਿਆਂ ਨੂੰ ਨਵੀਆਂ ਅਤੇ ਖ਼ੂਬਸੂਰਤ ਯਾਦਾਂ ਨਾਲ ਵਰਸਾਓ। ਉਨ੍ਹਾਂ ਦੇ ਚਾਵਾਂ ਦਾ ਖ਼ਿਆਲ ਰੱਖੋ। ਉਨ੍ਹਾਂ ਦੇ ਸੁਪਨਿਆਂ ਦੀ ਤਾਮੀਰਦਾਰੀ 'ਤੇ ਧਨ ਖਰਚ ਕਰੋ। ਅਜੇਹਾ ਨਾ ਹੋਵੇ ਕਿ ਬੱਚੇ ਤਰਸਦੇ ਰਹਿਣ ਅਤੇ ਤੁਸੀਂ ਧਨ ਜੋੜਨ ਵਿਚ ਹੀ ਮਸਤ ਰਹੋ।

ਜ਼ਿੰਦਗੀ ਇਕ ਵਾਰ ਮਿਲਦੀ। ਇਸ ਜੀਵਨ ਵਿਚ ਤੁਸੀਂ ਕੀ ਕੀਤਾ, ਕੀ ਕਮਾਇਆ, ਕੀ ਹੰਢਾਇਆ, ਕਿਸਨੂੰ ਜਸ਼ਨ ਬਣਾਇਆ, ਕਿੰਨਾ ਸਮਾਂ ਖ਼ੁਦ ਦੇ ਲੇਖੇ ਲਾਇਆ ਅਤੇ ਕਿੰਨਾ ਪੈਸਾ ਖ਼ੁਦ 'ਤੇ ਲੁਟਾਇਆ? ਯਾਦ ਰਹੇ ਕਿ ਪੈਸਾ ਖਰਚ ਕਰਨ ਦਾ ਮਤਲਬ ਫਜ਼ੂਲ ਖਰਚੀ ਨਹੀਂ ਸਗੋਂ ਇਸਨੂੰ ਸੁਚੇਤ ਪੱਧਰ 'ਤੇ ਅਜੇਹੀਆਂ ਘੁਮੱਕੜੀਆਂ, ਗਤੀਵਿਧੀਆਂ, ਸੈਰ-ਸਪਾਟਾ, ਉਸਾਰੂ ਸ਼ੌਕ ਜਾਂ ਕਲਾ-ਬਿਰਤੀਆਂ 'ਤੇ ਖ਼ਰਚ ਕਰਨਾ ਹੁੰਦਾ ਜਿਹੜੀਆਂ ਤੁਹਾਨੂੰ ਸਕੂਨ ਦੇਣ। ਜਿਸ ਨਾਲ ਤੁਹਾਡੀ ਰੂਹ ਤ੍ਰਿਪਤ ਹੋਵੇ, ਜੋ ਤੁਹਾਨੂੰ ਜੀਣ ਦਾ ਮਕਸਦ ਪ੍ਰਦਾਨ ਕਰੇ, ਜਿਸ ਨਾਲ ਤੁਹਾਨੂੰ ਅਹਿਸਾਸ ਹੋਵੇ ਕਿ ਤੁਸੀਂ ਕੁਝ ਤਾਂ ਅਜੇਹਾ ਕੀਤਾ ਕਿ ਤੁਹਾਨੂੰ ਆਪਣੇ ਆਪ 'ਤੇ ਨਾਜ਼ ਹੋਵੇ। ਭਾਵੇਂ ਇਹ ਕਿਸੇ ਲੋੜਵੰਦ ਦੀ ਮਦਦ ਹੋਵੇ, ਕਿਸੇ ਦੇ ਬਸਤੇ ਵਿਚ ਕਿਤਾਬਾਂ ਧਰਨੀਆਂ ਹੋਣ, ਕਿਸੇ ਦੇ ਸਿਰ ਨੂੰ ਛੱਤ ਦੇਣੀ ਹੋਵੇ, ਕਿਸੇ ਦਾ ਤਨ ਢੱਕਣ ਦਾ ਉਪਰਾਲਾ ਹੋਵੇ। ਦਰਅਸਲ ਧਨ ਆਪਣੇ ਲਈ ਅਤੇ ਲੋੜਵੰਦਾਂ ਲਈ ਖਰਚਣ ਦਾ ਵਸੀਲਾ ਹੋਣਾ ਚਾਹੀਦਾ। ਤੁਹਾਡੇ ਖਾਤੇ ਵਿਚ ਬਚ ਗਏ ਧਨ ਦੀ ਸ਼ਾਇਦ ਤੁਹਾਡੀ ਔਲਾਦ ਨੂੰ ਵੀ ਲੋੜ ਨਾ ਹੋਵੇ। ਕਈ ਵਾਰ ਇਹ ਧਨ ਅਜਾਈਂ ਹੀ ਚਲਾ ਜਾਂਦਾ।

ਕਈ ਵਾਰ ਮੈਂ ਸੋਚਦਾਂ ਕਿ ਧਨ ਜੋੜਨ ਅਤੇ ਕਬਜ਼ਾ ਕਰਨ ਦੀ ਇਸ ਜਗੀਰੂ ਸੋਚ ਤੋਂ ਆਪਣੇ ਆਪ ਨੂੰ ਪੜ੍ਹਿਆ-ਲਿਖਿਆ ਸਮਝਣ ਵਾਲਾ ਵਰਗ ਵੀ ਮੁਕਤ ਕਿਉਂ ਨਹੀਂ? ਉਹ ਧਨ 'ਤੇ ਹਮੇਸ਼ਾ ਕੁੰਡਲੀ ਮਾਰੀ ਬੈਠਾ ਹੁੰਦਾ। ਦਰਅਸਲ ਇਹ ਸਾਡੀ ਉਸ ਮਾਨਕਿਸਤਾ ਦਾ ਕਸੂਰ ਹੈ ਜਿਹੜੀ ਖ਼ੁਦ 'ਤੇ ਵੀ ਯਕੀਨ ਨਹੀਂ ਕਰਦੀ। ਸਾਨੂੰ ਹਮੇਸ਼ਾ ਇਹ ਖਦਸ਼ਾ ਰਹਿੰਦਾ ਕਿ ਸ਼ਾਇਦ ਜੇ ਸਾਡੇ ਕੋਲ ਜੋੜਿਆ ਧਨ ਨਾ ਹੋਇਆ ਤਾਂ ਸਾਨੂੰ ਸਾਡੀ ਔਲਾਦ ਨੇ ਪੁੱਛਣਾ ਨਹੀਂ। ਜ਼ਰਾ ਸੋਚਿਓ ਕੀ ਤੁਸੀਂ ਆਪਣੇ ਬਜ਼ੁਰਗਾਂ ਦੀ ਆਖਰੀ ਉਮਰੇ ਪੂਰਨ ਸਮਰਪਿਤਾ ਨਾਲ ਤਾਮੀਰਦਾਰੀ ਕੀਤੀ ਹੈ। ਉਨ੍ਹਾਂ ਨੂੰ ਅਪਣੱਤ ਅਤੇ ਮੋਹ ਦਾ ਅਹਿਸਾਸ ਕਰਵਾਉਂਦਿਆਂ, ਉਨ੍ਹਾਂ ਦੇ ਆਖਰੀ ਪਲਾਂ ਵੇਲੇ ਉਨ੍ਹਾਂ ਦੀ ਸੇਵਾ ਲਈ ਹਮੇਸ਼ਾ ਤਤਪਰ ਰਹੇ ਹੋ ਤਾਂ ਤੁਹਾਡੀ ਔਲਾਦ ਉਹੀ ਕੁਝ ਤੁਹਾਡੇ ਨਾਲ ਜ਼ਰੂਰ ਕਰੇਗੀ। ਐਵੇਂ ਕਾਹਤੋਂ ਫਿਕਰਾਂ ਵਿਚ ਝੂਰਦੇ। ਤੁਸੀਂ ਹੀ ਤਾਂ ਸਭ ਤੋਂ ਵੱਡੇ ਰੋਲ ਮਾਡਲ ਹੋ ਆਪਣੀ ਔਲਾਦ ਲਈ। ਜ਼ਰੂਰੀ ਹੈ ਕਿ ਪਹਿਲਾਂ ਅਸੀਂ ਖ਼ੁਦ ਰੋਲ ਮਾਡਲ ਬਣੀਏ। ਫਿਰ ਸਾਡੇ ਮਨ ਵਿਚ ਕਿਸੇ ਵੀ ਕਿਸਮ ਦਾ ਸੰਸਾ ਨਹੀਂ ਰਹੇਗਾ ਕਿ ਸਾਡੀ ਆਖ਼ਰੀ ਉਮਰ ਕਿਵੇਂ ਬੀਤੇਗੀ?

ਮੇਰਾ ਦੋਸਤ ਹੈ। ਸੇਵਾ ਮੁਕਤ ਹੋ ਚੁੱਕਾ ਹੈ। ਅੱਜ-ਕੱਲ੍ਹ ਭਾਰਤ ਦੇ ਭਰਮਣ 'ਤੇ ਨਿਕਲਿਆ ਹੋਇਆ ਹੈ। ਅਕਸਰ ਹੀ ਖ਼ੂਬਸੂਰਤ ਜਗ੍ਹਾਵਾਂ ਦੀਆਂ ਫੋਟੋਆਂ ਰਾਹੀਂ ਮੈਨੂੰ ਦੇਖਣਯੋਗ ਅਤੇ ਕਮਾਲ ਦੀ ਸੱਭਿਅਤਾ ਦੇ ਦਰਸ਼ਨ ਕਰਵਾਉਂਦਾ ਹੈ। ਉਸਦਾ ਕਹਿਣਾ ਹੈ ਕਿ ਸਾਡੀ ਔਲਾਦ ਨੂੰ ਸਾਡੇ ਪੈਸਿਆਂ ਦੀ ਲੋੜ ਨਹੀਂ। ਪੈਨਸ਼ਨ ਆਉਂਦੀ ਹੈ। ਸੋਚਿਆ ਕਿਉਂ ਨਾ ਬਚਤ ਕੀਤੀ ਕਮਾਈ ਨਾਲ ਜੀਵਨ ਦੇ ਆਖਰੀ ਪਹਿਰ ਨੂੰ ਰੂਹ ਨਾਲ ਜੀਵੀਏ। ਇਸ ਲਈ ਮੈਂ ਤਾਂ ਆਪਣੇ ਜੀਵਨ ਦਾ ਨਜ਼ਰੀਆ ਹੀ ਬਦਲ ਲਿਆ। ਖ਼ੂਬਸੂਰਤ ਥਾਵਾਂ 'ਤੇ ਵੱਸਦੇ ਖ਼ੂਬਸੂਰਤ ਲੋਕਾਂ ਦੀ ਰਹਿਣੀ-ਬਹਿਣੀ ਨੂੰ ਦੇਖਦਿਆਂ, ਉਨ੍ਹਾਂ ਥਾਵਾਂ ਨੂੰ ਗਾਹੁਣ ਦਾ ਮਨ ਵਿਚ ਧਾਰਿਆ ਜਿਹੜਾ ਮੈਂ ਪਹਿਲੀ ਉਮਰੇ ਨਹੀਂ ਕਰ ਸਕਿਆ। ਜਦ ਗੋਡੇ ਹੀ ਰਹਿ ਗਏ ਫਿਰ ਤਾਂ ਘਰ ਹੀ ਬੈਠਣਾ। ਕਿੰਨੇ ਕੁ ਪੰਜਾਬੀ ਨੇ ਜਿਹੜੇ ਇਸ ਮਾਨਸਿਕਤਾ ਦੇ ਹਾਮੀ ਨੇ? ਕਿੰਨਿਆਂ ਨੇ ਸੈਰ-ਸਪਾਟੇ ਰਾਹੀਂ ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਮਾਣਿਆ ਹੈ? ਭਾਵੇਂ ਇਹ ਜੰਗਲ, ਪਹਾੜ, ਬੀਚਾਂ ਜਾਂ ਇਤਿਹਾਸਕ ਤੇ ਧਾਰਮਿਕ ਮਹੱਤਤਾ ਵਾਲੀਆਂ ਥਾਵਾਂ ਦੀ ਜ਼ਿਆਰਤ ਕਰਨੀ ਹੋਵੇ।

ਚੱਲੋ ਅੱਜ ਤੋਂ ਕੁਝ ਤਾਂ ਅਜੇਹਾ ਸੋਚੀਏ ਕਿ ਅਸੀਂ ਆਪਣੀ ਜ਼ਿੰਦਗੀ ਨੂੰ ਆਪਣੇ ਹਿਸਾਬ ਨਾਲ ਮਾਣਨਾ ਹੈ। ਇਸਦੀਆਂ ਰੰਗ-ਬਿਰੰਗੀਆਂ ਪਰਤਾਂ ਵਿਚ ਖ਼ੁਦ ਨੂੰ ਰੰਗਣਾ ਹੈ। ਜੀਵਨ ਦਾ ਨਾਦ ਗਾਉਣਾ ਹੈ। ਅੰਬਰ ਦੇ ਤਾਰਿਆਂ ਨੂੰ ਜ਼ਿੰਦਗੀ ਦਾ ਗੀਤ ਸੁਣਾਉਣਾ ਹੈ। ਰੁਮਕਦੀਆਂ ਪੌਣਾਂ ਦੇ ਨਾਮ ਸੁਗਮ ਸੰਗੀਤ ਲਾਉਣਾ ਹੈ। ਬਿਰਖ਼ਾਂ ਦੇ ਪੱਤਿਆਂ ਵਿਚੋਂ ਸਰਕਦੀ ਹਵਾ ਨੂੰ ਸਹਿਲਾਉਣਾ ਹੈ। ਪੰਛੀਆਂ ਦੇ ਆਲ੍ਹਣਿਆਂ ਦੀ ਚਹਿਕਣੀ ਨੂੰ ਆਪਣੇ ਮਨ ਦੇ ਆਲ੍ਹਣਿਆਂ ਵਿਚ ਉਪਜਾਉਣਾ ਹੈ। ਆਪਣੇ ਮਕਾਨ ਨੂੰ ਵੀ ਘਰ ਬਣਾਉਣਾ ਹੈ। ਹਰ ਕਮਰੇ ਵਿਚ ਜੀਵਨ ਦਾ ਰਾਗ ਉਪਜਾਉਣਾ ਹੈ। ਖੁੱਲ੍ਹੀਆਂ ਫ਼ਿਜ਼ਾਵਾਂ ਵਿਚ ਆਪਣੇ ਸਾਹਾਂ ਨੂੰ ਮਹਿਕਾਉਣਾ ਹੈ। ਸੰਸਾਰ ਭਰ ਦੇ ਹੁਸੀਨ ਅਤੇ ਰੰਗੀਨ ਰੰਗਾਂ ਨਾਲ ਖ਼ੁਦ ਨੂੰ ਸਜਾਉਣਾ ਹੈ।

ਚੱਲੋ! ਸ਼ੁਰੂਆਤ ਤਾਂ ਕਰੀਏ। ਅੰਜ਼ਾਮ ਬਹੁਤ ਹੀ ਸੁਹਾਵਣਾ ਅਤੇ ਮਨ-ਭਾਵਣਾ ਹੋਵੇਗਾ। ਜਸ਼ਨ ਵਰਗੀ ਜ਼ਿੰਦਗੀ ਨੂੰ ਰੂਹ ਦਾ ਹਾਣੀ ਬਣਾਈਏ ਅਤੇ ਹਰ ਪਲ ਮਾਨਣ ਦਾ ਗੁਰ ਅਪਣਾਈਏ।

# ਸੱਚੀ ਖ਼ੁਸ਼ੀ ਕੀ ਹੈ - 4

ਜਰਨੈਲ ਸਿੰਘ ਧਾਲੀਵਾਲ



ਸ਼ੁਕਰਗੁਜ਼ਾਰੀ ਅਤੇ ਸੰਤੁਸ਼ਟੀ ਸੱਚੀ ਖੁਸ਼ੀ ਦੀ ਜੜ੍ਹ ਹੈ। ਸੱਚੀ ਖੁਸ਼ੀ ਸ਼ਕਤੀਸ਼ਾਲੀ ਆਦਤਾਂ ਤੋਂ ਉੱਗਦੀ/ਜਨਮ ਲੈਂਦੀ ਹੈ। ਸ਼ੁਕਰਗੁਜ਼ਾਰੀ ਅਤੇ ਸੰਤੁਸ਼ਟੀ ਇਨ੍ਹਾਂ ਦੋਵਾਂ ਤੋਂ ਬਿਨਾਂ ਕੋਈ ਵੀ ਸਫ਼ਲਤਾ, ਪੈਸਾ, ਜਾਂ ਆਰਾਮ ਸਾਨੂੰ ਖੁਸ਼ ਨਹੀਂ ਕਰ ਸਕਦਾ। ਬਹੁਤ ਸਾਰੇ ਲੋਕ ਇਸ ਲਈ ਦੁਖੀ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਕੋਲ ਕੁਝ ਨਹੀਂ ਹੁੰਦਾ। ਸਗੋਂ ਇਸ ਲਈ ਕਿਉਂਕਿ ਉਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਕੋਲ ਪਹਿਲਾਂ ਕੀ ਹੈ?

**ਸ਼ੁਕਰਗੁਜ਼ਾਰੀ ਕੀ ਹੈ?**

ਸ਼ੁਕਰਗੁਜ਼ਾਰੀ ਦਾ ਅਰਥ ਹੈ, ਜ਼ਿੰਦਗੀ ਵਿਚ ਚੰਗਿਆਈਆਂ ਵੱਲ ਧਿਆਨ ਦੇਣਾ, ਸਧਾਰਨ ਚੀਜ਼ਾਂ ਦੀ ਕਦਰ ਕਰਨਾ। ਅੱਜ ਲਈ ਸ਼ੁਕਰਗੁਜ਼ਾਰੀ। ਅੱਜ ਮੈਂ ਆਪਣੀ ਸਿਹਤ ਲਈ ਸ਼ੁਕਰਗੁਜ਼ਾਰ ਹਾਂ, ਮੈਂ ਜੋ ਮੇਰੇ ਕੋਲ ਹੈ, ਉਸ ਲਈ ਸ਼ੁਕਰਗੁਜ਼ਾਰ ਹਾਂ। ਸ਼ੁਕਰਗੁਜ਼ਾਰੀ ਮਨ ਨੂੰ ਘਾਟ ਤੋਂ ਭਰਪੂਰਤਾ ਵਿਚ ਬਦਲ ਦਿੰਦੀ ਹੈ। ਸ਼ੁਕਰਗੁਜ਼ਾਰ ਮਨ ਸ਼ਾਂਤ ਮਨ ਹੁੰਦਾ ਹੈ।

**ਸ਼ੁਕਰਗੁਜ਼ਾਰੀ ਖੁਸ਼ੀ ਕਿਉਂ ਪੈਦਾ ਕਰਦੀ ਹੈ?**

ਜਦੋਂ ਅਸੀਂ ਸ਼ੁਕਰਗੁਜ਼ਾਰੀ ਦਾ ਅਭਿਆਸ ਕਰਦੇ ਹਾਂ ਤਾਂ ਸ਼ਿਕਾਇਤਾਂ ਘਟਦੀਆਂ ਹਨ। ਤਣਾਅ ਘਟਦਾ ਹੈ। ਈਰਖ਼ਾ ਘਟਦੀ ਹੈ। ਸ਼ਾਂਤੀ ਵਧਦੀ ਹੈ। ਸੁਧਾਰ ਉਸ ਚੀਜ਼ 'ਤੇ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰ ਦਿੰਦਾ ਹੈ। ਜੀ ਗੁੰਮ ਹੈ ਅਤੇ ਜੋ ਮੌਜੂਦ ਹੈ ਉਸ ਨੂੰ ਪ੍ਰਾਪਤ ਕਰਨਾ ਸ਼ੁਰੂ ਕਰ ਦਿੰਦਾ ਹੈ। ਇਹੀ ਤਬਦੀਲੀ ਖੁਸ਼ੀ ਪੈਦਾ ਕਰਦੀ ਹੈ। ਖੁਸ਼ ਲੋਕ ਖੁਸ਼ਕਿਸਮਤ ਨਹੀਂ ਹੁੰਦੇ, ਸ਼ੁਕਰਗੁਜ਼ਾਰ ਹੁੰਦੇ ਹਨ।

**ਸੰਤੁਸ਼ਟੀ ਕੀ ਹੁੰਦੀ ਹੈ?**

ਸੰਤੁਸ਼ਟੀ ਦਾ ਅਰਥ ਹੈ, ਕਾਫ਼ੀ ਨਾਲ ਸੰਤੁਸ਼ਟ ਹੋਣਾ। ਇਸਦਾ ਅਰਥ ਵਿਕਾਸ ਨੂੰ ਰੋਕਣਾ ਨਹੀਂ ਹੈ। ਇਸਦਾ ਅਰਥ ਬੇਲੋੜੀ ਇੱਛਾ ਨੂੰ ਰੋਕਣਾ। ਸੰਤੁਸ਼ਟੀ ਕਹਿੰਦੀ ਹੈ: ਮੇਰੇ ਕੋਲ ਸ਼ਾਂਤੀ ਨਾਲ ਰਹਿਣ ਲਈ ਕਾਫ਼ੀ ਹੈ। ਸੰਤੁਸ਼ਟੀ ਅਜੇ ਵੀ ਸਖ਼ਤ ਮਿਹਨਤ ਕਰਦੀ ਹੈ। ਪਰ ਨਤੀਜੇ ਲਈ ਖੁਸ਼ੀ ਨਹੀਂ ਦਿੰਦੀ। ਇਹ ਮਾਨਸਿਕਤਾ ਆਜ਼ਾਦੀ ਲਿਆਉਂਦੀ ਹੈ।

ਹੋਰ ਇੱਛਾ ਕਦੇ ਖ਼ਤਮ ਕਿਉਂ ਨਹੀਂ ਹੁੰਦੀ।

ਮਨ ਕਦੇ ਵੀ ਮੂਲ ਰੂਪ ਵਿਚ ਸੰਤੁਸ਼ਟ ਨਹੀਂ ਹੁੰਦਾ। ਜਦੋਂ ਸਾਨੂੰ ਇੱਕ ਚੀਜ਼ ਮਿਲਦੀ ਹੈ ਤਾਂ ਮਨ ਦੂਜੀ ਚਾਹੁੰਦਾ ਹੈ। ਹੋਰ ਪੈਸਾ, ਹੋਰ ਆਰਾਮ, ਹੋਰ ਧਿਆਨ ਖਿੱਚਣਾ। ਇਹ ਬੇਅੰਤ ਇੱਛਾ ਬੇਚੈਨੀ ਪੈਦਾ ਕਰਦੀ ਹੈ। ਬੇਚੈਨੀ ਖੁਸ਼ੀ ਨੂੰ ਮਾਰ ਦਿੰਦੀ ਹੈ। ਸੰਤੁਸ਼ਟੀ ਇਸ ਬੇਅੰਤ ਖੇੜੇ ਨੂੰ ਰੋਕ ਦਿੰਦੀ ਹੈ। ਤੁਲਨਾ ਸ਼ੁਕਰਗੁਜ਼ਾਰੀ ਨੂੰ ਤਬਾਹ ਕਰ ਦਿੰਦੀ ਹੈ।

ਜਦੋਂ ਤੁਲਨਾ ਸ਼ੁਰੂ ਹੁੰਦੀ ਹੈ ਤਾਂ ਸ਼ੁਕਰਗੁਜ਼ਾਰੀ ਅਲੋਪ ਹੋ ਜਾਂਦੀ ਹੈ। ਅਸੀਂ ਦੂਜਿਆਂ ਵੱਲ ਦੇਖਣਾ ਸ਼ੁਰੂ ਕਰ ਦਿੰਦੇ ਹਾਂ: ਉਨ੍ਹਾਂ ਦੀ ਜ਼ਿੰਦਗੀ, ਸਫ਼ਲਤਾ, ਜੀਵਨ ਸ਼ੈਲੀ, ਫਿਰ ਸਾਡੇ ਅਸ਼ੀਰਵਾਦ ਛੋਟੇ ਮਹਿਸੂਸ ਹੁੰਦੇ ਹਨ। ਮਾਨਸਿਕ ਤੌਰ 'ਤੇ ਖੁਸ਼ ਲੋਕ ਤੁਲਨਾ ਤੋਂ ਬਚਦੇ ਹਨ। ਉਹ ਆਪਣੇ ਸਫ਼ਰ 'ਤੇ ਧਿਆਨ ਕੇਂਦਰਿਤ ਕਰਦੇ ਹਨ। ਤੁਲਨਾ ਸ਼ਾਂਤੀ ਚੋਰੀ ਕਰਦੀ ਹੈ। ਸ਼ੁਕਰਗੁਜ਼ਾਰੀ ਇਸਨੂੰ ਬਹੁਤ ਮੰਨਦੀ ਹੈ।

ਸ਼ੁਕਰਗੁਜ਼ਾਰੀ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਨਹੀਂ ਕਰਦੀ। ਸ਼ੁਕਰਗੁਜ਼ਾਰ ਹੋਣਾ ਸੰਪੂਰਨ ਨਹੀਂ ਮਤਲਬੀ ਹੁੰਦਾ ਹੈ। ਸਮੱਸਿਆਵਾਂ ਦੂਰ ਨਹੀਂ ਹੋ ਜਾਂਦੀਆਂ, ਜ਼ਿੰਦਗੀ ਸੰਘਰਸ਼ ਕਰਦੀ ਹੈ। ਪਰ ਸ਼ੁਕਰਗੁਜ਼ਾਰੀ ਕਹਿੰਦੀ ਹੈ: ਮੁਸ਼ਕਿਲ ਵਿਚ ਵੀ ਕੁਝ ਚੰਗਾ ਹੁੰਦਾ ਹੈ। ਇਹ ਮਾਨਸਿਕਤਾ ਤਾਕਤ ਦਿੰਦੀ ਹੈ। ਇੱਕ ਸ਼ੁਕਰਗੁਜ਼ਾਰ ਵਿਅਕਤੀ ਭਾਵਨਾਤਮਕ ਤੌਰ 'ਤੇ ਮਜ਼ਬੂਤ ਅਤੇ ਮਾਨਸਿਕ ਤੌਰ 'ਤੇ ਸ਼ਾਂਤ ਹੋ ਜਾਂਦਾ ਹੈ।

**ਸ਼ੁਕਰਗੁਜ਼ਾਰੀ ਅਤੇ ਸੰਤੁਸ਼ਟੀ ਪੈਦਾ ਕਰਨ ਲਈ ਰੋਜ਼ਾਨਾ ਦੀਆਂ ਆਦਤਾਂ**

ਮਾਨਸਿਕ ਤੌਰ 'ਤੇ ਖੁਸ਼ ਲੋਕ ਅਭਿਆਸ ਕਰਦੇ ਹਨ: ਹਰ ਸਵੇਰ ਸ਼ੁਕਰਗੁਜ਼ਾਰੀ, ਛੋਟੀਆਂ-ਛੋਟੀਆਂ ਚੀਜ਼ਾਂ ਦੀ ਕਦਰ ਕਰਨਾ, ਬੇਲੋੜੀਆਂ ਇੱਛਾਵਾਂ ਨੂੰ ਘਟਾਉਣਾ, ਸਾਦਗੀ ਨਾਲ ਰਹਿਣਾ, ਸ਼ਾਂਤੀ ਨੂੰ ਰੁਤਬੇ ਨਾਲੋਂ ਮਹੱਤਵ ਦੇਣਾ। ਇਹ ਆਦਤਾਂ ਹੌਲੀ-ਹੌਲੀ ਮਨ ਨੂੰ ਮੁੜ ਸੁਰਜੀਤ ਕਰਦੀਆਂ ਹਨ। ਖੁਸ਼ੀ ਕੁਦਰਤੀ ਹੋ ਜਾਂਦੀ ਹੈ।

ਸੰਤੋਖ ਆਜ਼ਾਦੀ ਲਿਆਉਂਦਾ ਹੈ।

ਜਦੋਂ ਅਸੀਂ ਸੰਤੁਸ਼ਟ ਹੁੰਦੇ ਹਾਂ। ਅਸੀਂ ਪ੍ਰਵਾਨਗੀ ਦਾ ਪਿੱਛਾ ਕਰਨਾ ਬੰਦ ਕਰ ਦਿੰਦੇ ਹਾਂ, ਬੇਅੰਤ ਦੌੜਨਾ, ਅਸੀਂ ਖਾਲੀ ਮਹਿਸੂਸ ਕਰਨਾ ਬੰਦ ਕਰ ਦਿੰਦੇ ਹਾਂ। ਆਜ਼ਾਦੀ ਖੁਸ਼ੀ ਹੈ। ਇਕ ਆਜ਼ਾਦ ਮਨ ਵਿਅਸਤ ਬੇਚੈਨ ਮਨ ਨਾਲੋਂ ਜ਼ਿੰਦਗੀ ਦਾ ਜ਼ਿਆਦਾ ਆਨੰਦ ਮਾਣਦਾ ਹੈ। ਸੱਚੀ ਖੁਸ਼ੀ ਹੋਰ ਪ੍ਰਾਪਤ ਕਰਨ ਨਾਲ ਨਹੀਂ ਮਿਲਦੀ। ਇਹ ਜ਼ਿਆਦਾ ਕਦਰ ਕਰਨ ਨਾਲ ਆਉਂਦੀ ਹੈ। ਸ਼ੁਕਰਗੁਜ਼ਾਰੀ ਜ਼ਿੰਦਗੀ ਨੂੰ ਸ਼ਾਂਤੀਪੂਰਨ ਬਣਾਉਂਦੀ ਹੈ। ਜਦੋਂ ਅਸੀਂ ਉਸ ਲਈ ਸ਼ੁਕਰਗੁਜ਼ਾਰ ਹੁੰਦੇ ਹਾਂ, ਜੋ ਸਾਡੇ ਕੋਲ ਹੈ, ਤਾਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਸਾਡੇ ਕੋਲ ਪਹਿਲਾਂ ਹੀ ਕਾਫ਼ੀ ਹੈ।

# ਅਕਲ ਤੇ ਹੁਨਰ ਵਾਲੇ ਦੋਸਤ ਵਰਿਆਮ ਸਿੰਘ ਸੰਧੂ

ਵਰਿਆਮ ਸਿੰਘ ਸੰਧੂ ਬਹੁਤ ਵੱਡੇ ਕਹਾਣੀਕਾਰ ਤੇ ਚਰਚਿਤ ਲੇਖਕ ਹਨ, ਜਿਨ੍ਹਾਂ ਦੀਆਂ ਸਾਹਿਤਕ ਸਰਗਰਮੀਆਂ ਮੈਨੂੰ ਵੱਖ-ਵੱਖ ਸਮਿਆਂ ਉੱਤੇ ਕਾਇਲ ਕਰਦੀਆਂ ਰਹੀਆਂ।

ਲਗਪਗ ਅੱਧੀ ਸਦੀ ਤੋਂ ਵੱਖ-ਵੱਖ ਥਾਵਾਂ ਉੱਤੇ ਕੁਝ ਪਲਾਂ ਲਈ ਮੇਲ-ਮਿਲਾਪ ਵੀ ਹੁੰਦੇ ਰਹੇ। ਜਿੰਨਾ ਚਿਰ ਚਿੱਠੀਆਂ-ਪੱਤਰਾਂ ਦਾ ਜ਼ਮਾਨਾ ਸੀ; ਚਿੱਠੀ ਪੱਤਰ ਵੀ ਚੱਲਦੇ ਰਹੇ। ਅਜ-ਕੱਲ੍ਹ ਮੈਂ ਵੀ ਉਨ੍ਹਾਂ ਵਾਂਗ ਵਿਹਲੇ ਟਾਈਮ ਅਕਸਰ ਫੇਸਬੁੱਕ ਉੱਤੇ ਉਂਗਲਾਂ ਮਾਰਨ ਦਾ ਆਦੀ ਜਿਹਾ ਹੋ ਗਿਆ ਹਾਂ।



ਮੈਂ ਜਦੋਂ ਵੀ ਫੇਸਬੁੱਕ ਖੋਲ੍ਹਦਾ ਹਾਂ, ਕਿਤੇ ਨਾ ਕਿਤੇ ਉਹ ਬੈਠੇ ਹੋਏ, ਖੜ੍ਹੇ ਹੋਏ, ਬੋਲ ਰਹੇ ਦਿਖਾਈ ਦਿੰਦੇ ਹਨ ਜਾਂ ਉਨ੍ਹਾਂ ਸਮਾਗਮਾਂ ਦੇ

**ਰਘਵੀਰ ਸਿੰਘ ਟੇਰਕਿਆਨਾ, ਐਡਵੋਕੇਟ**
**ਫ਼ੋਨ: 98141-73402**

ਪ੍ਰਧਾਨਗੀ ਮੰਡਲ ਵਿਚ ਸੁਸ਼ੋਭਤ ਹੁੰਦੇ ਹਨ। ਅਜ-ਕੱਲ੍ਹ ਉਨ੍ਹਾਂ ਨਾਲ ਉਨ੍ਹਾਂ ਦੀ ਜੀਵਨ ਸਾਥਣ ਰਜਵੰਤ ਕੌਰ ਸੰਧੂ ਜੀ ਵੀ ਉਨ੍ਹਾਂ ਦੇ ਸੱਜੇ-ਖੱਬੇ ਨਾਲ ਹੀ ਕਿਤੇ ਨਾ ਕਿਤੇ ਬੈਠੇ ਹੁੰਦੇ ਹਨ।

ਚਾਲੀ-ਪੰਜਾਹ ਸਾਲ ਪਹਿਲਾਂ ਮੁਕੇਰੀਆਂ ਵਿਚ ਉਨ੍ਹਾਂ ਦੇ ਮੁਖ਼ਾਰਬਿੰਦ ਤੋਂ ਸੁਣੀ 'ਡੁੰਮ੍ਹ' ਕਹਾਣੀ ਨੇ ਸਾਬਤ ਕਰ ਦਿੱਤਾ ਸੀ ਕਿ ਵਰਿਆਮ ਸਿੰਘ ਸੰਧੂ ਕਿਸੇ ਬਹੁਤ ਡੂੰਘੇ ਡੁੰਮ੍ਹ ਵਾਂਗ ਬੜਾ ਡੂੰਘਾ ਬੰਦਾ ਹੈ।

ਕਈ ਦਹਾਕੇ ਪਹਿਲਾਂ ਵਰਿਆਮ ਸਿੰਘ ਸੰਧੂ ਦੀ ਕਹਾਣੀ 'ਭੱਜੀਆਂ ਬਾਹੀਂ' ਉੱਤੇ ਦਸੂਹਾ ਵਿਖੇ ਅਜਮੇਰ ਔਲਖ ਦਾ ਨਾਟਕ ਉਨ੍ਹਾਂ ਦਾ ਉੱਚਾ ਕੱਦ ਹੋਰ ਉੱਚਾ ਕਰ ਗਿਆ ਸੀ। ਕੁਝ ਸਾਲਾਂ ਬਾਅਦ ਛਪੀ ਉਨ੍ਹਾਂ ਦੀ 'ਵਾਪਸੀ' ਕਹਾਣੀ ਨੇ ਉਨ੍ਹਾਂ ਦਾ ਝੰਡਾ ਝੁਲਦਾ ਕਰ ਦਿੱਤਾ ਸੀ। 'ਮੈਂ ਹੁਣ ਠੀਕ ਠਾਕ ਹਾਂ' ਕਹਾਣੀ ਨੇ ਵਰਿਆਮ ਸਿੰਘ ਸੰਧੂ ਅਸਮਾਨੇ ਚਾੜ੍ਹ ਦਿੱਤਾ ਸੀ ਜੋ ਚੜ੍ਹਦਾ ਹੀ ਚਲਾ ਗਿਆ।

ਫਿਰ 'ਸਿਰਜਣਾ' ਤੇ ਹੋਰ ਮੈਗਜ਼ੀਨਾਂ ਤੋਂ ਇਲਾਵਾ ਪੰਜਾਬੀ ਦੀਆਂ ਮਿਆਰੀ ਅਖ਼ਬਾਰਾਂ ਨੇ ਉਨ੍ਹਾਂ ਦੀਆਂ ਵਡਮੁੱਲੀਆਂ ਲਿਖਤਾਂ ਉਨ੍ਹਾਂ ਤੋਂ ਵੀ ਪਹਿਲਾਂ ਬਦੇਸ਼ਾਂ ਵਿਚ ਪੁੱਜਦੀਆਂ ਕਰ ਦਿੱਤੀਆਂ ਸਨ।

ਵਰ੍ਹਿਆਂ ਤੋਂ ਦੇਸ਼ਭਗਤ ਯਾਦਗਾਰ ਹਾਲ ਜਲੰਧਰ ਵਾਲਿਆਂ ਨੇ ਤਾਂ ਉਨ੍ਹਾਂ ਨੂੰ ਪ੍ਰੋਗਰਾਮਾਂ ਦਾ ਰਹਿਬਰ ਬਣਾ ਕੇ ਪੇਸ਼ ਕੀਤਾ। ਉਨ੍ਹਾਂ ਦੀ ਵਿਲੱਖਣ ਪੇਸ਼ਕਾਰੀ ਤੇ ਕਵੀ ਦਰਬਾਰਾਂ ਦੀ ਸਟੇਜ ਸਕੱਤਰੀ ਮੈਂ ਅੱਧੀ ਕੁ ਸਦੀ ਤੋਂ ਲਗਾਤਾਰ ਵੇਖਦਾ ਰਿਹਾ ਹਾਂ।

ਉਹ ਪੌਣੀ ਕੁ ਸਦੀ ਤੋਂ ਸਾਹਿਤ ਵਿਚ ਤੇ ਸਾਹਿਤਕਾਰ ਮੁੰਡੇ ਕੁੜੀਆਂ ਵਿਚ ਬਹੁਤ ਰੁਚੀ ਲੈਂਦੇ ਰਹੇ ਹਨ, ਜਿਸ ਕਰਕੇ ਉਨ੍ਹਾਂ ਦੇ ਸਾਹਿਤਕ ਸ਼ਰਧਾਲੂ ਦੁਨੀਆ ਭਰ ਵਿਚ ਬੈਠੇ ਹੋਏ ਹਨ।

ਦਿਲਚਸਪ ਗੱਲ ਇਹ ਕਿ ਉਹ ਅਜੇ ਵੀ ਸਾਹਿਤ ਦੀ ਨਹਿਰ ਨੂੰ ਸਾਫ ਰੱਖਣ ਲਈ ਪੰਜਾਬੀ ਕਿਸਾਨ ਦੇ ਪੁੱਤ ਹੋਣ ਕਰਕੇ ਕਲਮ ਕਹੀ ਵਾਂਗ ਮੋਢੇ ਉੱਤੇ ਚੁੱਕੀ ਫਿਰਦੇ ਹਨ। ਅੱਜ ਵੀ ਸਾਹਿਤ ਸਭਾਵਾਂ ਵਿਚ ਸ਼ਿਰਕਤ ਕਰਨ ਦੇ ਆਹਰ ਵਿਚ ਦੋਵੇਂ ਪਤੀ-ਪਤਨੀ ਲੱਗੇ ਹੋਏ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੌਣੀ ਕੁ ਸਦੀ ਤੋਂ ਸਾਹਿਤ ਦੇ ਖੇਤਰ ਵਿਚ ਉਨ੍ਹਾਂ ਬਹੁਤ ਤੇਗ਼ਾਂ ਮਾਰੀਆਂ ਹਨ। ਆਪਣੀ ਕਲਮ ਜ਼ਿੰਦਗੀ ਦੇ ਮੈਦਾਨੇ-ਜੰਗ ਵਿਚ ਤੇਗ ਵਾਂਗ ਵਾਹੀ ਹੈ। ਉਨ੍ਹਾਂ ਦੀਆਂ ਲਿਖਤਾਂ ਗਵਾਹ ਹਨ ਕਿ ਉਨ੍ਹਾਂ ਅੰਦਰ ਮਨੁੱਖੀ ਜਜ਼ਬਾ, ਕਦਰਾਂ-ਕੀਮਤਾਂ, ਅਣਖ ਤੇ ਆਕੜ-ਫਾਕੜ ਵੀ ਅਜੇ ਜਿਉਂ ਦੀ ਤਿਉਂ ਕਾਇਮ ਹੈ।

ਵੇਖਣ ਨੂੰ ਉਹ ਅਜੇ ਵੀ ਜਵਾਨ ਹੀ ਲੱਗਦੇ ਹਨ ਭਾਵੇਂ ਉਮਰ ਦਰਾਜ਼ ਹੋ ਗਏ ਹਨ।

ਸੰਧੂ ਸਾਹਿਬ ਜੀ ਕਹਾਣੀਆਂ ਚੰਗੀਆਂ ਨਹੀਂ, ਬਹੁਤ ਹੀ ਚੰਗੀਆਂ ਲਿਖ ਗਏ ਹਨ।

ਦੇਸ਼ ਬਦੇਸ਼ ਵਿਚ ਉਨ੍ਹਾਂ ਦੀਆਂ ਵਾਕਫ਼ੀਅਤਾਂ, ਦੋਸਤੀਆਂ ਦਾ ਘੇਰਾ ਬਹੁਤ ਵਿਸ਼ਾਲ ਹੈ ਤੇ ਉਨ੍ਹਾਂ ਸਾਂਝਾਂ ਬਰਕਰਾਰ ਰੱਖੀਆਂ ਹਨ। ਅਸੀਂ ਉਨ੍ਹਾਂ ਦੇ ਮਿੱਤਰ ਤੇ ਪਾਠਕ, ਉਨ੍ਹਾਂ ਤੋਂ ਅਜੇ ਵੀ ਸ਼ਾਹਕਾਰ ਰਚਨਾਵਾਂ ਦੀ ਆਸ ਰੱਖਦੇ ਹਾਂ।

ਮੈਂ ਵੀ ਉਨ੍ਹਾਂ ਦਾ ਕਦਰਦਾਨ ਹਾਂ। ਐਵੇਂ ਹੀ ਕਦੀ-ਕਦੀ ਕਿਸੇ ਨੁਕਤੇ 'ਤੇ ਉਨ੍ਹਾਂ ਨਾਲ ਪੇਚਾ ਵੀ ਪਾ ਬੈਠਦਾ ਹਾਂ। ਪਰ ਹੁਣ ਸੋਚਦਾ ਹਾਂ, ਨਹੀਂ! ਅੱਗੇ ਤੋਂ ਸੰਧੂ ਸਾਹਿਬ ਨੂੰ ਕਦੇ ਰੋਕਣਾ ਨਹੀਂ, ਕਦੇ ਟੋਕਣਾ ਨਹੀਂ ਹੈ।

ਕਦੇ-ਕਦੇ ਮੇਰੀ ਕਲਮ ਕਹਿੰਦੀ ਹੈ ਕਿ ਵਰਿਆਮ ਸਿੰਘ ਸੰਧੂ ਸਾਹਿਬ ਬਾਰੇ ਵੀ ਕੋਈ ਨਿੱਕੀ-ਮੋਟੀ ਟਿੱਪਣੀ ਕਰ ਦਿਆਂ। ਉਹ ਏਡਾ ਵੱਡਾ ਕਹਾਣੀਕਾਰ ਹੈ। ਪਰ ਮੈਂ ਡਰਦਾ-ਡਰਦਾ ਕਰਦਾ ਨਹੀਂ ਕਿਉਂਕਿ ਮੈਂ ਖੁਦ ਵੀ ਤਾਂ ਕਹਾਣੀਕਾਰ ਨਹੀਂ ਹਾਂ। ਮੈਂ ਤਾਂ ਸਿਰਫ ਕਹਾਣੀਆਂ ਪੜ੍ਹਦਾ ਹਾਂ। ਆਪ ਮੇਰਾ ਰੁਝਾਨ ਨਾਵਲ ਤੇ ਸ਼ਾਇਰੀ ਲਿਖਣ ਵੱਲ ਵਧੇਰੇ ਹੈ। ਸਾਹਿਤ ਦੀ ਹਰ ਵਿਧਾ ਤੇ ਹਰ ਚੰਗੇ ਲੇਖਕ ਦਾ ਸ਼ਰਧਾਲੂ ਹਾਂ। ਵਕਾਲਤ ਦਾ ਪੇਸ਼ਾ ਵਿਹਲ ਨਹੀਂ ਦਿੰਦਾ। ਉਂਝ ਸਾਹਿਤ ਵਿਚ ਬਹੁਤ ਕੁਝ ਕਰਨ ਨੂੰ ਦਿਲ ਕਰਦਾ ਹੈ।

ਸੰਧੂ ਸਾਹਿਬ ਤਾਂ ਬਹੁਤ ਕੁਝ ਕਰ ਚੁੱਕੇ ਹਨ ਪਰ ਅਸੀਂ ਅਜੇ ਪਿਛਲੇ ਸਟੇਸ਼ਨਾਂ ਉੱਤੇ ਹੀ ਫਸੇ ਹੋਏ ਹਾਂ। ਖ਼ੈਰ! ਮੈਂ ਵੀ ਆ ਰਿਹਾ ਹਾਂ ਉਨ੍ਹਾਂ ਦੇ ਮਗਰ-ਮਗਰ ਉਨ੍ਹਾਂ ਦਾ ਪਾਠਕ, ਦਰਸ਼ਕ ਤੇ ਪ੍ਰਸ਼ੰਸਕ ਬਣ ਕੇ...

ਹੁਣ ਤੁਸੀਂ ਖੁਦ ਦੱਸੋ ਕਿ ਮੈਂ ਉਨ੍ਹਾਂ ਦੀ ਪ੍ਰਸ਼ੰਸਾ ਨਾ ਕਰਾਂ ਤਾਂ ਹੋਰ ਕੀ ਕਰਾਂ? ਉਨ੍ਹਾਂ ਲਈ ਕਦੀ-ਕਦੀ ਦੋ ਚਾਰ ਲਾਈਨਾਂ



ਦੀ ਟਿੱਪਣੀ ਲਿਖ ਦਿੰਦਾ ਹਾਂ। ਜੇ ਉਹ ਲਾਈਨਾਂ ਪਾਸ ਹੋ ਜਾਣ ਤਾਂ ਮਨ ਖੁਸ਼ ਹੋ ਜਾਂਦਾ ਹੈ।

ਪਿਛਲੇ ਦਿਨੀਂ ਮੈਂ ਉਨ੍ਹਾਂ ਬਾਰੇ ਇੱਕ ਨਿੱਕੀ ਜਿਹੀ ਕਵਿਤਾ ਲਿਖੀ। ਉਨ੍ਹਾਂ ਨੇ ਫੇਸ ਬੁੱਕ 'ਤੇ ਪੋਸਟ ਕਰ ਦਿੱਤੀ। ਮੈਂ ਵੇਖਿਆ ਜਿਵੇਂ ਮੈਂ ਸੋਚਦਾ ਸਾਂ ਉਨ੍ਹਾਂ ਦੇ ਬਹੁਤ ਸਾਰੇ ਪ੍ਰਸ਼ੰਸਕ ਵੀ ਉਨ੍ਹਾਂ ਬਾਰੇ ਮੇਰੇ ਵਾਂਗ ਹੀ ਸੋਚਦੇ ਤੇ ਉਨ੍ਹਾਂ ਦੇ ਕਦਰਦਾਨ ਹਨ।

ਪਹਿਲਾਂ ਤੁਸੀਂ ਸੰਧੂ ਸਾਹਿਬ ਵੱਲੋਂ ਪੋਸਟ ਕੀਤੀ ਕਵਿਤਾ ਪੜ੍ਹੋ। ਬਾਅਦ ਵਿਚ ਹੋਰ ਗੱਲ ਕਰਦੇ ਹਾਂ।

...

ਰਘਵੀਰ ਸਿੰਘ ਟੇਰਕਿਆਨਾ ਦੀ ਮੁਹੱਬਤ।
ਲੰਬੀਆਂ ਕਹਾਣੀਆਂ ਬੜੇ ਚਿਰ ਤੋਂ ਲਿਖਦਾ ਹੈ
ਵਰਿਆਮ ਸਿੰਘ ਸੰਧੂ
ਮੈਂ ਸੁਣਿਆ ਕਿ ਬਹੁਤ ਹੀ ਜ਼ਿਆਦਾ ਵਿਕਦਾ ਹੈ
ਵਰਿਆਮ ਸਿੰਘ ਸੰਧੂ
ਸਾਹਿਤ ਸਭਾਵਾਂ ਦੇ ਵਿਚ ਅਕਸਰ ਦਿਸਦਾ ਹੈ
ਵਰਿਆਮ ਸਿੰਘ ਸੰਧੂ
ਨਾ ਆਪਣੇ ਦੇਸ਼ ਤੇ ਨਾ ਵਿਚ ਪ੍ਰਦੇਸ ਟਿਕਦਾ ਹੈ
ਵਰਿਆਮ ਸਿੰਘ ਸੰਧੂ
ਉਹ ਨਹੀਂ ਕਿਸੇ ਤੋਂ ਡਰਦਾ ਤੇ ਨਾ ਹੀ ਲਿਫਦਾ ਹੈ
ਵਰਿਆਮ ਸਿੰਘ ਸੰਧੂ
ਸੂਰਜ ਵਾਂਗ ਚੜ੍ਹਦਾ ਪਰ ਕਿਤੇ ਨਹੀਂ ਛਿਪਦਾ ਹੈ
ਵਰਿਆਮ ਸਿੰਘ ਸੰਧੂ

ਕਵਿਤਾ ਪੜ੍ਹਨ ਤੋਂ ਬਾਅਦ ਉਨ੍ਹਾਂ ਦੇ ਕਿਸੇ ਪ੍ਰਸ਼ੰਸਕ ਨੇ ਮੇਰੀ ਕਵਿਤਾ ਦੀ ਇੱਕ ਸਤਰ, 'ਮੈਂ ਸੁਣਿਆ ਕਿ ਬਹੁਤ ਹੀ ਜ਼ਿਆਦਾ ਵਿਕਦਾ ਹੈ ਵਰਿਆਮ ਸੰਧੂ' ਬਾਰੇ ਲਿਖਿਆ ਕਿ ਇਸਦੇ ਦੋ ਅਰਥ ਬਣ ਜਾਂਦੇ ਨੇ। ਇਹਦੇ ਅਰਥ ਸਪੱਸ਼ਟ ਕਰ ਦਿਉ।'

ਸੰਧੂ ਸਾਹਿਬ ਨੇ ਅਰਥਾਂ ਨੂੰ ਆਪਣੇ ਅੰਦਾਜ਼ ਵਿਚ ਸਪੱਸ਼ਟ ਕਰਦਿਆਂ ਲਿਖਿਆ, 'ਜਿਹੜੇ ਪ੍ਰਸੰਗ ਵਿਚ ਉਹ (ਮੈਂ) ਲਿਖ ਰਹੇ ਹਨ, ਉਹਦਾ ਮਤਲਬ ਕਿਤਾਬਾਂ ਦੇ ਵਿਕਣ ਤੋਂ ਹੀ ਹੈ। ਜਿਹੜੇ ਅਰਥਾਂ ਵੱਲ ਤੁਹਾਡਾ ਧਿਆਨ ਗਿਆ ਹੈ, ਉਹ ਅਰਥ ਵਰਿਆਮ ਸਿੰਘ ਸੰਧੂ ਨਾਲ ਕਦੇ ਨਹੀਂ ਜੁੜਦੇ। ਵਿਕਣਾ ਮੇਰੀ ਫ਼ਿਤਰਤ ਵਿਚ ਹੀ ਨਹੀਂ।'

ਗੱਲ ਨੂੰ ਹੋਰ ਸਪੱਸ਼ਟ ਕਰਨ ਲਈ ਮੈਂ ਲਿਖਿਆ, 'ਜਨਾਬੇਆਲੀ ਵਰਿਆਮ ਸਿੰਘ ਸੰਧੂ ਜੀ ਸੱਚਮੁੱਚ ਹੀ ਵਧੀਆ ਲੇਖਕ ਹਨ। ਦਹਾਕਿਆਂ ਤੋਂ ਲੋਕ ਉਨ੍ਹਾਂ ਨੂੰ ਪੜ੍ਹਦੇ ਆਏ ਹਨ। ਹੁਣ ਵੀ ਪੜ੍ਹਦੇ ਹਨ। ਉਨ੍ਹਾਂ ਨੂੰ, ਉਨ੍ਹਾਂ ਦੀਆਂ ਕਿਤਾਬਾਂ ਰਾਹੀਂ ਹੀ ਪਾਠਕ ਪੜ੍ਹਦੇ ਹਨ। ਸੁਭਾਵਕ ਹੈ ਕਿ ਉਨ੍ਹਾਂ ਦਾ ਨਾਮ, ਉੱਨਾਂ ਦੀਆਂ ਲਿਖਤਾਂ, ਉਨ੍ਹਾਂ ਦਾ ਤਜਰਬਾ ਵਿਕਦਾ ਹੈ। ਹਾਂ, ਕਿਤਾਬਾਂ ਵਿਕਦੀਆਂ ਹਨ ਉਨ੍ਹਾਂ ਦੀਆਂ। ਉਹ ਅਣਖੀਲਾ ਬੰਦਾ ਹੈ। ਉਹ ਖੁਦ ਥੋੜਾ ਵਿਕੇਗਾ। ਜੇ ਖੁਦ ਵਿਕਾਊ ਹੁੰਦਾ ਤਾਂ ਹੁਣ ਤੱਕ ਉਸ ਨੂੰ ਮੁਲਕ ਵਿਚਲੀਆਂ ਅਣਗਿਣਤ ਰਾਜਨੀਤਕ ਪਾਰਟੀਆਂ ਮਸ਼ਹੂਰ ਹੋਇਆ ਬੰਦਾ ਵੇਖ ਕੇ ਆਮ ਵਿਕਾਊ ਲੀਡਰਾਂ ਵਾਂਗ ਖ਼ਰੀਦ ਸਕਦੀਆਂ ਸਨ। ਪਰ ਉਹ ਤਾਂ ਏਦਾਂ ਦੇ ਨਹੀਂ। ਉਹ ਤਾਂ ਰਾਜਨੀਤਕ ਪਾਰਟੀਆਂ ਦੇ ਖ਼ਿਲਾਫ ਲਿਖਦੇ ਵੀ ਰਹੇ ਤੇ ਬੋਲਦੇ ਵੀ। ਮੈਂ ਇਹੋ ਕਿਹਾ ਕਿ ਉਨ੍ਹਾਂ ਦਾ ਮਹਾਨ ਕੰਮ ਵਿਕਦਾ ਹੈ। ਮਹਾਨ ਉਨ੍ਹਾਂ ਦੀ ਸੋਚ ਹੈ, ਕਲਮ ਹੈ ਤੇ ਕਿਤਾਬਾਂ ਹਨ।

ਸੱਚ ਬੋਲਣ ਤੇ ਲਿਖਣ ਕਰ ਕੇ ਉਨ੍ਹਾਂ ਜੇਲ੍ਹ ਯਾਤਰਾਵਾਂ ਵੀ ਕੀਤੀਆਂ, ਇੰਟੇਰੋਗੇਸ਼ਨ ਸੈਂਟਰ ਦੇ ਤਸੀਹੇ ਝੱਲੇ। ਐਮਰਜੈਂਸੀ ਵਿਚ ਡੀ ਆਈ ਆਰ ਅਧੀਨ ਕੈਦ ਵੀ ਕੱਟੀ। ਪਰ ਉਹ ਨਾ ਕਦੀ ਰੁਕੇ ਨਾ ਝੁਕੇ। ਏਸੇ ਕਰ ਕੇ ਮੈਂ ਉਨ੍ਹਾਂ ਦਾ ਕਦਰਦਾਨ ਹਾਂ।

# ਸਫ਼ਰ 'ਚ ਇੱਕ ਬ੍ਰਹਿਮੰਡ

ਮੈਂ ਕਾਰ ਦੌੜਾਈ ਜਾ ਰਿਹਾ ਸੀ ਅਤੇ ਨਾਲ-ਨਾਲ ਸਟੀਫਨ ਹਾਕਿੰਗ ਦੀ ਮਸ਼ਹੂਰ ਕਿਤਾਬ 'ਏ ਬ੍ਰੀਫ ਹਿਸਟਰੀ ਆਫ ਟਾਈਮ' ਦੀ ਆਡੀਓ ਸੁਣ ਰਿਹਾ ਸੀ। ਕਰੀਬ ਵੀਹ ਕੁ ਸਾਲ ਪਹਿਲਾਂ ਮੈਨੂੰ ਮੇਰੇ ਅਧਿਆਪਕ ਪ੍ਰੋ. ਰਜਿੰਦਰ ਪਾਲ ਸਿੰਘ ਨੇ ਦੁਨੀਆਂ ਨੂੰ ਜਾਣਨ ਵਾਲੀਆਂ ਦਸ ਕਿਤਾਬਾਂ ਦੀ ਸੂਚੀ ਦਿੱਤੀ ਸੀ, ਤੇ ਉਨ੍ਹਾਂ ਵਿਚੋਂ ਇਕ ਕਿਤਾਬ ਇਹ ਵੀ ਸੀ। ਉਸ ਵੇਲੇ ਮੈਂ ਕਿਤਾਬ ਖਰੀਦ ਤਾਂ ਲਈ ਸੀ, ਪਰ ਅੰਗਰੇਜ਼ੀ ਵਿਚ ਹੱਥ ਜ਼ਰਾ ਤੰਗ ਹੋਣ ਕਾਰਨ ਇਸ ਨੂੰ ਪੜ੍ਹ ਨਾ ਸਕਿਆ। ਜਦੋਂ ਅੰਗਰੇਜ਼ੀ 'ਚ ਹੱਥ ਰੈਲਾ ਹੋ ਗਿਆ ਪਰ ਇਹ ਕਿਤਾਬ ਪੜ੍ਹਨ ਦਾ ਸਬੱਬ ਨਾ ਬਣਿਆ। ਬਾਅਦ ਵਿਚ ਇਸੇ ਵਿਗਿਆਨੀ ਦੀ ਕਿਤਾਬ 'ਦਿ ਥਿਊਰੀ ਆਫ ਐਵਰੀਥਿੰਗ' ਮੈਂ ਪੜ੍ਹ ਲਈ ਸੀ।



**ਡਾ. ਪਰਮਜੀਤ ਸਿੰਘ ਕੱਟੂ**
**ਫੋਨ: 70873-20578**

ਪਿਛਲੇ ਕੁਝ ਸਾਲਾਂ ਤੋਂ ਕਾਰ ਦੇ ਸਫ਼ਰ ਦੌਰਾਨ ਅਕਸਰ ਕੁਝ ਨਾ ਕੁਝ ਸੁਣਨ ਦੀ ਆਦਤ ਪੈ ਗਈ ਤੇ ਇਕ ਦਿਨ ਅਚਾਨਕ ਇਸ ਪਹਿਲੀ ਕਿਤਾਬ ਦੀ ਆਡੀਓ ਮੇਰੇ ਸਾਹਮਣੇ ਆ ਗਈ। ਮਨ ਵਿਚ ਆਇਆ ਕਿ ਕਿਉਂ ਨਾ ਸਫ਼ਰ ਦੇ ਸਮੇਂ ਨੂੰ ਸਫ਼ਲਾ ਕੀਤਾ ਜਾਵੇ ਤੇ ਸਮੇਂ ਦੇ ਇਤਿਹਾਸ ਨੂੰ ਸੁਣਿਆ ਜਾਵੇ।

ਮੈਂ ਕਿਤਾਬ ਸੁਣਨੀ ਸ਼ੁਰੂ ਕੀਤੀ। ਲਗਭਗ ਚੌਥਾ ਦਿਨ ਸੀ। ਉਸ ਵੇਲੇ ਸਟੀਫਨ ਹਾਕਿੰਗ ਸਮਝਾ ਰਹੇ ਸਨ ਕਿ ਤਾਰੇ ਅਤੇ ਗੈਲੇਕਸੀਆਂ ਇੱਕ ਦੂਜੇ ਤੋਂ ਲਗਾਤਾਰ ਦੂਰ ਜਾ ਰਹੀਆਂ ਹਨ ਕਿਉਂਕਿ ਬ੍ਰਹਿਮੰਡ ਅਜੇ ਵੀ ਫੈਲ ਰਿਹਾ ਹੈ। ਮੈਂ ਇਹ ਸਭ ਧਿਆਨ ਨਾਲ ਸੁਣ ਰਿਹਾ ਸੀ ਅਤੇ ਨਾਲ ਹੀ ਕਾਰ ਚਲਾਉਣ 'ਤੇ ਵੀ ਧਿਆਨ ਸੀ।

ਇਸੇ ਦੌਰਾਨ ਅਚਾਨਕ ਸੜਕ ਦੇ ਕਿਨਾਰੇ ਖੜ੍ਹੇ ਇੱਕ ਸਕੂਲੀ ਵਿਦਿਆਰਥੀ ਨੇ ਮੈਨੂੰ ਹੱਥ ਦੇ ਕੇ ਰੋਕਣ ਦਾ ਇਸ਼ਾਰਾ ਕੀਤਾ। ਮੇਰੇ ਸਫ਼ਰ ਦੀ ਨੀਮ-ਪਹਾੜੀ ਵਲ-ਵਲੇਵਿਆਂ ਵਾਲੀ ਸੜਕ 'ਤੇ ਐਸਾ ਹੁੰਦਾ ਹੈ ਕਿ ਨਾ ਤਾਂ ਤੁਰੰਤ ਗੱਡੀ ਰੋਕੀ ਜਾ ਸਕਦੀ ਹੈ ਅਤੇ ਨਾ ਹੀ ਅਸਾਨੀ ਨਾਲ ਯੂ-ਟਰਨ ਲਿਆ ਜਾ ਸਕਦਾ ਹੈ। ਮੈਂ ਪਹਿਲਾਂ ਹੀ ਦੋ ਪਾਸਿਆਂ 'ਤੇ ਧਿਆਨ ਦੇ ਰਿਹਾ ਸੀ—ਇੱਕ ਕਿਤਾਬ ਅਤੇ ਦੂਜਾ ਡ੍ਰਾਈਵਿੰਗ।

ਮੈਂ ਉਸ ਵੇਲੇ ਗੱਡੀ ਨਹੀਂ ਰੋਕ ਸਕਿਆ। ਪਰ ਜਿਵੇਂ ਹੀ ਮੈਂ ਅੱਗੇ ਵਧਿਆ, ਮੇਰੇ ਮਨ ਵਿਚ ਇੱਕ ਅਜੀਬ ਜਿਹਾ ਅਹਿਸਾਸ ਜਾਗਿਆ—ਜਿਵੇਂ ਮੈਂ ਕੋਈ ਗਲਤੀ ਕਰ ਬੈਠਿਆ ਹੋਵਾਂ। ਕਿਸੇ ਨੇ ਮਦਦ ਮੰਗੀ ਸੀ ਅਤੇ ਮੈਂ ਉਸਨੂੰ ਅਣਡਿਠਾ ਕਰ ਦਿੱਤਾ ਸੀ।

ਲਗਭਗ ਇੱਕ ਕਿਲੋਮੀਟਰ ਅੱਗੇ ਜਾ ਕੇ ਜਿੱਥੇ ਮੈਨੂੰ ਮੌਕਾ ਮਿਲਿਆ, ਮੈਂ ਤੁਰੰਤ ਗੱਡੀ ਮੋੜ ਲਈ ਅਤੇ ਵਾਪਸ ਉਸੇ ਥਾਂ ਆ ਗਿਆ। ਉਹ ਵਿਦਿਆਰਥੀ ਅਜੇ ਵੀ ਉੱਥੇ ਖੜ੍ਹਾ ਸੀ।

ਮੈਂ ਗੱਡੀ ਰੋਕੀ, ਸ਼ੀਸ਼ਾ ਹੇਠਾਂ ਕੀਤਾ ਅਤੇ ਕਿਹਾ, 'ਛੋਟੇ ਵੀਰ, ਮਾਫ ਕਰੀ। ਤੁਸੀਂ ਮੈਨੂੰ ਰੁਕਣ ਦਾ ਇਸ਼ਾਰਾ ਕੀਤਾ ਸੀ, ਪਰ ਮੈਂ ਗੱਡੀ ਨਹੀਂ ਰੋਕ ਸਕਿਆ। ਹੁਣ ਮੈਂ ਤੁਹਾਨੂੰ ਲੈਣ ਆਇਆ ਹਾਂ।'

ਉਹ ਮੁਸਕਰਾਇਆ ਅਤੇ ਗੱਡੀ ਵਿਚ ਬੈਠ ਗਿਆ। ਉਸਦੇ ਚਿਹਰੇ 'ਤੇ ਖੁਸ਼ੀ ਸੀ—ਅਤੇ ਮੇਰੇ ਮਨ ਵਿਚ ਇੱਕ ਸਾਂਤਵਨਾ। ਮੈਨੂੰ ਲੱਗਾ ਜਿਵੇਂ ਮੈਂ ਆਪਣੀ ਜ਼ਿੰਦਗੀ ਦਾ ਇੱਕ ਛੋਟਾ ਜਿਹਾ ਗੁਨਾਹ ਘੱਟ ਕਰ ਲਿਆ ਹੋਵੇ।

ਰਾਹ ਵਿਚ ਮੈਂ ਉਸਨੂੰ ਪੁੱਛਿਆ, 'ਤੁਹਾਡਾ ਨਾਮ ਕੀ ਹੈ?' 'ਅਮਰੀਕ ਸਿੰਘ।'

'ਕਿਹੜੀ ਕਲਾਸ ਵਿਚ ਪੜ੍ਹਦੇ ਹੋ?' 'ਜੀ, ਦਸਵੀਂ ਵਿਚ।'

'ਅੱਜ ਕਿਵੇਂ ਬੱਸ ਲੰਘ ਗਈ ਸੀ ਜਾਂ...?'

'ਨਹੀਂ ਜੀ, ਮੇਰੇ ਸਕੂਲ ਦੇ ਅਧਿਆਪਕ ਮੈਨੂੰ ਨਾਲ ਲੈ ਜਾਂਦੇ ਆਪਣੀ ਕਾਰ 'ਚ...ਅੱਜ ਮੈਂ ਲੇਟ ਹੋ ਗਿਆ ਤੇ ਉਨ੍ਹਾਂ ਨੂੰ ਜਾਣਾ ਪਿਆ।'

ਫਿਰ ਮੈਂ ਪੁੱਛਿਆ, 'ਅਮਰੀਕ ਸਿੰਘ ਜੀ ਤੁਸੀਂ ਜ਼ਿੰਦਗੀ ਵਿਚ ਕੀ ਬਣਨਾ ਚਾਹੁੰਦੇ ਹੋ?'

ਉਸਨੇ ਬਿਨਾ ਝਿਜਕ ਕਿਹਾ, 'ਵਿਗਿਆਨੀ।'

ਇਹ ਸੁਣ ਕੇ ਮੈਂ ਕੁਝ ਪਲ ਲਈ ਚੁੱਪ ਹੋ ਗਿਆ। ਮੈਨੂੰ ਅਹਿਸਾਸ ਹੋਇਆ ਕਿ ਸ਼ਾਇਦ ਮੈਂ ਸਾਲਾਂ ਬਾਅਦ ਇਹ ਕਿਤਾਬ ਸਿਰਫ਼ ਆਪਣੇ ਲਈ ਨਹੀਂ, ਸਗੋਂ ਅਮਰੀਕ ਸਿੰਘ ਲਈ ਸੁਣ ਰਿਹਾ ਹਾਂ।

ਮੈਂ ਉਸਨੂੰ ਪੁੱਛਿਆ, 'ਸਟੀਫਨ ਹਾਕਿੰਗ ਦਾ ਨਾਮ ਸੁਣਿਆ ਹੈ?'

ਉਹ ਕਹਿੰਦਾ, 'ਹਾਂ ਜੀ, ਇੱਕ ਵਿਗਿਆਨੀ ਸਨ, ਕੁਝ ਸਾਲ ਪਹਿਲਾਂ ਉਨ੍ਹਾਂ ਦੀ ਮੌਤ ਹੋ ਗਈ ਸੀ। ਮੈਂ ਅਖਬਾਰ ਵਿਚ ਪੜ੍ਹਿਆ ਸੀ।'

'ਸੋਸ਼ਲ ਮੀਡੀਆ ਵਰਤਦੇ ਹੋ?' 'ਨਹੀਂ ਜੀ, ਮੈਂ ਫੋਨ ਦੀ ਵਰਤੋਂ ਘੱਟ ਕਰਦਾ ਹਾਂ।'

ਮੈਂ ਮੁਸਕੁਰਾ ਕੇ ਕਿਹਾ, 'ਫਿਰ ਤੁਸੀਂ ਜ਼ਰੂਰ ਵਿਗਿਆਨੀ ਬਣ ਜਾਓਗੇ।'

ਕਦੇ-ਕਦੇ ਯੂਟਿਊਬ 'ਤੇ ਗਿਆਨ ਵਾਲੀਆਂ ਵੀਡੀਓਜ਼ ਵੀ ਦੇਖ ਲਿਆ ਕਰੋ।

ਮੈਂ ਉਸ ਤੋਂ ਇਹ ਵੀ ਪੁੱਛਿਆ ਕਿ ਉਸਦਾ ਰੁਝਾਨ ਕਿਹੜੇ ਵਿਸ਼ੇ ਵਿਚ ਹੈ—ਕੈਮਿਸਟਰੀ, ਫਿਜ਼ਿਕਸ ਜਾਂ ਮੈਥਸ? ਉਹ ਕਹਿੰਦਾ, 'ਕੈਮਿਸਟਰੀ ਤੇ ਫਿਜ਼ਿਕਸ ਦੋਨਾਂ ਵਿਚ।' 'ਫਿਰ ਇਹ ਕਿਤਾਬ ਤੁਹਾਡੇ ਲਈ ਹੀ ਹੈ।'


ਮੈਂ ਕਾਰ ਰੋਕ ਲਈ। ਮੈਂ ਕਿਹਾ- ਅਮਰੀਕ ਸਿੰਘ ਜੀ, ਤੁਹਾਡਾ ਆਪਣਾ ਸਫ਼ਰ ਹੈ ਤੇ ਮੇਰਾ ਆਪਣਾ, ਫੇਰ ਸਾਂਝੇ ਸਫ਼ਰ ਸਾਂਝ ਦਾ ਸਬੱਬ ਬਣੇ ਜਾਂ ਨਾ ਬਣੇ, ਏਸ ਲਈ ਇਕ ਕਥਾ ਦੱਸਣ ਲੱਗਾਂ, ਜੋ ਮੈਨੂੰ ਮੇਰੇ ਵਡੇਰਿਆਂ ਦੱਸੀ। ਉਹ ਮੰਤਰ-ਮੁਗਧ ਹੋ ਕੇ ਸੁਣਨ ਲੱਗਾ।

ਵਿਗਿਆਨ ਕੋਈ ਆਪਣਾ ਆਪ ਵਿਚ ਵੱਖਰੀ ਸ਼ੈਅ ਨਹੀਂ। ਇਹ ਜ਼ਿੰਦਗੀ ਨਾਲ ਜੁੜਿਆ ਹੋਇਆ ਵਿਸ਼ਾ ਆ। ਹਰ ਵਿਸ਼ਾ ਹੀ ਜ਼ਿੰਦਗੀ ਨਾਲ ਜੁੜਿਆ ਹੁੰਦਾ। ਏਸ ਲਈ ਸਿਰਫ ਕੱਲਾ ਵਿਗਿਆਨੀ ਨਾ ਬਣਨਾ, ਵਿਗਿਆਨ ਦੇ ਨਾਲ-ਨਾਲ ਹੋਰ ਉਹ ਸਭ ਕੁਝ ਜਾਣ ਲਵੀਂ ਜੋ ਜਾਣ ਲੈਣਾ ਜ਼ਰੂਰੀ ਹੈ।

ਉਸ ਦੀ ਜਗਿਆਸਾ ਜਾਗੀ, 'ਕੀ ਕੀ ਜ਼ਰੂਰੀ ਹੈ ਜੀ?'

ਅੱਜ ਮੈਂ ਬਸ ਇਕ ਕਥਾ ਦੱਸਣ ਲੱਗਾ, ਜੋ ਉਮਰ ਭਰ ਤੈਨੂੰ ਅਰਥ ਦਿੰਦੀ ਰਹੇਗੀ। ਇਕ ਪੁਰਾਤਨ ਗ੍ਰੰਥ ਹੈ ਵਿਸ਼ਨੂੰਧਰਮੋਤਰ ਪੁਰਾਣ, ਉਸ ਅੰਦਰ ਇਕ ਛੇ ਲਾਈਨਾਂ ਦੀ ਕਥਾ ਹੈ-

'ਕਿਹਾ ਸੰਗੀਤ ਆਚਾਰੀਆ ਨੇ
ਲੈਅ ਸੁਰਤਾਲ ਸਿੱਖਣ ਤੋਂ ਪਹਿਲਾਂ
ਸੁਣਨਾ ਸਿੱਖੋ
ਜਾਉ ਪ੍ਰਕਿਰਤੀ ਦੇ ਕੋਲ
ਠਹਿਰੋ ਸੁਣੋ ਬਾਹਰ ਅੰਦਰ ਆਪਣੇ
ਵੱਜ ਰਿਹਾ ਸਬਦ ਨਾਦ ਅਨਾਦਿ।'




ਸਿਧਾਰਥ ਚਿੱਤਰਕਾਰ ਨੇ ਇਸ ਕਥਾ ਦਾ ਵਿਸਤਾਰ ਕੀਤਾ, 'ਸੋਹਮ' ਕਿਤਾਬ ਰਚੀ। ਕਥਾ ਇਹ ਹੈ ਕਿ ਜਗਿਆਸੂ ਚਿੱਤਰ ਬਣਾਉਣੇ ਸਿੱਖਣ ਲਈ ਚਿੱਤਰਕਾਰ ਗੁਰੂ ਕੋਲ ਜਾਂਦਾ ਹੈ ਕਿ ਚਿੱਤਰ ਲਿਖਣੇ ਸਿਖਾ ਦਿਓ ਗੁਰੂ ਜੀ। ਚਿੱਤਰਕਾਰ ਗੁਰੂ ਕਹਿੰਦਾ, ਜਾਓ! ਪਹਿਲਾਂ ਮੂਰਤੀਕਾਰ ਗੁਰੂ ਤੋਂ ਅਕਾਰ ਸਿੱਖ ਕੇ ਆਓ। ਜਗਿਆਸੂ ਮੂਰਤੀਕਾਰ ਗੁਰੂ ਕੋਲ ਜਾਂਦਾ. ਅੱਗੋਂ ਉਹ ਕਹਿੰਦਾ ਕਿ ਜਾਓ ਪਹਿਲਾਂ ਨ੍ਰਿਤਕਾਰ ਗੁਰੂ ਕੋਲ ਅਕਾਰਾਂ ਦੀ ਲੈਅ ਸਿੱਖ ਕੇ ਆਓ। ਅੱਗੋਂ ਨ੍ਰਿਤਕਾਰ ਗੁਰੂ ਕਹਿੰਦਾ, ਜਾਓ ਪਹਿਲਾਂ ਸੰਗੀਤ ਆਚਾਰੀਆ ਤੋਂ ਸੁਰਤਾਲ ਸਿੱਖੋ। ਸੰਗੀਤ ਆਚਾਰੀਆ ਨੇ ਉਪਰ ਦਿੱਤੀ ਕਥਾ ਕਰੀ।

ਜਿਵੇਂ ਚਿੱਤਰਕਾਰ ਹੋਣ ਲਈ ਜਗਿਆਸੂ ਨੂੰ ਮੂਰਤੀਕਾਰ, ਨ੍ਰਿਤਕਾਰ ਤੇ ਸੰਗੀਤਕਾਰ ਕੋਲੋਂ ਸਿੱਖਣਾ ਪਿਆ, ਏਵੇਂ ਤੁਸੀਂ ਵੀ ਵਿਗਿਆਨੀ ਹੋਣ ਲਈ ਉਸ ਹਰ ਉਸਤਾਦ ਤੋਂ ਸਿੱਖਣਾ ਜੋ ਇਸ ਬ੍ਰਹਿਮੰਡ ਨੂੰ ਸਮਝਾਉਂਦਾ ਹੋਵੇ।

ਬਾਬੇ ਕਿਹਾ- ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੇ ਸੋ ਪਾਵੇ॥

# ਇਹੁ ਜਨਮੁ ਤੁਮਹਾਰੇ ਲੇਖੇ!

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਇਸ 18 ਮਾਰਚ ਨੂੰ ਉਹ 90 ਸਾਲ ਦੇ ਹੋ ਗਏ ਹਨ, ਉਨ੍ਹਾਂ ਦਾ ਜਨਮ ਦਿਨ ਮਨਾਉਂਦਿਆਂ ਅਸੀਂ ਇਹ ਨਾਵਲ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਨਾਵਲ ਦੀ ਚੌਥੀ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***




## ਕਿਸ਼ਤ - 4

ਮੋਹਨ ਸਿੰਘ ਦੇ ਸ਼ਹਿਰ ਜਲੰਧਰ ਕਵੀ-ਦਰਬਾਰ ਸੀ। ਗੁਰਮੁਖ ਸਿੰਘ ਨੇ ਚਿੰਤਾ ਕੀਤੀ, 'ਜਲੰਧਰ ਪਹਿਲੀ ਵਾਰ ਚੱਲੀ ਹੈਂ, ਮੈਂ ਚਲਿਆ ਚਲਦਾ ਹਾਂ ਤੇਰੇ ਨਾਲ।'

ਜਗਦੀਪ ਉਹਨੂੰ ਨਾਲ ਲੈ ਕੇ ਜਾਣ ਦੀ ਲੀਹ ਹੀ ਨਹੀਂ ਸੀ ਪਾਉਣੀ ਚਾਹੁੰਦੀ। ਕਾਹਦੇ ਲਈ ਆਪ ਵੀ ਪਰੇਸ਼ਾਨ ਹੋਣਾ ਤੇ ਗੁਰੂ ਨੂੰ ਵੀ ਪਰੇਸ਼ਾਨ ਕਰਨਾ। ਉਹਨੂੰ ਕਵੀ-ਦਰਬਾਰਾਂ ਤੇ ਸਾਹਿਤਕ ਸਮਾਗਮਾਂ ਦਾ ਖ਼ੂਬ ਅਨੁਭਵ ਸੀ। ਲੇਖਕਾਂ ਨੇ ਫੁੱਲ ਦੇ ਭੌਰਿਆਂ ਵਾਂਗ ਨਹੀਂ, ਗੁੜ ਦੀਆਂ ਮੱਖੀਆਂ ਵਾਂਗ ਉਹਦੇ ਦੁਆਲੇ ਹੋਣਾ ਸੀ। ਉਹਦੀ ਕਵਿਤਾ ਦੀਆਂ ਹੀ ਨਹੀਂ, ਉਹਦੀਆਂ ਵੀ ਸਿਫ਼ਤਾਂ ਕਰਨੀਆਂ ਸਨ। ਉਹ ਕਿਸੇ ਨੂੰ ਚੁੱਪ ਕਰਨ ਲਈ ਤਾਂ ਕਹਿ ਨਹੀਂ ਸੀ ਸਕਦੀ। ਵੈਸੇ ਵੀ ਗੁਰਮੁਖ ਸਿੰਘ ਨੂੰ ਨਾਲ ਚੁੱਕ ਕੇ ਸਾਹਿਤਕ ਖੇਤਰ ਵਿਚ ਕਿਵੇਂ ਤੇ ਕਿੰਨਾ ਕੁ ਵਿਚਰਿਆ ਜਾ ਸਕਦਾ ਸੀ। ਉਹ ਬੋਲੀ, 'ਗੁਰੂ, ਸਿੱਧੀ ਗੱਡੀ ਜਾਂਦੀ ਹੈ। ਸਟੇਸ਼ਨ ਤੋਂ ਮੈਨੂੰ ਪ੍ਰਬੰਧਕਾਂ ਨੇ ਲੈ ਲੈਣਾ ਹੈ। ਇਸ ਵਿਚ ਚਿੰਤਾ ਵਾਲੀ ਗੱਲ ਕਿਹੜੀ ਹੈ! ਭਾਈਆ



**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਜੀ ਤੇ ਝਾਈ ਜੀ ਨੂੰ ਇਕੱਲੇ ਛੱਡ ਕੇ ਤੇ ਦੁਕਾਨ ਬੰਦ ਕਰ ਕੇ ਚੱਲੋਗੇ, ਕਾਹਦੇ ਲਈ। ਨਾਲੇ ਕਵੀ-ਦਰਬਾਰ ਤਾਂ ਹੁੰਦੇ ਹੀ ਰਹਿੰਦੇ ਨੇ, ਕਿਥੇ-ਕਿਥੇ ਚੱਲਿਆ ਕਰੋਗੇ ਮੇਰੇ ਨਾਲ?'

ਕਵੀ-ਦਰਬਾਰ ਮਗਰੋਂ ਮੋਹਨ ਸਿੰਘ ਨੇ ਜਗਦੀਪ ਨਾਲ ਕੁਛ ਹੋਰ ਅਜਿਹੇ ਕਵੀਆਂ ਨੂੰ ਰਾਤ ਦੇ ਖਾਣੇ ਲਈ ਬੁਲਾਇਆ ਜੋ ਉਹਨਾਂ ਦੋਵਾਂ ਦੇ ਦੋਸਤ ਸਨ। ਇਕ ਬੱਸ ਭਰਪੂਰ ਸਿੰਘ ਸ਼ਾਂਤ ਸੀ ਜੋ ਜਗਦੀਪ ਦਾ ਦੋਸਤ ਨਹੀਂ ਸੀ, ਪਰ ਮੋਹਨ ਸਿੰਘ ਨੇ ਆਪਣੇ ਬਹੁਤ ਨੇੜੇ ਹੋਣ ਸਦਕਾ ਬੁਲਾ ਲਿਆ ਸੀ। ਵੈਸੇ ਵਾਕਿਫ਼ ਤਾਂ ਉਸ ਤੋਂ ਜਗਦੀਪ ਵੀ ਹੈ ਹੀ ਸੀ। ਉਥੇ ਜੁੜਨ ਵਾਲੇ ਦੂਜੇ ਸਭ ਕਵੀਆਂ ਨਾਲ ਤਾਂ ਸ਼ਾਂਤ ਦਾ ਚੰਗਾ ਉੱਠਣ-ਬੈਠਣ ਸੀ, ਅੱਜ ਦੀ ਮਹਿਫ਼ਲ ਵਿਚ ਜਗਦੀਪ ਕੋਲ ਬੈਠਣ ਦੇ ਅਵਸਰ ਤੋਂ ਉਹ ਬਹੁਤ ਖ਼ੁਸ਼ ਸੀ। ਕੀ ਪਤਾ, ਕੋਈ ਸਿੱਧੀ ਗੱਲ ਵੀ ਹੋ ਜਾਵੇ। ਕਵੀ-ਦਰਬਾਰਾਂ ਦੇ ਵੱਡੇ ਇਕੱਠਾਂ ਦੀ ਥਾਂ ਇਹੋ ਜਿਹੀ ਛੋਟੀ ਮਹਿਫ਼ਲ ਵਿਚ ਨੇੜਤਾ ਦੀ ਸੰਭਾਵਨਾ ਵੱਧ ਹੁੰਦੀ ਹੈ। ਕੌਣ ਜਾਣੇ, ਅੱਗੇ ਲਈ ਹੋਰ ਨੇੜੇ ਹੋਣ ਦਾ ਰਾਹ ਹੀ ਖੁੱਲ੍ਹ ਜਾਵੇ। ਉਹ ਲੁਧਿਆਣੇ ਨੇੜਲੇ ਇਕ ਪਿੰਡ ਵਿਚ ਰਹਿੰਦਾ ਸੀ। ਕਵਿਤਾ ਲਿਖਦਾ ਵੀ ਵਧੀਆ ਸੀ ਤੇ ਸਟੇਜ ਉੱਤੇ ਬੋਲਣ ਦੀ ਵੀ ਉਹਨੂੰ ਬੜੀ ਜਾਚ ਸੀ। ਪੂਰੇ ਸਵੈਮਾਣ ਨਾਲ ਮਾਈਕ ਸਾਹਮਣੇ ਆਉਂਦਾ ਤੇ ਪੂਰੇ ਨਖ਼ਰੇ ਨਾਲ ਕਵਿਤਾ ਪੜ੍ਹਦਾ। ਉਹ ਉਹਨਾਂ ਕੁਛ ਇਕ ਪੰਜਾਬੀ ਕਵੀਆਂ ਵਿਚੋਂ ਸੀ ਜਿਨ੍ਹਾਂ ਦਾ ਸਾਹਿਤਕ ਕਵੀਆਂ ਵਜੋਂ ਵੀ ਉੱਚਾ ਦਰਜਾ ਸੀ ਤੇ ਸਟੇਜੀ ਕਵੀਆਂ ਵਿਚ ਵੀ ਮੋਹਰੀ ਸਥਾਨ ਸੀ।

ਉਹਨੇ ਕਈ ਵਾਰ ਜਗਦੀਪ ਨਾਲ ਸਾਂਝੀਆਂ ਸਟੇਜਾਂ ਉੱਤੇ ਕਵਿਤਾਵਾਂ ਪੜ੍ਹੀਆਂ ਸਨ। ਸਰਸਰੀ ਮੁਲਾਕਾਤ ਹੁੰਦੀ ਜਿਵੇਂ ਹੋਰ ਕਈ ਕਵੀਆਂ ਨਾਲ ਹੁੰਦੀ ਸੀ। ਵਧੇਰੇ ਜਾਣ-ਪਛਾਣ ਦਾ ਨਾ ਕਦੀ ਕੋਈ ਸਬੱਬ ਬਣਿਆ, ਨਾ ਹੀ ਕੋਈ ਕਾਰਨ। ਇਕ ਗੱਲ ਹੋਰ ਵੀ ਸੀ। ਕਵੀ ਭਾਵੇਂ ਵੱਡਾ ਸੀ, ਇਕ ਸਾਧਾਰਨ ਪੇਂਡੂ ਪਰਿਵਾਰ ਵਿਚ ਜੰਮਿਆ-ਪਲਿਆ ਹੋਣ ਕਰਕੇ ਲੋਕਾਂ ਨਾਲ, ਖਾਸ ਕਰਕੇ ਜਗਦੀਪ ਵਰਗਿਆਂ ਨਾਲ ਸੰਬੰਧ ਬਣਾਉਣ ਵਿਚ ਕੁਛ ਝਿਜਕ ਜਿਹੀ ਤੋਂ ਉਹ ਮੁਕਤ ਨਹੀਂ ਸੀ ਹੋ ਸਕਿਆ। ਸਟੇਜ ਉੱਤੇ ਬੈਠੀ ਜਗਦੀਪ ਨੂੰ ਕਈ ਵਾਰ ਲਗਦਾ ਜਿਵੇਂ ਉਹ ਵਾਰ-ਵਾਰ ਉਹਨੂੰ ਦੇਖਦਾ ਰਹਿੰਦਾ ਹੋਵੇ। ਉਸ ਦੀ ਨਜ਼ਰ ਵਿਚੋਂ ਕੋਈ ਚਾਹ ਝਲਕਦੀ, ਕੋਈ ਇੱਛਾ ਛਲਕਦੀ, ਪਰ ਉਹ ਨੇੜੇ ਆਉਣ ਦੀ ਹਿੰਮਤ ਨਹੀਂ ਸੀ ਕਰਦਾ। ਜਗਦੀਪ ਲਈ ਇਹ ਕੋਈ ਵੱਖਰਾ ਜਾਂ ਨਵਾਂ ਅਨੁਭਵ ਨਹੀਂ ਸੀ। ਬਥੇਰੇ ਲੋਕ ਸਨ ਜੋ ਉਸ ਵੱਲ ਲਲਚਾਈਆਂ ਨਜ਼ਰਾਂ ਨਾਲ ਦੇਖਦੇ ਸਨ। ਨੇੜੇ ਹੋਣ ਦੀ ਕੋਸ਼ਿਸ਼ ਕਰਨ ਦੀ ਹਿੰਮਤ ਕੋਈ-ਕੋਈ ਹੀ ਕਰਦਾ ਸੀ, ਬਾਕੀ ਸਭ ਦੂਰ ਖਲੋਤੇ ਤਰਸਦੇ ਰਹਿੰਦੇ ਸਨ।

ਮੋਹਨ ਸਿੰਘ ਹਰ ਕਿਸੇ ਨੂੰ ਪੁੱਛ ਕੇ ਉਹਦੇ ਗਲਾਸ ਵਿਚ ਵਿਸਕੀ ਪਾ ਰਿਹਾ ਸੀ। ਜਗਦੀਪ ਨੂੰ ਪੁੱਛਿਆ ਤਾਂ ਉਹਨੇ ਨਾਂਹ ਕਰ ਦਿੱਤੀ, 'ਨਹੀਂ, ਮੋਹਨ, ਮੈਨੂੰ ਇਹ ਬਹੁਤ ਤੰਗ ਕਰਦੀ ਹੈ।'

ਸ਼ਾਂਤ ਨੂੰ ਖ਼ੁਸ਼ੀ ਵੀ ਹੋਈ ਤੇ ਹੈਰਾਨੀ ਵੀ। ਇਸ ਦਾ ਮਤਲਬ ਹੈ, ਜਗਦੀਪ ਪੀ ਲੈਂਦੀ ਹੈ ਤੇ ਦੋਸਤਾਂ ਦੀਆਂ ਮਹਿਫ਼ਲਾਂ ਵਿਚ ਵੀ ਪੀ ਲੈਂਦੀ ਹੈ! ਵਾਹ! ਸਿਰਫ਼ ਲਿਖਣ ਵਿਚ ਹੀ ਨਹੀਂ, ਇਹ ਤਾਂ ਜੀਵਨ ਵਿਚ ਵੀ ਬੰਧਨ-ਮੁਕਤ ਔਰਤ ਹੈ! ਦੂਜੀ ਹੈਰਾਨੀ ਉਹਨੂੰ ਮੋਹਨ ਸਿੰਘ ਨੂੰ ਮੋਹਨ ਆਖਣ ਸਦਕਾ ਹੋਈ। ਇਸ ਦਾ ਮਤਲਬ ਸੀ, ਲੋਕ ਜੋ ਦੋਵਾਂ ਦਾ ਨਾਂ ਜੋੜਦੇ ਹਨ, ਠੀਕ ਹੀ ਜੋੜਦੇ ਹਨ। ਤਦੇ ਹੀ ਤਾਂ ਮੋਹਨ ਸਿੰਘ ਨੇ ਬੇਝਿਜਕ ਪੈਗ ਪਾਉਣ ਬਾਰੇ ਪੁੱਛ ਲਿਆ ਸੀ। ਉਸ ਨੂੰ ਅੰਮ੍ਰਿਤਸਰ ਦੀ ਇਕ ਵੱਡੀ ਸਾਹਿਤਕ ਕਾਨਫ਼ਰੰਸ ਚੇਤੇ ਆਈ ਜਿਸ ਵਿਚ ਪੰਜਾਬੀ ਪੁਸਤਕਾਂ ਦੀ ਨੁਮਾਇਸ਼ ਲੱਗੀ ਸੀ ਅਤੇ ਪ੍ਰਮੁੱਖ ਲੇਖਕਾਂ ਦੀਆਂ ਤਸਵੀਰਾਂ ਸਜਾਈਆਂ ਗਈਆਂ ਸਨ। ਰੱਖਣ ਵਾਲੇ ਨੇ ਜਗਦੀਪ ਅਤੇ ਮੋਹਨ ਸਿੰਘ ਦੇ ਵਿਚਕਾਰ ਕਈ ਹੋਰ ਲੇਖਕਾਂ ਦੀਆਂ ਤਸਵੀਰਾਂ ਰੱਖ ਦਿੱਤੀਆਂ ਸਨ। ਇਕ ਕਿਸੇ ਸਾਧਾਰਨ ਪਾਠਕ ਦਿਸਦੇ ਆਦਮੀ ਨੇ ਨੁਮਾਇਸ਼ ਵਿਚ ਘੁੰਮਦਿਆਂ ਉਹਨਾਂ ਦੀਆਂ ਤਸਵੀਰਾ ਇਉਂ ਦੂਰ-ਦੂਰ ਪਈਆਂ ਦੇਖੀਆਂ ਤਾਂ ਇਕਦਮ ਮੋਹਨ ਸਿੰਘ ਕੋਲੋਂ ਸਾਧੂ ਸਿੰਘ ਫੱਕਰ ਦੀ ਤਸਵੀਰ ਚੁੱਕ ਕੇ ਜਗਦੀਪ ਵਾਲੀ ਥਾਂ ਜਾ ਰੱਖੀ ਅਤੇ ਜਗਦੀਪ ਦੀ ਤਸਵੀਰ ਉਥੇ ਲਿਆ ਰੱਖੀ। ਉਹਨੇ ਥੋੜ੍ਹਾ ਪਿੱਛੇ ਹਟ ਕੇ ਕੋਲ-ਕੋਲ ਹੋਈਆਂ ਦੋਵਾਂ ਤਸਵੀਰਾਂ ਨੂੰ ਨਿਹਾਰਿਆ ਅਤੇ ਮੁਸਕਰਾ ਕੇ ਫੇਰ ਨੁਮਾਇਸ਼ ਦੇਖਣ ਜਾ ਲੱਗਿਆ।

ਮੋਹਨ ਸਿੰਘ ਨੇ ਆਪਣੇ ਖਾਸ ਸ਼ਾਇਰਾਨਾ ਅੰਦਾਜ਼ ਵਿਚ ਕਿਹਾ, 'ਆਪਾਂ ਸ਼ਾਇਰ ਲੋਕਾਂ ਨੂੰ ਤੰਗ ਤਾਂ ਇਹ ਦੁਨੀਆ ਵੀ ਕਰਦੀ ਹੈ, ਤਾਂ ਕੀ ਵਿਸਕੀ ਵਾਂਗ ਹੀ ਦੁਨੀਆ ਵੀ ਛੱਡ ਦੇਈਏ! ਜਗਦੀਪ ਜੀ, ਇਸ ਮਹਿਫ਼ਲ ਨੂੰ ਜ਼ਿੰਦਗੀ ਬਖ਼ਸ਼ੋ, ਧੜਕਣ ਬਖ਼ਸ਼ੋ, ਖ਼ੁਮਾਰ ਬਖ਼ਸ਼ੋ ਤੇ ਪਹਿਲੀ ਵਾਰ ਆਏ ਹੋ, ਝਨਾਂ ਦੀ ਬੇਟੀ ਦਾ ਛਿੱਟਾ ਦੇ ਕੇ ਇਸ ਗ਼ਰੀਬਖਾਨੇ ਨੂੰ ਪਵਿੱਤਰ ਕਰੋ!'

ਸਭ ਨੇ ਇਕ-ਜ਼ਬਾਨ ਹੋ ਕੇ ਤਾਈਦ ਕੀਤੀ ਤਾਂ ਸ਼ਾਂਤ ਨੇ ਹਿੰਮਤ ਤੋਂ ਕੰਮ ਲਿਆ ਤੇ ਜਿਵੇਂ ਸਭ ਦੇ ਦਿਲ ਦੀ ਆਖ ਦਿੱਤੀ, 'ਜਗਦੀਪ ਜੀ, ਤੁਹਾਡੇ ਵਰਗੀ ਮੁਹੱਜ਼ਬ ਦੋਸਤ-ਨਵਾਜ਼ ਤੇ ਅਜ਼ੀਮ ਸ਼ਾਇਰਾ ਦਾ ਕਰੀਬੀ ਦੋਸਤਾਂ ਦੀ ਛੋਟੀ ਜਿਹੀ ਨਿੱਜੀ ਮਹਿਫ਼ਲ ਵਿਚ ਇਉਂ ਸੋਫ਼ੀ ਬੈਠਣਾ ਠੀਕ ਤਾਂ ਹੈ ਨਹੀਂ, ਪਰ ਅਸੀਂ ਕਦਰ ਆਖ਼ਰ ਤੁਹਾਡੇ ਫ਼ੈਸਲੇ ਦੀ ਹੀ ਕਰਾਂਗੇ।' ਸਭ ਨੇ ਉਹਦੀ ਹਾਂ ਵਿਚ ਹਾਂ ਮਿਲਾਈ। ਜਗਦੀਪ ਵੀ ਉਸ ਵੱਲ ਦੇਖ ਕੇ ਮੁਸਕਰਾ ਪਈ। ਉਹਨੂੰ ਉਹਦੇ ਵਰਤੇ ਹੋਏ ਵਿਸ਼ੇਸ਼ਨ ਚੰਗੇ ਲੱਗੇ। ਉਹਨੇ ਇਹ ਵੀ ਮਹਿਸੂਸ ਕੀਤਾ ਕਿ ਉਹਦੇ ਗੱਲ ਕਰਨ ਦੇ ਢੰਗ ਵਿਚ ਪੇਂਡੂ ਸਿੱਧੜਪੁਣੇ ਦੀ ਥਾਂ ਸਿਆਣਪ ਤੇ ਸੁਚੱਜ ਸੀ। ਆਪਣੇ ਬਾਹਰੀ ਪ੍ਰਭਾਵ ਦੇ ਉਲਟ ਉਹ ਕਾਫ਼ੀ ਸਲੀਕੇ ਵਾਲਾ ਸੀ।

ਸ਼ਾਂਤ ਨੂੰ ਆਪਣੀ ਦਲੇਰੀ ਦੀ ਹੈਰਾਨੀ ਹੋਈ। ਉਹਨੇ ਮਨ ਹੀ ਮਨ ਆਪਣੇ ਆਪ ਨੂੰ ਸ਼ਾਬਾਸ਼ ਦਿੱਤੀ, 'ਵਾਹ ਬਈ ਭਰਪੂਰ ਸਿੰਘ ਸ਼ਾਂਤ, ਵਾਹ, ਕਮਾਲ ਕਰ ਦਿਖਾਈ ਅੱਜ ਤਾਂ ਤੂੰ!'

ਉਹਨੇ ਸ਼ਾਂਤ ਦੀ ਗੱਲ ਨੂੰ ਬਹੁਤਾ ਮਹੱਤਵ ਦੇਣਾ ਵਾਜਬ ਨਾ ਸਮਝਦਿਆਂ ਪਹਿਲਾਂ ਦੀ ਮੋਹਨ ਸਿੰਘ ਦੀ ਗੱਲ ਦਾ ਜਵਾਬ ਦਿੱਤਾ, 'ਕਦੀ-ਕਦੀ ਸ਼ਾਮ ਦਾ ਪੈਗ ਸਵੇਰ ਦਾ ਸਿਰਦਰਦ ਬਣ ਜਾਂਦਾ ਹੈ। ਜੇ ਅਜਿਹਾ ਹੋ ਗਿਆ, ਭਲਕੇ ਮੈਨੂੰ ਦਿੱਲੀ ਦਾ ਸਫ਼ਰ ਕਰਨਾ ਮੁਸ਼ਕਿਲ ਹੋ ਜਾਵੇਗਾ।'

ਮੋਹਨ ਸਿੰਘ ਹੱਸਿਆ, 'ਤੁਸੀਂ ਇਹ ਕਿਉਂ ਸੋਚਦੇ ਹੋ, ਅੱਜ ਦੀ ਸ਼ਾਮ ਤੁਹਾਡੀ ਉਹ ਕਦੀ-ਕਦੀ ਵਾਲੀ ਸਿਰਦਰਦਾਨਾ ਸ਼ਾਮ ਹੋਵੇਗੀ? ਜੇ ਅਜਿਹਾ ਹੋ ਵੀ ਜਾਵੇ, ਧੰਨਭਾਗ ਮੇਰੇ ਗ਼ਰੀਬਖਾਨੇ ਦੇ! ਤੁਸੀਂ ਬੀਮਾਰ ਪਏ ਰਹਿਣਾ', ਉਹ ਕਹਿਣਾ ਤਾਂ 'ਮੈਂ' ਚਾਹੁੰਦਾ ਸੀ ਪਰ ਬੋਲਿਆ, 'ਸਾਰਾ ਪਰਿਵਾਰ ਤੁਹਾਡੀ ਤੀਮਾਰਦਾਰੀ ਵਾਸਤੇ ਹਾਜ਼ਰ ਰਹੇਗਾ।'

ਸਾਧੂ ਸਿੰਘ ਫੱਕਰ ਕਵੀ ਤਾਂ ਨਹੀਂ ਸੀ, ਗਲਪਕਾਰ ਸੀ, ਪਰ ਸਾਹਿਤ ਦਾ, ਖਾਸ ਕਰਕੇ ਕਵਿਤਾ ਦਾ ਮੰਨਿਆ ਹੋਇਆ ਆਲੋਚਕ ਵੀ ਸੀ। ਪੰਜਾਬੀ ਸਾਹਿਤ-ਸੰਸਾਰ ਵਿਚ ਜਿਨ੍ਹਾਂ ਕੁਛ ਇਕ ਵੱਡੇ ਲੇਖਕਾਂ ਦਾ ਪੂਰਾ ਦਬਦਬਾ ਸੀ, ਫੱਕਰ ਉਹਨਾਂ ਵਿਚੋਂ ਸੀ। ਸਾਹਿਤਕ ਗੋਸ਼ਟੀਆਂ ਤੇ ਕਾਨਫ਼ਰੰਸਾਂ ਦਾ ਪਰਧਾਨ ਤਾਂ ਬਣਾਇਆ ਹੀ ਜਾਂਦਾ, ਬਹੁਤੇ ਵਾਰ ਕਵੀ-ਦਰਬਾਰਾਂ ਦੀ ਪਰਧਾਨਗੀ ਵੀ ਉਸੇ ਤੋਂ ਕਰਵਾਈ ਜਾਂਦੀ। ਲੇਖਕ ਆਪਣੇ ਬਾਰੇ ਉਹਤੋਂ ਲਿਖਵਾਉਣ ਲਈ ਤਾਂਘਦੇ ਰਹਿੰਦੇ। ਆਲੋਚਨਾਤਮਕ ਲੇਖ ਨਾ ਸਹੀ, ਮੁੱਖਬੰਦ ਸਹੀ, ਉਹ ਵੀ ਨਹੀਂ ਤਾਂ ਫੇਰ ਰੀਵਿਊ ਹੀ ਸਹੀ, ਨਹੀਂ ਤਾਂ ਫੇਰ ਫ਼ਲੈਪ ਵਾਸਤੇ ਚਾਰ ਸਤਰਾਂ ਹੀ ਹੋ ਜਾਣ! ਜਗਦੀਪ ਦੀ ਕਵਿਤਾ ਬਾਰੇ ਉਹ ਅਕਸਰ ਲੰਮੇ ਲੇਖ ਲਿਖਦਾ ਰਹਿੰਦਾ ਅਤੇ ਉਹਨੂੰ ਪ੍ਰਮੁੱਖ ਕਵਿੱਤਰੀ ਦਾ ਸਥਾਨ ਦਿੰਦਾ। ਉਸ ਦਾ ਇਉਂ ਕਰਨਾ ਕਈ ਕਵੀਆਂ ਨੂੰ, ਖਾਸ ਕਰ ਕੇ ਕਵਿੱਤਰੀਆਂ ਨੂੰ ਬਹੁਤ ਚੁਭਦਾ। ਸ਼ਾਂਤ ਨੂੰ ਤਾਂ ਖਾਸ ਕਰ ਕੇ ਚੁਭਦਾ। ਇਕ ਤਾਂ ਉਸ ਨੂੰ ਆਪਣੀ ਕਵਿਤਾ ਦਾ ਮਾਣ ਬੜਾ ਸੀ; ਦੂਜੇ, ਉਹਦੀ ਤੇ ਫੱਕਰ ਦੀ ਰਾਜਨੀਤਕ ਵਿਚਾਰਧਾਰਾ ਇਕ ਸੀ ਜਦੋਂ ਕਿ ਜਗਦੀਪ ਦੀ ਤਾਂ ਕੋਈ ਵਿਚਾਰਧਾਰਾ ਹੀ ਨਹੀਂ ਸੀ। ਪਰ ਅੱਜ ਇਹੋ ਜਿਹੀਆਂ ਗੱਲਾਂ ਮਨ ਵਿਚ ਲਿਆਉਣ ਦਾ ਵੇਲਾ ਨਹੀਂ ਸੀ।

ਨਾਂ ਦੀ ਲਾਜ ਪਾਲਦਿਆਂ ਫੱਕਰ ਸੁਭਾਅ ਦਾ ਭਾਵੇਂ ਅਸਲੋਂ ਹੀ ਫੱਕਰ ਸੀ ਪਰ ਬੁੱਧੀ ਦਾ ਏਨਾ ਚਤੁਰ ਸੀ ਕਿ ਬਹੁਤੇ ਲੇਖਕਾਂ ਦੇ ਉਲਟ ਮਹਿਫ਼ਲ ਦਾ ਮਾਹੌਲ ਖ਼ੂਬ ਪਛਾਣਦਾ ਸੀ। ਦੋ-ਚਾਰ ਦੋਸਤ ਰਲ ਬੈਠੇ ਹੋਣ, ਉਹ ਕਮੀਜ਼-ਪਜਾਮੇ ਵਿਚ ਸੌਖਾ ਹੋ ਕੇ ਬੈਠਦਾ ਅਤੇ ਮਾਵੇ ਵਾਲੀ ਪੱਗ ਤੇ ਉਹਦੇ ਨਾਲ ਹੀ ਗੰਭੀਰਤਾ ਤੇ ਸੰਕੋਚ ਪਰੇ ਮੇਜ਼ ਉੱਤੇ ਰੱਖ ਦਿੰਦਾ। ਅੱਜ ਵਰਗੀਆਂ ਮਹਿਫ਼ਲਾਂ ਵਿਚ, ਖਾਸ ਕਰਕੇ ਜੇ ਮਹਿਫ਼ਲ ਵਿਚ ਕੋਈ ਲੇਖਿਕਾ ਵੀ ਸ਼ਾਮਲ ਹੋਵੇ, ਉਹ ਗੰਭੀਰ ਰੂਪ ਧਾਰਦਾ, ਟਾਈ-ਸੂਟ ਸਮੇਤ ਸ਼ਾਮਲ ਹੁੰਦਾ ਅਤੇ ਸਿਆਣੀਆਂ, ਸੰਕੋਚਵੀਆਂ ਟਿੱਪਣੀਆਂ ਕਰਦਾ। ਉਹਨੇ ਬੜੇ ਤਹੱਮਲ ਨਾਲ ਕਿਹਾ, 'ਜਗਦੀਪ ਜੀ, ਨਿਕਟ ਮਿੱਤਰਾਂ ਦੀ ਮਹਿਫ਼ਲ ਹੈ। ਕੋਈ ਅਜਨਬੀ ਤਾਂ ਮੈਨੂੰ ਦਿਖਾਈ ਨਹੀਂ ਦਿੰਦਾ। ਸਾਰੇ ਦੋਸਤਾਂ ਨਾਲ ਜਾਮ ਸਾਂਝਾ ਕਰਨ ਵਿਚ ਕੋਈ ਹਰਜ ਨਹੀਂ। ਜਿੰਨੀ ਦਿਲ ਕਰੇ ਪੀਓ ਪਰ ਦੋਸਤਾਂ ਦਾ ਮਾਣ ਰੱਖੋ, ਮਹਿਫ਼ਲ ਦਾ ਮਾਣ ਰੱਖੋ। ਵੱਡੇ ਸਾਹਿਤਕਾਰ ਨੂੰ ਵੱਡੇ ਦਿਲ ਵਾਲਾ ਹੀ ਹੋਣਾ ਚਾਹੀਦਾ ਹੈ। ਤੁਸੀਂ ਤਾਂ ਸਾਡੇ ਬਹੁਤ ਵੱਡੇ ਸਾਹਿਤਕਾਰ ਹੋ!'

ਮੋਹਨ ਸਿੰਘ ਨੂੰ ਪਤਾ ਸੀ, ਇਕ-ਦੋ ਵਾਰ ਨਾਂਹ-ਨੁੱਕਰ ਕਰ ਕੇ ਉਸ ਦੀ ਗੱਲ ਉਹ ਮੋੜੇਗੀ ਨਹੀਂ। ਹੁਣ ਫੱਕਰ ਦਾ ਕਿਹਾ ਮੋੜਨ ਦਾ ਤਾਂ ਸਵਾਲ ਹੀ ਨਹੀਂ ਸੀ। ਉਹਨੇ ਗਲਾਸ ਜਗਦੀਪ ਦੇ ਹੱਥ ਵਿਚ ਦੇ ਕੇ ਤੇ ਸਾਹਮਣੇ ਖਲੋ ਕੇ ਕਿਹਾ, 'ਦੱਸ ਦੇਣਾ। ਸਾਨੂੰ ਤੁਹਾਡਾ ਰੰਗੀਨ ਸਾਥ ਚਾਹੀਦਾ ਹੈ, ਤੁਹਾਡਾ ਸਿਰਦਰਦ ਨਹੀਂ!'

ਉਹਨੇ ਗਲਾਸ ਨਾਲ ਬੋਤਲ ਦਾ ਮੂੰਹ ਲੱਗਣ ਤੋਂ ਪਹਿਲਾਂ ਹੀ 'ਬੱਸ ਬੱਸ' ਕਿਹਾ ਤਾਂ ਸਾਰੇ ਹੱਸ ਪਏ। ਮੋਹਨ ਸਿੰਘ ਨੇ ਆਪ ਹੀ ਛੋਟਾ ਪੈਗ ਪਾਇਆ। ਉਸ ਦੀ ਪੀਣ ਦੀ ਸਮਰੱਥਾ ਨੂੰ ਉਹ ਚੰਗੀ ਤਰ੍ਹਾਂ ਜਾਣਦਾ ਸੀ।

ਸਭ ਦੇ ਗਲਾਸਾਂ ਵਿਚ ਉਹਨਾਂ ਦੀ ਇੱਛਾ ਅਨੁਸਾਰ ਪਾ ਕੇ ਉਹਨੇ ਆਪਣਾ ਗਲਾਸ ਚੁੱਕਿਆ ਤੇ ਜਾਮ ਤਜਵੀਜ਼ ਕੀਤਾ, 'ਇਹ ਜਾਮ ਇਥੇ ਮਿਲ ਬੈਠੇ ਦੋਸਤਾਂ ਦੀ ਸ਼ਾਇਰੀ, ਖ਼ੁਸ਼ੀ ਤੇ ਸਿਹਤ ਦੇ ਨਾਂ, ਖਾਸ ਕਰਕੇ ਪੰਜਾਬੀ ਕਵਿਤਾ ਦੀ ਤੇ ਇਸ ਮਹਿਫ਼ਲ ਦੀ ਜਿੰਦ-ਜਾਨ ਜਗਦੀਪ ਜੀ ਦੇ ਨਾਂ!'

ਸ਼ਾਂਤ ਜਾਣ-ਬੁੱਝ ਕੇ ਅਜਿਹੀ ਥਾਂ ਬੈਠਾ ਸੀ ਜਿਥੋਂ ਜਗਦੀਪ ਨੂੰ ਸਹਿਜੇ ਹੀ ਦੇਖ ਸਕੇ। ਉਹਨੇ ਗਲਾਸ ਤਾਂ ਮੂੰਹ ਨੂੰ ਲਾ ਲਿਆ ਪਰ ਨਜ਼ਰ ਜਗਦੀਪ ਦੇ ਹੱਥ ਵਿਚ ਫੜੇ ਹੋਏ ਗਲਾਸ ਉੱਤੇ ਟਿਕਾ ਰੱਖੀ। ਉਹ ਦੇਖਣਾ ਚਾਹੁੰਦਾ ਸੀ, ਗਲਾਸ ਦੀ ਕੰਨੀ ਨੂੰ ਬੁੱਲ੍ਹ ਛੁਹਾ ਕੇ ਉਹ ਸ਼ਗਨ ਕਰਦੀ ਹੈ ਜਾਂ ਘੁੱਟ ਵੀ ਭਰਦੀ ਹੈ। ਆਪ ਵੀ ਉਹ ਘੁੱਟ ਉਹਦੇ ਘੁੱਟ ਭਰਨ ਦੇ ਨਾਲ ਹੀ ਭਰਨੀ ਚਾਹੁੰਦਾ ਸੀ।

ਕਵੀ-ਦਰਬਾਰ ਤਾਂ ਹੁੰਦੇ ਹੀ ਰਹਿੰਦੇ ਸਨ ਤੇ ਬਹੁਤ ਵਾਰ ਉਹਨੇ ਸਟੇਜਾਂ ਫ਼ਤਿਹ ਕੀਤੀਆਂ ਸਨ, ਪਰ ਅੱਜ ਸ਼ਾਂਤ ਨੂੰ ਇਕ ਅਨੋਖੀ ਹੀ ਜਿੱਤ ਦਾ ਅਹਿਸਾਸ ਹੋ ਰਿਹਾ ਸੀ। ਪਹਿਲਾ ਜਾਮ ਅੰਦਰ ਜਾਂਦਿਆਂ ਹੀ ਕਵਿਤਾ ਸਾਕਾਰ ਹੋਣ ਲੱਗੀ। ਕਵਿਤਾ ਉਸ ਨੂੰ ਇਉਂ ਹੀ ਉੱਤਰਦੀ ਸੀ। ਮਨ ਸਤਰਾਂ ਸਿਰਜਦਾ ਜਾਂਦਾ ਤੇ ਉਹ ਕਾਗ਼ਜ਼ ਉੱਤੇ ਇਉਂ ਲਿਖਦਾ ਜਾਂਦਾ ਜਿਵੇਂ ਕਿਸੇ ਪਹਿਲਾਂ ਦੀ ਰਚਨਾ ਦਾ ਚੇਤੇ ਵਿਚੋਂ ਉਤਾਰਾ ਕਰ ਰਿਹਾ ਹੋਵੇ। ਲਿਖਦਿਆਂ ਹੋਇਆਂ ਨਾ ਕੁਛ ਕੱਟਣਾ, ਨਾ ਬਦਲਣਾ। ਉਹ ਅਛੋਪਲੇ ਜਿਹੇ ਉੱਠ ਕੇ ਬਾਹਰ ਲਾਅਨ ਵਿਚ ਗਿਆ ਤੇ ਕੁਝ ਮਿੰਟਾਂ ਮਗਰੋਂ ਲਿਖਿਆ ਹੋਇਆ ਕਾਗ਼ਜ਼ ਜੇਬ ਵਿਚ ਸੰਭਾਲ ਕੇ ਪਰਤ ਆਇਆ। ਮੋਹਨ ਸਿੰਘ ਨੇ ਪੁੱਛਿਆ, 'ਸ਼ਾਂਤ, ਮੈਂ ਤਾਂ ਸੋਚਿਆ, ਤੂੰ ਗੁਸਲਖਾਨੇ ਗਿਆ ਹੈਂ। ਬਾਹਰੋਂ ਕਿਧਰੋਂ ਆ ਰਿਹਾ ਹੈਂ?' ਉਹ ਕੋਈ ਉੱਤਰ ਦੇਣ ਦੀ ਥਾਂ ਬੱਸ ਮੁਸਕਰਾ ਪਿਆ ਅਤੇ ਆਪਣੀ ਕੁਰਸੀ ਉੱਤੇ ਆ ਬੈਠਾ।

ਫੱਕਰ ਨੇ ਸਭ ਦੇ ਦਿਲ ਦੀ ਗੱਲ ਕਹੀ, 'ਬਈ, ਸ਼ਾਇਰਾਂ ਦੀ ਮਹਿਫ਼ਲ ਹੈ, ਜਾਮ ਦੇ ਨਾਲ-ਨਾਲ ਸ਼ਾਇਰੀ ਵੀ ਚਲਦੀ ਰਹੇ।'

ਜਗਦੀਪ ਨੇ ਫ਼ਰਮਾਇਸ਼ ਕੀਤੀ, 'ਪਹਿਲ ਮੇਜ਼ਬਾਨ ਦੀ। ਪਹਿਲਾਂ ਕਵਿਤਾ ਮੋਹਨ ਸਿੰਘ ਸੁਣਾਉਣਗੇ।'

ਮੋਹਨ ਸਿੰਘ ਦੀ ਇਕ ਆਦਤ ਬੜੀ ਅਨੋਖੀ ਸੀ। ਕਵਿਤਾ ਦੀ ਪੇਸ਼ਕਾਰੀ ਦੇ ਉਹਦੇ ਦੋ ਰੰਗ ਸਨ। ਉਹ ਜਨਤਕ ਸਟੇਜ ਉੱਤੇ ਕਵਿਤਾ ਪੇਸ਼ ਕਰਦਾ ਤਾਂ ਅੰਦਾਜ਼ ਹੋਰ ਹੁੰਦਾ, ਆਪਣੀ ਸਾਹਿਤਕ ਹੈਸੀਅਤ ਦਾ, ਸਰੋਤਿਆਂ ਉੱਤੇ ਪ੍ਰਭਾਵ ਦਾ ਖ਼ਿਆਲ ਰੱਖਣ ਵਾਲਾ ਸੰਕੋਚਵਾਂ ਸਾਹਿਤਕ ਅੰਦਾਜ਼। ਅੱਜ ਵਰਗੀ ਮਹਿਫ਼ਲ ਵਿਚ ਕਵਿਤਾ ਸੁਣਾਉਣ ਵੇਲੇ ਉਹ ਹੋਰ ਦਾ ਹੋਰ ਹੋ ਜਾਂਦਾ, ਜਿਵੇਂ ਕੋਈ ਸੂਫ਼ੀ ਫ਼ਕੀਰ ਦੀਨ-ਦੁਨੀਆ ਨੂੰ ਭੁੱਲ ਕੇ ਮਸਤ ਹੋਇਆ ਗਾ ਰਿਹਾ ਹੋਵੇ। 'ਬਈ ਹੁਣ ਜਾਮ ਆਪਣੀ ਆਪਣੀ ਇੱਛਾ ਦਾ' ਆਖ ਕੇ ਉਹਨੇ ਆਪਣੇ ਵਾਸਤੇ ਦੂਜਾ ਜਾਮ ਪਾਇਆ ਅਤੇ ਖਾਲੀ ਗਲਾਸ ਰੱਖ ਕੇ ਮਸਤੀ ਵਿਚ ਆ ਨਵਾਂ ਗੀਤ ਗਾਉਣ ਲੱਗਿਆ:

ਨੀ ਅੱਜ ਕੋਈ ਆਇਆ ਸਾਡੇ ਵਿਹੜੇ।
ਤੱਕਣ ਚੰਨ ਸੂਰਜ ਢੁੱਕ ਢੁੱਕ ਨੇੜੇ।
ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ,
ਆਇਆ ਨੀ ਖ਼ਬਰੈ ਅੰਬਰ ਘੁੰਮਘੁੰਮ ਕਿਹੜੇ।
ਆਇਆ ਨੀ ਲੱਖ ਨਾਲ ਬਹਾਰਾਂ ਲੈ ਕੇ,
ਭਰੇ ਸੂ ਸਾਡੇ ਅੰਗ ਅੰਗ ਦੇ ਵਿਚ ਖੇੜੇ।
ਚੁੰਮੋ ਨੀ ਇਹਦੇ ਹੱਥ ਚੰਬੇ ਦੀਆਂ ਕਲੀਆਂ,
ਧੋਵੋ ਨੀ ਇਹਦੇ ਪੈਰ ਮੱਖਣ ਦੇ ਪੇੜੇ।
ਰੱਖੋ ਨੀ ਇਹਨੂੰ ਚੁੱਕ ਚੁੱਕ ਚਸ਼ਮਾਂ ਉੱਤੇ,
ਕਰੋ ਨੀ ਇਹਨੂੰ ਘੁੱਟ ਘੁੱਟ ਜਿੰਦ ਦੇ ਨੇੜੇ।
ਬੰਨ੍ਹੋ ਨੀ ਕੋਈ ਪਹਾੜ ਸਮੇਂ ਦੇ ਪੈਰੀਂ,
ਡੱਕੋ ਨੀ ਕੋਈ ਰਾਤ ਦਿਵਸ ਦੇ ਗੇੜੇ।
ਪੁੱਛੋ ਨਾ ਇਹ ਕੌਣ ਤੇ ਕਿਥੋਂ ਆਇਆ,
ਤੱਕੋ ਨੀ ਇਹਦਾ ਰੂਪ ਭੁਲਾ ਸਭ ਝੇੜੇ।

ਗੀਤ ਖ਼ਤਮ ਹੋਇਆ ਤਾਂ ਫੱਕਰ ਕਹਿੰਦਾ, 'ਮੋਹਨ ਸਿੰਘ, ਬਈ ਤੇਰੇ ਨਵੇਂ ਗੀਤ ਦੀ ਹਾਰਦਿਕ ਮੁਬਾਰਕ!' ਤੇ ਫੇਰ ਜਗਦੀਪ ਵੱਲ ਦੇਖ ਕੇ ਬੋਲਿਆ, 'ਭਾਵੇਂ ਮੋਹਨ ਸਿੰਘ ਨੇ ਬੋਲ ਕੇ ਨਹੀਂ ਦੱਸਿਆ, ਜਗਦੀਪ ਜੀ, ਇਸ ਉੱਤਮ ਗੀਤ ਦੀ ਰਚਨਾ ਲਈ ਧੰਨਵਾਦ ਮੈਂ ਤੁਹਾਡਾ ਕਰਾਂਗਾ ਕਿਉਂਕਿ ਤੁਹਾਡੀ ਪ੍ਰੇਰਨਾ ਨੇ ਅਜਿਹਾ ਗੀਤ ਪੰਜਾਬੀ ਸਾਹਿਤ ਦੀ ਝੋਲੀ ਪੁਆ ਦਿੱਤਾ ਹੈ ਜਿਸ ਵਿਚ ਸਾਹਿਤਕ ਇਕੱਤਰਤਾਵਾਂ ਦਾ ਸਵਾਗਤੀ ਗੀਤ ਬਣਨ ਦੀ ਸਮਰੱਥਾ ਵੀ ਹੈ ਤੇ ਸੰਭਾਵਨਾ ਵੀ।'

ਸ਼ਾਂਤ ਦੀ ਪੇਸ਼ਕਾਰੀ ਤਾਂ ਹਮੇਸ਼ਾ ਹੀ ਵਧੀਆ ਹੁੰਦੀ ਸੀ, ਪਰ ਅੱਜ ਤਾਂ ਉਹ ਕਿਸੇ ਹੋਰ ਹੀ ਸੰਸਾਰ ਵਿਚੋਂ ਬੋਲ ਰਿਹਾ ਸੀ। ਉਹਨੇ ਦੱਸਿਆ, ਇਹ ਕੁਛ ਖ਼ਿਆਲ ਇਥੇ ਬੈਠਿਆਂ ਮਨ ਵਿਚ ਆਏ ਤੇ ਹੁਣੇ ਜਦੋਂ ਮੈਂ ਬਾਹਰ ਗਿਆ ਸੀ, ਇਹਨਾਂ ਨੂੰ ਹੀ ਕਾਗ਼ਜ਼ ਉੱਤੇ ਉਤਾਰਨ ਗਿਆ ਸੀ:

ਰੂਪ ਤੇਰੇ ਦੀਆਂ ਸਿਫ਼ਤਾਂ ਸੁਣੀਏ,
ਸਿਫ਼ਤਾਂ ਕਰੇ ਲੋਕਾਈ ਨੀ,
ਸਮਾਂ ਸੁਲੱਖਣਾ ਕਦ ਆਉਣਾ ਹੈ,
ਛੋਹ ਤੇਰੀ ਦੇ ਮਾਣਨ ਦਾ।
ਪਿਆਰ ਤੇਰੇ ਦਾ ਇਕ ਤਰਸੇਵਾਂ,
ਲੱਗਿਆ ਸਾਡੀ ਜਿੰਦੜੀ ਨੂੰ,
ਹਰ ਪਲ ਸਾਨੂੰ ਚੇਤਾ ਰਹਿੰਦਾ,
ਫੁੱਲਾਂ ਵਰਗੀ ਹਾਣਣ ਦਾ।
ਦਿਲ ਦੇ ਨੇੜੇ ਦਿਲ ਨੂੰ ਕਰ ਕੇ,
ਦੋ ਗੱਲਾਂ ਵੀ ਕਰੀਆਂ ਨਾ,
ਫਿਰ ਵੀ ਕਿੱਡੀ ਮੇਰ ਅਸਾਂ ਨੂੰ,
ਇਹ ਕੇਹਾ ਢੰਗ ਜਾਣਨ ਦਾ।
ਕਿੰਨੇ ਜੁੱਗ ਹਨੇਰਿਆਂ ਦੇ ਵਿਚ,
ਭਟਕੇ ਪੈਰ ਨਿਮਾਣੇ ਇਹ,
ਰੱਬ ਕੋਲੋਂ ਹੈ ਲਈ ਮੰਗ ਕੇ,
ਗੋਰੀ ਬੂਟਾ ਚਾਨਣ ਦਾ।
ਆਸ ਆਸਰਾ ਦੇਵੇ ਸਾਨੂੰ,
ਦਿਨ ਮਹਿਕੇ ਹੋਏ ਆਵਣਗੇ,
ਅਜੇ ਤਾਂ ਲੰਘੇ ਪਲ-ਪਲ ਭਾਰਾ,
ਖਾਕ ਥਲਾਂ ਦੀ ਛਾਣਨ ਦਾ!

ਫੱਕਰ ਦੀ ਟਿੱਪਣੀ ਭਾਵੇਂ ਹੁੰਦੀ ਤਾਂ ਸੰਕੋਚਵੀਂ ਪਰ ਉਸ ਤੋਂ ਟਿੱਪਣੀ ਕਰੇ ਬਿਨਾਂ ਰਿਹਾ ਨਹੀਂ ਸੀ ਜਾਂਦਾ। ਦੋ ਸ਼ਬਦਾਂ ਵਿਚ ਹੀ ਪੂਰੀ ਗੱਲ ਆਖ ਦਿੱਤੀ, 'ਮਾਰੇ ਗਏ ਗੁਲਫ਼ਾਮ!' ਤੇ ਉਹ ਆਦਤ ਅਨੁਸਾਰ ਹਾ...ਹਾ...ਹਾ...ਕਰ ਕੇ ਹੱਸ ਪਿਆ। ਬਾਕੀ ਸਭ ਵੀ ਹੱਸ ਪਏ। ਸ਼ਾਂਤ ਆਖ਼ਰ ਸੀ ਤਾਂ ਫੱਕਰ ਦਾ ਦੋਸਤ ਹੀ, ਉਹਨੂੰ ਕੱਚਾ ਜਿਹਾ ਹੋਇਆ ਦੇਖ ਉਹ ਗੰਭੀਰ ਹੋ ਕੇ ਬੋਲਿਆ, 'ਸਾਡੇ ਸਭ ਦੇ ਹਾਸੇ ਕਾਰਨ ਨਿੰਮੋਝੂਣਾ ਨਾ ਹੋ, ਭਰਪੂਰ ਸਿੰਘ ਸ਼ਾਂਤ, ਕਵਿਤਾ ਤੇਰੀ ਮੌਕੇ ਮੁਤਾਬਿਕ ਵਧੀਆ ਹੈ।'

ਸਭ ਕਵੀਆਂ ਦੇ ਸੁਣਾ ਚੁੱਕਣ ਮਗਰੋਂ ਅੰਤ ਵਿਚ ਕੁਛ ਸੁਣਾਉਣ ਦਾ ਮਾਣ ਤਾਂ ਜਗਦੀਪ ਨੂੰ ਮਿਲਣਾ ਹੀ ਸੀ। ਉਹ ਆਵਾਜ਼ ਦੀ ਮੰਨੀ ਹੋਈ ਜਾਦੂਗਰ ਸੀ। ਅੱਜ ਤਾਂ ਇਸ ਮਹਿਫ਼ਲ ਦੀ ਜਿੰਦ-ਜਾਨ ਮੰਨੇ ਜਾਣ ਨੇ ਉਸ ਨੂੰ ਹੋਰ ਹੀ ਰੰਗ ਵਿਚ ਰੰਗ ਦਿੱਤਾ ਸੀ। ਉਹਨੇ ਪਰਸ ਵਿਚੋਂ ਕਾਪੀ ਕੱਢੀ ਤੇ ਕਿਹਾ, ਇਹ ਗ਼ਜ਼ਲ ਪਹਿਲੀ ਵਾਰ ਇਥੇ ਹੀ ਸੁਣਾ ਰਹੀ ਹਾਂ। ਸਬੱਬ ਹੀ ਅਜਿਹਾ ਬਣ ਗਿਆ ਹੈ ਕਿ ਇਹਨੂੰ ਜਲੰਧਰ ਸ਼ਹਿਰ ਦੇ ਨਾਂ ਹੀ ਸਮਝ ਲਵੋ।

ਧਰ ਕੇ ਜਾਨ ਤਲੀ 'ਤੇ ਆਇਆ ਸ਼ਹਿਰ ਤਿਰੇ।
ਫਿਰਦਾ ਹੈ ਇਕ ਬੁੱਤ ਪਰਾਇਆ ਸ਼ਹਿਰ ਤਿਰੇ।
ਕਈ ਸੁਨੇਹੇ ਦਿਲ ਦੇ ਤੈਨੂੰ ਦੇਣੇ ਸੀ,
ਮੈਨੂੰ ਕੁਝ ਵੀ ਯਾਦ ਨਾ ਆਇਆ ਸ਼ਹਿਰ ਤਿਰੇ।
ਉਂਜ ਤਾਂ ਸ਼ਹਿਰ 'ਚ ਸਾਡੇ ਵੀ ਬੇ-ਚੈਨੀ ਸੀ,
ਰਹਿੰਦਾ-ਖੂੰਹਦਾ ਚੈਨ ਗਵਾਇਆ ਸ਼ਹਿਰ ਤਿਰੇ।
ਉਮਰ ਗਈ ਪਰ ਉਸਦਾ ਉੱਤਰ ਨਾ ਆਇਆ,
ਮੈਂ ਜੋ ਤੈਨੂੰ ਖ਼ਤ ਸੀ ਪਾਇਆ ਸ਼ਹਿਰ ਤਿਰੇ।
ਇਸ ਤੋਂ ਅੱਗੇ ਹੋਰ ਵੀ ਮੰਜ਼ਿਲ ਹੋਵੇਗੀ,
ਮੈਂ ਤਾਂ ਆਪਣਾ ਪੰਧ ਮੁਕਾਇਆ ਸ਼ਹਿਰ ਤਿਰੇ।
ਤੇਰੇ ਡੂੰਘੇ ਨੈਣਾਂ ਦੇ ਵਿਚ ਗ਼ਰਕ ਗਿਆ,
ਸੁਣਿਐ, ਹੁਣ ਤੱਕ ਜੋ ਵੀ ਆਇਆ ਸ਼ਹਿਰ ਤਿਰੇ।

ਗ਼ਜ਼ਲ ਹੀ ਅਜਿਹੀ ਸੀ, ਸਭ ਵਾਹ-ਵਾਹ ਕਰ ਉਠੇ। ਸ਼ਾਂਤ ਨੇ ਫੇਰ ਹੌਸਲਾ ਕੀਤਾ ਤੇ ਬੜੀ ਚਤੁਰਾਈ ਨਾਲ ਜਗਦੀਪ ਦੀ ਪ੍ਰਸੰਸਾ ਕੀਤੀ, 'ਮੋਹਨ ਸਿੰਘ ਜੀ, ਤੁਹਾਡੇ ਵਿਹੜੇ ਦੇ ਸਾਹਮਣੇ ਜਗਦੀਪ ਜੀ ਨੇ ਪੂਰਾ ਸ਼ਹਿਰ ਵਸਾ ਦਿੱਤਾ ਹੈ! ਮੁਕਾਬਲਾ ਤੁਹਾਡੇ ਲਈ ਕਾਫ਼ੀ ਮੁਸ਼ਕਿਲ ਹੋ ਗਿਆ!'

# ਕਾਮੇਡੀ ਦਾ ਨਵਾਂ 'ਖਿਡਾਰੀ' ਭੌਂਦੂ ਜੱਟ



ਸੋਸ਼ਲ ਮੀਡੀਆ 'ਤੇ ਵੱਖ-ਵੱਖ ਮੁੱਦਿਆਂ ਉੱਤੇ ਵਿਅੰਗ ਕਰਨ ਵਾਲੇ ਗਗਨਦੀਪ ਸਿੰਘ ਉਰਫ਼ ਭੌਂਦੂ ਜੱਟ ਦਾ ਜਨਮ ਦਿੜਬਾ ਨੇੜਲੇ ਛੋਟੇ ਜਿਹੇ ਪਿੰਡ ਖੇਤਲਾ ਵਿਖੇ ਹੋਇਆ। ਸੋਸ਼ਲ ਮੀਡੀਆ 'ਤੇ ਉਸ ਦੀਆਂ ਰੀਲਜ਼ ਨੂੰ ਲੱਖਾਂ ਲੋਕ ਦੇਖਦੇ ਹਨ, ਜਿਸ ਕਾਰਨ ਉਸ ਦੀ

**ਕੁਲਦੀਪ ਸਿੰਘ ਧਨੌਲਾ**

ਪ੍ਰਸਿੱਧੀ ਦਿਨ ਪ੍ਰਤੀਦਿਨ ਵਧਦੀ ਹੀ ਜਾ ਰਹੀ ਹੈ। ਕਾਮੇਡੀ ਦੇ ਖੇਤਰ ਵਿਚ ਉਸ ਦੀ ਇਕ ਵੱਖਰੀ ਪਛਾਣ ਬਣ ਚੁੱਕੀ ਹੈ। ਪੜ੍ਹਾਈ ਵਿਚਾਲੇ ਛੱਡਣ ਦੇ ਬਾਵਜੂਦ ਉਸ ਨੂੰ ਲਿਖਣ ਦੀ ਚੇਟਕ ਲੱਗੀ ਰਹੀ। ਇਸ ਦੌਰਾਨ ਉਹ ਜੱਸੀ ਹੈ ਕਿਉਂਕਿ ਉਨ੍ਹਾਂ ਦੀਆਂ ਮਿੱਠੀਆਂ-ਮਿੱਠੀਆਂ ਧੁਨਾਂ ਅੱਜ ਵੀ ਸਾਡੇ ਕੰਨਾਂ ਵਿਚ ਰਸ ਘੋਲ ਰਹੀਆਂ ਹਨ...

ਸਾਹਿਤ ਸਭਿਆਚਾਰਕ ਮੰਚ ਦਿੜ੍ਹਬਾ ਦਾ ਮੈਂਬਰ ਬਣ ਗਿਆ। ਮੰਚ ਦੇ ਸਰਪ੍ਰਸਤ ਭੀਮ ਸਿੰਘ ਕਾਮਰੇਡ ਨੂੰ ਲਿਖ-ਲਿਖ ਕੇ ਵਿਖਾਉਂਦਾ ਤਿਆਰ ਕਰਨ ਲੱਗ ਪਿਆ। ਫੇਰ ਉਹ ਆਪਣੇ ਪਿੰਡ ਦੇ ਦੋਸਤ ਮਾਸਟਰ ਮੇਜਰ ' ਸਿੰਘ ਨਾਲ ਜੁੜ ਗਿਆ। ਉਸ ਦੀ ਕਲਮ ਤੇ ਸੋਚ ਨੂੰ ਜਾਗ ਲਾਇਆ ਸੋਸ਼ਲ ਮੀਡੀਏ ਨੇ। ਇਸ ਰਾਹੀਂ ਉਹ ਸਿਆਸੀ, ਸਮਾਜਿਕ ਅਤੇ ਹੋਰਨਾਂ ਵਿਸ਼ਿਆਂ 'ਤੇ ਵਿਅੰਗ ਕੱਸਦਾ ਰਹਿੰਦਾ ਹੈ।

ਉਹ ਆਪਣੇ ਵਿਅੰਗ ਵਿਚ ਲੱਚਰਤਾ ਅਤੇ ਦੋ-ਅਰਥੀ ਸ਼ਬਦਾਂ ਨੂੰ ਨੇੜੇ ਨਹੀਂ ਢੁੱਕਣ ਦਿੰਦਾ। ਅਗਲੇ ਮਹੀਨੇ ਆਉਣ ਵਾਲੇ ਸੀਰੀਅਲ 'ਸਰਦਾਰਨੀ' ਵਿਚ ਵੀ ਆਪਣੀ ਕਲਾ ਦੇ ਜੌਹਰ ਦਿਖਾਵੇਗਾ।

ਉਸ ਦੇ ਜ਼ਿਆਦਾਤਰ ਵਿਅੰਗ ਪੇਂਡੂ ਜੀਵਨ 'ਤੇ ਆਧਾਰਤ ਹੁੰਦੇ ਹਨ। ਉਹ ਆਪਣੇ ਹਰ ਵਿਅੰਗ ਰਾਹੀਂ ਨੌਜਵਾਨ ਤਬਕੇ ਨੂੰ ਸੰਦੇਸ਼ ਜ਼ਰੂਰ ਦਿੰਦਾ ਹੈ ਤੇ ਅਰਥ ਭਰਪੂਰ ਗੱਲਾਂ ਕਰਦਾ ਹੈ। ਇਸੇ ਕਾਰਨ ਉਸ ਨੇ ਆਪਣੀ ਵੱਖਰੀ ਪਛਾਣ ਬਣਾ ਲਈ ਹੈ।

-0-

# ਪਰਿਵਾਰਕ ਗਾਇਕੀ ਦਾ ਨਾਂ ਜਸਪਾਲ ਜੱਸੀ



ਕਲਾ ਪਰਿਕਰਮਾ

ਸੰਗਰੂਰ ਜ਼ਿਲ੍ਹੇ ਦੇ ਕਸਬੇ ਅਮਰਗੜ੍ਹ ਚ ਪੈਂਦੇ ਪਿੰਡ ਮੁਲਾਵੰਦਾ ਦਾ ਜਨਮਿਆਂ ਜੱਸੀ ਪੰਜਾਬੀ ਸੰਗੀਤ ਦੀ ਦੁਨੀਆ ਦਾ ਉਹ ਸਿਤਾਰਾ ਬਣਿਆ, ਜਿਸ ਨੇ ਪੰਜਾਬੀ ਸੱਭਿਆਚਾਰ ਦੇ ਵਿਹੜੇ' ਨੂੰ ਅਜਿਹਾ ਰੁਸ਼ਨਾਇਆ। ਉਸ ਦੇ ਨਾਂ ਦੀਆਂ ਸੰਗੀਤਕ ਕਿਰਨਾਂ ਅੱਜ ਵੀ ਆਪਣੀ ਚਮਕ ਬਖੇਰ ਰਹੀਆਂ ਹਨ। '90 ਦੇ ਦਹਾਕੇ ਦਾ ਸੰਗੀਤਕ ਦੌਰ ਜੱਸੀ ਜਸਪਾਲ ਦੇ ਨਾਮ ਰਿਹਾ ਹੈ ਕਿਉਂਕਿ ਉਸ ਦੀ ਆਉਣ ਵਾਲੀ ਹਰ ਕੈਸਿਟ ਦੇ ਸੁਪਰਹਿੱਟ ਗੀਤ ਫ਼ਿਜ਼ਾਵਾਂ ਵਿਚ ਅਜਿਹੇ ਗੂੰਜੇ ਕਿ ਉਨ੍ਹਾਂ ਦੀਆਂ

**ਸਰੂਪ ਸਿੰਘ**

ਮਿੱਠੀਆਂ-ਮਿੱਠੀਆਂ ਧੁਨਾਂ ਅੱਜ ਵੀ ਸਾਡੇ ਕੰਨਾਂ ਵਿਚ ਰਸ ਘੋਲ ਰਹੀਆਂ ਹਨ। 'ਮਾਸ਼ੂਕ ਧੋਖੇਬਾਜ਼ ਹੋ ਗਈ', 'ਕਹਿਣਾ ਸੌਖਾ ਤੇ ਭੁਲਾਉਣਾ', 'ਫੱਕਰਾਂ ਦੇ ਸਿਵੇ ਵੱਲ ਸੋਹਣੀਏ', 'ਨਾਭੇ ਵਾਲੀ ਜੇਲ੍ਹ', 'ਕਹਿੰਦੀ ਮੈਂ ਤਾਂ ਮੰਗੀ ਗਈ', 'ਦੱਸ ਮੇਰੀਏ ਮਾਸ਼ੂਕੇ', 'ਤੇਰੇ ਸ਼ਹਿਰ ਵੈਰਨੇ ਨੀਂ', 'ਕਾਹਤੋਂ ਆਈ ਐ ਗ਼ਰੀਬ 'ਤੇ ਜਵਾਨੀ' ਵਰਗੇ ਅਨੇਕ ਹੀ ਹੋਰ ਸੁਪਰਹਿੱਟ ਗੀਤ ਉਸ ਨੇ ਗਾਏ।ਸੰਗੀਤ ਦੇ ਖੇਤਰ ਵਿਚ ਜੱਸੀ ਜਸਪਾਲ ਦੇ ਨਾਂ ਦਾ ਇਕ ਅਜਿਹਾ ਜ਼ਲਜ਼ਲਾ ਆਇਆ ਸੀ ਕਿ ਉਸ ਨੇ ਪੰਜਾਬੀ ਗਾਇਕੀ ਦੇ ਵੱਡੇ-ਵੱਡੇ ਥੰਮ੍ਹਾਂ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸੀ। ਜੱਸੀ ਨੇ ਆਪਣੀ ਗਾਇਕੀ ਦੇ ਬਲਬੂਤੇ 'ਤੇ ਥੋੜ੍ਹੇ ਹੀ ਚਿਰਾਂ ਵਿਚ ਇੰਟਰਨੈਸ਼ਨਲ ਜੀ ਦਾ ਨਾਂ ਪੰਜਾਬੀ ਲੋਕ ਗਾਇਕ ਦਾ ਖ਼ਿਤਾਬ ਹਾਸਲ ਕਰ ਲਿਆ। ਇਸ ਕਲਾਕਾਰ ਨੇ ਪੰਜਾਬੀ ਫਿਲਮਾਂ 'ਚ ਪਲੇਅਬੈਕ ਸਿੰਗਰ ਅਤੇ ਫਿਲਮਾਂ ਵਿਚ ਫਿਲਮਾਏ ਜਾਣ ਵਾਲੇ ਅਨੇਕ ਹੀ ਖੁੱਲ੍ਹੇ ਅਖਾੜਿਆਂ 'ਚ ਪ੍ਰਦਰਸ਼ਨ ਕੀਤਾ, ਜਿਨ੍ਹਾਂ ਵਿੱਚੋਂ 'ਧੀ ਜੱਟ ਦੀ' ਤੇ 'ਵਸੀਅਤ' ਆਦਿ ਪ੍ਰਮੁੱਖ ਹਨ।ਜੱਸੀ ਜਸਪਾਲ ਨੇ ਜਿੱਥੇ ਸਿਰਕੱਢਵੇਂ ਗੀਤਕਾਰ ਧਰਮ ਕੰਮੇਆਣਾ, ਗੇਜਾ ਪੰਧੇਰ, ਸੁੱਖਾ ਖਤੌਲੀ ਵਾਲਾ, ਭੱਟੀ ਭੜੀਵਾਲਾ ਸਵ:-ਰਾਜ ਬਰਾੜ, ਸਵ: ਦਵਿੰਦਰ ਬੈਨੀਪਾਲ ਦਵਿੰਦਰ ਬੈਨੀਪਾਲ (ਕੈਨੇਡਾ), ਸਾਜਨ ਰਾਏਕੋਟੀ, ਸਵ: ਗੁਰਚਰਨ ਵਿਰਕ, ਭੰਗੂ ਫਲੇੜੇ ਵਾਲਾ, ਬਿੱਟੂ ਖੰਨੇਵਾਲਾ ਤੇ ਸ਼ਮਸ਼ੇਰ ਸੰਧੂ ਵਰਗਿਆਂ ਦੇ ਗੀਤਾਂ ਨੂੰ ਗਾਇਆ, ਉੱਥੇ ਹੀ ਉਸ ਨੂੰ ਆਪਣੀ ਆਵਾਜ਼ ਨੂੰ ਚੋਟੀ ਦੇ ਸੰਗੀਤਕਾਰ ਕੁਲਜੀਤ, ਸੁਰਿੰਦਰ ਬਚਨ, ਵਰਿੰਦਰ ਬਚਨ, ਪ੍ਰਿੰਸ ਘੁਮਾਣ, ਬਾਲੀ ਸੱਗੂ ਤੇ ਚਰਨਜੀਤ ਆਹੂਜਾ ਵਰਗਿਆਂ ਦੀਆਂ ਧੁਨਾਂ 'ਚ ਪ੍ਰੋਣ ਦਾ ਮਾਣ ਪ੍ਰਾਪਤ ਹੋਇਆ। ਜਦੋਂ-ਜਦੋਂ ਪਰਿਵਾਰਕ ਤੇ ਸਾਫ਼-ਸੁਥਰੀ ਗਾਇਕੀ ਦੀ ਗੱਲ ਚੱਲ ਗਈ ਤਾਂ ਜੱਸੀ ਜਸਪਾਲ ਦਾ ਨਾਂ ਆਪ ਮੁਹਾਰੇ ਸਾਡੀ ਜ਼ੁਬਾਨ 'ਤੇ ਸਿਦਕ ਨਾਲ ਆਵੇਗਾ। ਜੱਸੀ ਨੇ ਸੋਲੋ ਗੀਤਾਂ ਤੋਂ ਇਲਾਵਾ ਕਈ ਧਾਰਮਿਕ ਕੈਸਿਟਾਂ ਵੀ ਰਿਕਾਰਡ ਕਰਵਾਈਆਂ ਜਿਵੇਂ ਕਿ 'ਸਿੰਘ 'ਸੂਰਮੇ', 'ਬਾਣੀ ਭਗਤ ਰਵਿਦਾਸ ਜੀ. ਦੀ', 'ਲੰਗਰ', ਬਾਬਾ ਵਡਭਾਗ ਸਿੰਘ ਜੀ ਨੂੰ ਸਮਰਪਿਤ 'ਜੋ ਦਰ ਤੇਰੇ ਆਉਂਦੇ' ਆਦਿ।

**'90 ਦੇ ਦਹਾਕੇ ਦਾ ਸੰਗੀਤਕ ਦੌਰ ਜੱਸੀ ਜਸਪਾਲ ਦੇ ਨਾਮ ਰਿਹਾ ਹੈ ਕਿਉਂਕਿ ਉਸ ਦੀ ਆਉਣ ਵਾਲੀ ਹਰ ਕੈਸਿਟ ਦੇ ਸੁਪਰਹਿੱਟ ਗੀਤ ਫ਼ਿਜ਼ਾਵਾਂ ਵਿਚ ਅਜਿਹੇ ਗੂੰਜੇ ਕਿ ਉਨ੍ਹਾਂ ਦੀਆਂ ਮਿੱਠੀਆਂ-ਮਿੱਠੀਆਂ ਧੁਨਾਂ ਅੱਜ ਵੀ ਸਾਡੇ ਕੰਨਾਂ ਵਿਚ ਰਸ ਘੋਲ ਰਹੀਆਂ ਹਨ।**


ਜੱਸੀ ਸੰਗੀਤ ਖੇਤਰ ਦੀ ਸੇਵਾ ਦੇ ਨਾਲ-ਨਾਲ ਅਧਿਆਪਕ ਵਜੋਂ ਵਿਦਿਆਰਥੀਆਂ ਨੂੰ ਸਕੂਲੀ ਸਿੱਖਿਆ ਦੇ ਕੇ ਇਕ ਚੰਗੇ ਨਾਗਰਿਕ ਹੋਣ ਦਾ ਫ਼ਰਜ਼ ਨਿਭਾਅ ਰਿਹਾ ਹੈ।




# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਅਪਰੈਲ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-738



*ਵਿਚ ਗਰਮੀਆਂ ਪੱਥ ਕੇ ਪਾਥੀਆਂ, ਚਿਣ ਚਿਣ ਲਾਏ ਘਰੂਟ,*
*ਮੀਂਹ ਕਿਣੀ ਤੋਂ ਪਾਈਆਂ ਤ੍ਰਿਪਾਲਾਂ, ਬਚਾ ਰੱਖਦੇ ਜਿਉਂ ਫਰੂਟ।*
*ਵਿਚ ਬਰਸਾਤਾਂ ਕਦੇ ਤੋਟ ਨ ਆਵੇ, ਬਾਲਣ ਦੀ ਲਾ ਗੁਹਾੜੀ,*
*ਘਰ ਦੀ ਸੁਆਣੀ ਨੂੰ ਫ਼ਿਕਰ ਖਾਵੇ, ਰੋਟੀ ਪਾਣੀ ਦੀ ਅਗਾੜੀ।*

## ਕੈਪਸ਼ਨ ਮੁਕਾਬਲਾ-736



ਮਨ ਵੀ ਨੱਚਣ, ਤਨ ਵੀ ਨੱਚਣ
ਜਦ ਦਿਨ ਸ਼ਗਨਾਂ ਦਾ ਆਵੇ।
ਵਾਜਾ-ਗਾਜਾ, ਢੋਲ-ਢਮੱਕਾ
ਰੌਣਕ ਤਾਈਂ ਹੋਰ ਵਧਾਵੇ।
ਵਿਆਂਦੜ ਘੋੜੀ ਉੱਪਰ ਬੈਠਾ
ਮੂਹਰੇ ਭੌਂਪੂ ਯਾਰ ਵਜਾਵੇ।
***- ਜਗਮੀਤ ਸਿੰਘ ਪੰਧੇਰ***
***ਫੋਨ: +1 8257607222***

---

ਵੀਰ ਜੀ ਵਿਆਹੁੰਣ ਚੱਲਿਆ,
ਲੱਖ ਲੱਖ ਸ਼ਗਨ ਮਨਾਈਏ,
ਸੋਹਣੀ ਭਾਬੀ ਲੈਣ ਆਏ ਹਾਂ,
ਨੱਚ ਨੱਚ ਧਰਤ ਹਿਲਾਈਏ।
ਛੋਟਾ ਦਿਉਰ ਝੂਮਦਾ ਪਿਆ,
ਲਿਫ਼ ਲਿਫ਼ ਭੰਗੜਾ ਪਾਉਂਦਾ,
ਖ਼ੁਸ਼ੀਆਂ ਦੀ ਹੱਦ ਨਾ ਕੋਈ,
ਚਾਅ ਦਿਲਾਂ ਵਾਲ਼ੇ ਲਾਹੁੰਦਾ।
***-ਸੇਵਾ ਸਿੰਘ 'ਨੂਰਪੁਰੀ'***

---

ਸ਼ਾਦੀ ਹੋਣ ਦੀ ਹੁੰਦੀ ਅਤਿ ਸ਼ਾਦੀ,
ਪੈਰ ਨਾ ਲਗਦੇ ਧਰਤੀ ਉੱਤੇ।
ਸੁਪਨੇ ਦਿਨੇ ਜਾਗਦਿਆਂ ਆਉਂਦੇ,
ਤੇ ਭਾਵੇਂ ਹੋਈਏ ਰਾਤ ਨੂੰ ਸੁੱਤੇ।
ਹੋਏ ਦਲਿੱਦਰੀ ਆਲਸੀ ਭਾਵੇਂ,
ਪਰ ਅੰਗੜਾਈ ਲਵੇ ਇਸ ਰੁੱਤੇ।
ਮਿੱਥਿਆ ਸਾਹਾ ਨਾ ਹਿੱਲੇ ਥਾਂ ਤੋਂ,
ਦਿਨ ਕੱਢੇ ਗਿਣ-ਗਿਣ ਸਾਰ ਬੁੱਤੇ।
ਆਈ ਵਿਆਹੀ ਘੁੰਢ ਕੱਢ ਆਈ,
ਚੰਨ ਤਾਂ ਬੱਦਲਾਂ ਓਹਲੇ ਛਿਪਿਆ।
ਭਾਬੀਆਂ ਭੈਣਾਂ ਹੋਈਆਂ ਦੁਆਲ਼ੇ,
ਮੁੱਖ ਸੋਹਣੀ ਦਾ ਪਲ ਨਾ ਦਿਸਿਆ।
ਰਾਤ ਲੰਘਾਈ ਕਰ ਤੌਬਾ-ਤੌਬਾ,
ਦਿਲ ਲਾੜੇ ਦਾ ਕੁੜਿੱਕੀ ਫਸਿਆ।
ਅਜੇ ਤਾਂ ਦੂਰ ਦੀ ਕੌਡੀ ਸੱਜਣਾ,
'ਫੇਰਾ ਪਾਉਣਾ ਅੱਜ' ਉਨ੍ਹਾਂ ਦੱਸਿਆ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਅੱਜ ਦਿਨ ਸ਼ਗਨਾਂ ਦਾ ਆਇਆ
ਵੀਰਾ ਘੋੜੀ ਉਤੇ ਚੜ੍ਹਾਇਆ
ਤਾਏ, ਚਾਚੇ, ਮਾਮੇ, ਬਾਪੂ ਹੁਰੀਂ
ਰਿਸ਼ਤੇਦਾਰ ਖੁਸ਼ੀਆਂ ਵਿਚ
ਬੁਲਾਉਣ ਜੈਕਾਰੇ
ਕੁੜੀਆਂ, ਮਾਮੀਆਂ, ਚਾਚੀਆਂ, ਤਾਈਆਂ
ਨਾਨਕਾ ਮੇਲ ਵੀ ਦੇਵੇ ਵਧਾਈਆਂ।
ਮਾਹੌਲ ਬਣਿਆ ਖੁਸ਼ਗਵਾਰ
ਭੰਗੜੇ, ਗਿੱਧੇ ਰੌਣਕਾਂ ਲਾਈਆਂ।
***-ਅਮਰਜੀਤ ਸਿੰਘ ਤੂਰ***
***ਕੂਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਵੱਜਣ ਨਾ ਜੇ ਵਾਜੇ
ਖੜਕੇ ਨਾ ਢੋਲਕੀ
ਪਤਾ ਨਹੀਂ ਲੱਗਦਾ
ਸ਼ਾਦੀ ਹੈ ਹੋ ਰਹੀ।
ਪੀਪਣੀ ਦਾ ਸੁਰਾਂ 'ਚ ਹੈ ਖਾਸ ਸਥਾਨ
ਨੱਚਣਾ-ਟੱਪਣਾ ਤੇ ਪਵੇ ਧਮਾਲ
ਪੈਣ ਬੋਲੀਆਂ
ਵਿਰਸਾ ਪੰਜਾਬੀ ਨਜ਼ਰ ਆਉਂਦਾ
ਬਾਕੀ ਰਸਮਾਂ ਤੇ ਬਸ ਨੇ ਦਿਖਾਵਾ।
***-ਦਰਸ਼ਨ ਪਾਲ ਦੋਸਾਂਝ***

## ਨਕਸਲੀ ਲਲਕਾਰ ਗਰੁੱਪ ਦੇ ਨਜ਼ਰੀਏ ਤੋਂ

# ਮੱਧ-ਪੂਰਬ ਦਾ ਖਿੱਤਾ ਫੇਰ ਬਣਿਆ ਸਾਮਰਾਜੀ ਜੰਗ ਦਾ ਅਖਾੜਾ

## ਸਰਮਾਏਦਾਰੀ-ਸਾਮਰਾਜ ਵਿਰੁੱਧ ਇਨਕਲਾਬੀ ਜੰਗ ਹੀ ਅਜਿਹੀਆਂ ਨਿਹੱਕੀਆਂ ਜੰਗਾਂ ਦਾ ਕਰ ਸਕਦੀ ਹੈ ਅੰਤ

***ਅਮਰੀਕਾ-ਇਜ਼ਰਾਇਲ ਜੁੰਡਲੀ (ਸਹੀ ਅਰਥਾਂ ਵਿਚ ਅਮਰੀਕੀ ਸਾਮਰਾਜ) ਨੇ ਮੱਧ-ਪੂਰਬ ਦੇ ਖਿੱਤੇ ਨੂੰ ਮੁੜ ਭਿਆਨਕ ਜੰਗ ਵਿਚ ਝੋਕ ਦਿੱਤਾ ਹੈ। ਆਮ ਲੋਕ, ਸਕੂਲੀ ਬੱਚੇ, ਸ਼ਹਿਰਾਂ ਦੇ ਸ਼ਹਿਰ ਇਨ੍ਹਾਂ ਗਿਰਝਾਂ ਦੀ ਹਵਸ ਦੇ ਫੇਰ ਤੋਂ ਭੇਟ ਚੜ੍ਹ ਰਹੇ ਹਨ। ਜਨਵਰੀ ਵਿਚ ਵੈਨਜ਼ੂਏਲਾ ਦੇ ਰਾਸ਼ਟਰਪਤੀ ਮਾਦੁਰੋ ਨੂੰ ਅਗਵਾਹ ਕਰਕੇ ਆਪਣੇ ਪੱਖੀ ਹਕੂਮਤ ਦੀ ਸਥਾਪਤੀ ਕਰਨ ਪਿੱਛੋਂ ਹੁਣ ਅਮਰੀਕੀ ਸਾਮਰਾਜ ਇਹੋ ਕੁਝ ਇਰਾਨ ਵਿਚ ਕਰਨ ਦੀ ਤਾਕ ਵਿਚ ਹੈ ਤਾਂ ਜੋ ਇੱਥੇ ਵੀ ਆਪਣੇ ਪੱਖੀ ਹਕੂਮਤ ਬਿਠਾਈ ਜਾ ਸਕੇ। ਇਰਾਨ ਦੇ ਸੁਪਰੀਮ ਆਗੂ ਖਾਮਨੇਈ ਦਾ ਕਤਲ ਕਰਨ ਵਿਚ ਭਾਵੇਂ ਅਮਰੀਕੀ ਸਾਮਰਾਜੀ ਸਫ਼ਲ ਹੋ ਚੁੱਕੇ ਹਨ ਪਰ ਤਖਤਾਪਲਟ ਕਰਕੇ ਆਪਣੇ ਪੱਖੀ ਹਕੂਮਤ ਬਿਠਾਉਣ ਵਿਚ ਹਾਲ-ਫਿਲਹਾਲ ਅਮਰੀਕਾ-ਇਜ਼ਰਾਇਲ ਜੁੰਡਲੀ ਅਸਫਲ ਹੀ ਰਹੀ ਹੈ। ਹਥਲੇ ਲੇਖ ਵਿਚ ਇਸ ਜੰਗ ਵਿਚ ਹੁਣ ਤੱਕ ਵਾਪਰੀਆਂ ਕੁਝ ਅਹਿਮ ਘਟਨਾਵਾਂ ਦੀ ਚਰਚਾ ਕਰਕੇ (ਜੋ ਇੰਟਰਨੈੱਟ, ਸੋਸ਼ਲ ਮੀਡੀਆ ਉੱਤੇ ਉਪਲੱਬਧ ਹਨ) ਇਸ ਜੰਗ ਦੇ ਖਾਸੇ ਤੇ ਬੁਨਿਆਦੀ ਕਾਰਨਾਂ ਦੀ ਚਰਚਾ ਕਰਾਂਗੇ।***

**ਨਵਜੋਤ ਨਵੀ**
**ਫੋਨ: +91 85578-12341**



ਜਨਵਰੀ ਤੇ ਖਾਸ ਕਰ ਫਰਵਰੀ ਮਹੀਨੇ ਵਿਚ ਹੀ ਇਹ ਕਿਆਸਰਾਈਆਂ ਹੋਣ ਲੱਗ ਪਈਆਂ ਸਨ ਕਿ ਅਮਰੀਕਾ, ਇਰਾਨ ਉੱਤੇ ਹਮਲਾ ਕਰ ਸਕਦਾ ਹੈ। ਦੋਹਾਂ ਦੇਸ਼ਾਂ ਦੇ ਮੰਤਰੀਆਂ-ਅਧਿਕਾਰੀਆਂ ਵਿਚ ਇੱਕ ਹੱਥ ਜਿੱਥੇ ਗੱਲ-ਬਾਤ ਚੱਲ ਰਹੀ ਸੀ ਉੱਥੇ ਦੂਜੇ ਹੱਥ ਅਮਰੀਕਾ ਨੇ ਆਪਣੇ ਜੰਗੀ ਸਾਜ਼ੋ ਸਾਮਾਨ, ਆਲ਼-ਜੰਜਾਲ਼ ਨੂੰ ਇਰਾਨ ਦੇ ਨੇੜੇ ਤਾਇਨਾਤ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਹਦੇ ਜਵਾਬ ਵਿਚ ਇਰਾਨ ਨੇ ਵੀ ਜਵਾਬੀ ਤਿਆਰੀ ਵਿੱਢ ਦਿੱਤੀ ਸੀ। ਇਹ ਜੱਗ ਜ਼ਾਹਰ ਹੈ ਕਿ ਇਰਾਨ ਇਸ ਜੰਗ ਵਿਚ ਉਲਝਣ ਤੋਂ ਬਚ ਰਿਹਾ ਸੀ ਤੇ ਇਸ ਨੂੰ ਸ਼ੁਰੂ ਕਰਨ ਦਾ ਠੀਕਰਾ ਲਾਜ਼ਮੀ ਹੀ ਅਮਰੀਕੀ ਸਾਮਰਾਜ ਸਿਰ ਹੈ। ਹੁਣ ਖ਼ੁਦ ਅਮਰੀਕੀ ਅਧਿਕਾਰੀਆਂ ਨੇ ਟਰੰਪ ਦੇ ਇਸ ਦਾਅਵੇ ਵਾਲ਼ੀ ਗੱਲ ਨੂੰ ਝੂਠ ਦੱਸਿਆ ਹੈ ਕਿ ਇਰਾਨ ਅਮਰੀਕਾ ਉੱਤੇ ਹਮਲਾ ਕਰਨ ਜਾ ਰਿਹਾ ਸੀ। ਟਰੰਪ ਪ੍ਰਸ਼ਾਸਨ ਵਾਰ-ਵਾਰ ਇਰਾਨ ਉੱਤੇ ਪ੍ਰਮਾਣੂ ਬੰਬ ਨਾ ਬਣਾਉਣ ਤੇ ਮਿਜ਼ਾਈਲਾਂ ਦਾ ਭੰਡਾਰ ਘਟਾਉਣ ਲਈ ਜ਼ੋਰ ਪਾ ਰਿਹਾ ਸੀ (ਧਿਆਨ ਦੇਣ ਯੋਗ ਗੱਲ ਹੈ ਕਿ ਇਹ ਕਿਸੇ ਦੇਸ਼ ਦਾ ਹੱਕ ਹੈ ਕਿ ਉਸਨੇ ਪ੍ਰਮਾਣੂ ਬੰਬ ਬਣਾਉਣੇ ਹਨ, ਮਿਜ਼ਾਈਲਾਂ ਦਾ ਭੰਡਾਰ ਕਿੰਨਾ ਰੱਖਣਾ ਹੈ ਆਦਿ) ਤੇ ਇਸ ਗੱਲ ਨੂੰ ਵੀ ਟਰੰਪ ਨੇ ਆਪਣੇ ਬਿਆਨਾਂ ਵਿਚ ਬਹਾਨੇ ਵਜੋਂ ਵਰਤਿਆ ਕਿ ਇਰਾਨ ਉੱਤੇ ਹਮਲਾ ਕਰਨ ਦਾ ਕਾਰਨ ਉਨ੍ਹਾਂ ਕੋਲ਼ ਮਾਰੂ ਹਥਿਆਰ ਹੋਣ ਜਾਂ ਬਣਾਉਣ ਦੀ ਲੋਚਾ ਸੀ। ਇਸ ਨਾਲ਼ ਅਮਰੀਕੀ ਸਾਮਰਾਜੀ ਆਪਣੇ ਆਪ ਨੂੰ 'ਸੰਸਾਰ ਸ਼ਾਂਤੀ' ਦੇ ਝੰਡਾਬਰਦਾਰ ਹੋਣ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਲੋਕਾਂ ਦਾ ਵੱਡਾ ਹਿੱਸਾ ਇਨ੍ਹਾਂ ਦੀ ਅਸਲੀਅਤ ਨੂੰ ਪਛਾਣਦਾ ਹੈ। ਪੂਰੀ ਦੁਨੀਆਂ ਜਾਣਦੀ ਹੈ ਕਿ ਹਮਲਾ ਇਰਾਨ ਵਿਚ ਤਖਤਾਪਲਟ ਕਰਕੇ ਆਪਣੇ ਪੱਖੀ ਹਕੂਮਤ ਬਿਠਾਉਣ ਲਈ ਅਮਰੀਕੀ ਸਾਮਰਾਜੀਆਂ ਵੱਲੋਂ ਕੀਤਾ ਗਿਆ।

ਜੰਗ ਦੀਆਂ ਹੁਣ ਤੱਕ ਦੀਆਂ ਖਾਸ ਘਟਨਾਵਾਂ ਕੁਝ ਇਸ ਤਰ੍ਹਾਂ ਵਾਪਰੀਆਂ। ਅਮਰੀਕੀ ਸਾਮਰਾਜੀਆਂ ਨੇ ਦੁਵੱਲੀ ਗੱਲਬਾਤ ਨੂੰ ਇੱਕ ਤਰਫਾ ਰੋਕਦਿਆਂ ਇਰਾਨ ਉੱਤੇ 28 ਫਰਵਰੀ ਨੂੰ ਹਮਲਾ ਕਰ ਦਿੱਤਾ ਜਿਸ ਵਿਚ ਇਰਾਨ ਦਾ ਸੁਪਰੀਮ ਲੀਡਰ ਅਲੀ ਮਾਰਿਆ ਗਿਆ। ਇਸ ਦੇ ਬਾਵਜੂਦ ਇਰਾਨ ਵਿਚ ਤਖਤਾਪਲਟ ਨਹੀਂ ਹੋਇਆ ਤੇ ਇਰਾਨ ਵੱਲੋਂ ਜਵਾਬੀ ਹਮਲਾ ਕੀਤਾ ਗਿਆ। ਅਮਰੀਕੀ-ਇਜ਼ਰਾਇਲ ਜੁੰਡਲੀ ਵੱਲੋਂ ਕੀਤੇ ਇਸ ਹਮਲੇ ਵਿਚ ਇਰਾਨ ਦੇ ਫੌਜੀ ਅੱਡਿਆਂ, ਤੇਲ ਭੰਡਾਰਾਂ ਤੇ ਆਲ਼-ਜੰਜਾਲ਼, ਨਾਗਰਿਕਾਂ (ਸਕੂਲੀ ਬੱਚਿਆਂ ਤੱਕ ਨੂੰ ਨਹੀਂ ਬਖਸ਼ਿਆ ਗਿਆ) ਆਦਿ ਦਾ ਨੁਕਸਾਨ ਕੀਤਾ ਗਿਆ। ਆਪਣੇ ਹੀ ਬਣਾਏ ਕੌਮਾਂਤਰੀ ਕਾਨੂੰਨਾਂ ਨੂੰ ਛਿੱਕੇ ਟੰਗਦਿਆਂ ਆਮ ਨਾਗਰਿਕਾਂ ਨਾਲ਼ ਜੁੜੇ ਆਲ਼-ਜੰਜਾਲ਼ ਉੱਤੇ ਕਈ ਹਮਲੇ ਕੀਤੇ ਗਏ। ਅਮਰੀਕੀ ਹਾਕਮਾਂ ਨੂੰ ਉਮੀਦ ਸੀ ਕਿ ਉਹ ਜਲਦੀ ਹੀ ਇਰਾਨ ਵਿਚ ਤਖਤਾਪਲਟ ਕਰਨ ਵਿਚ ਕਾਮਯਾਬ ਹੋ ਜਾਣਗੇ ਪਰ ਇਰਾਨ ਦੇ ਜਵਾਬੀ ਹਮਲਿਆਂ ਨੇ ਇਸ ਇੱਛਾ ਨੂੰ ਹਾਲੇ ਬੂਰ ਨਹੀਂ ਪੈਣ ਦਿੱਤਾ।

ਹਾਲ ਦੀ ਘੜੀ ਇਹ ਸਹੀ-ਸਹੀ ਅਨੁਮਾਨ ਲਗਾਉਣਾ ਮੁਸ਼ਕਿਲ ਹੈ ਕਿ ਇਰਾਨ ਦੇ ਜਵਾਬੀ ਹਮਲਿਆਂ ਨੇ ਅਮਰੀਕਾ ਦਾ ਕਿੰਨਾ ਕੁ ਨੁਕਸਾਨ ਕੀਤਾ ਹੈ ਕਿਉਂਕਿ ਅਜਿਹੀ ਜੰਗ ਵਿਚ ਆਮ ਹੀ ਦੋਹਾਂ ਪਾਸਿਆਂ ਤੋਂ ਦਾਅਵੇ ਵਧਾ-ਚੜ੍ਹਾ ਕੇ ਕੀਤੇ ਜਾਂਦੇ ਹਨ। ਪਰ ਕੁਝ ਨਿਰਪੱਖ ਵਿਸ਼ਲੇਸ਼ਕਾਂ (ਨਾ ਇਰਾਨ ਤੇ ਨਾ ਅਮਰੀਕੀ ਪ੍ਰਚਾਰ ਨੂੰ ਸ਼ਹਿ ਦੇਣ ਵਾਲ਼ੇ) ਅਨੁਸਾਰ ਵੀ ਇਰਾਨ ਨੇ ਅਮਰੀਕਾ ਦਾ ਕਾਫੀ ਨੁਕਸਾਨ ਕੀਤਾ ਹੈ। ਮੱਧ ਪੂਰਬ ਵਿਚ ਸਾਊਦੀ ਅਰਬ, ਬਹਿਰੀਨ, ਕੁਵੈਤ, ਜੌਰਡਨ, ਇਜ਼ਰਾਇਲ ਆਦਿ ਵਿਚ ਅਮਰੀਕਾ ਨੇ ਦਹਾਕਿਆਂ ਬੱਧੀ ਅਰਬਾਂ-ਖਰਬਾਂ ਡਾਲਰ ਖਰਚ ਕੇ ਜੋ ਫੌਜੀ ਹਵਾਈ ਅੱਡੇ, ਏਅਰ ਡਿਫੈਂਸ ਸਿਸਟਮ ਤੇ ਹੋਰ ਫੌਜੀ ਆਲ਼-ਜੰਜਾਲ਼ ਬਣਾਇਆ ਸੀ ਉਸ ਦਾ ਕਾਫੀ ਹਿੱਸਾ ਨੁਕਸਾਨਿਆ ਗਿਆ ਹੈ। ਅਮਰੀਕਾ ਦਾ 'ਥਾਡ' ਮਿਜ਼ਾਈਲ-ਵਿਰੋਧੀ ਸੁਰੱਖਿਆ ਪ੍ਰਬੰਧ (ਜਿਸ ਦੀ ਇੱਕ ਇਕਾਈ ਨੂੰ ਬਣਾਉਣ ਦੀ ਕੀਮਤ ਅਰਬ ਡਾਲਰ ਹੈ) ਦੀਆਂ ਕੁਝ ਇਕਾਈਆਂ ਦਾ ਨੁਕਸਾਨ ਹੋਇਆ ਹੈ ਤੇ ਇਸਨੂੰ ਦੱਖਣੀ ਕੋਰੀਆ ਤੋਂ ਆਪਣਾ 'ਥਾਡ' ਵਾਪਸ ਬੁਲਾਉਣਾ ਪੈ ਰਿਹਾ ਹੈ, ਜਿਸਦਾ ਵਿਰੋਧ ਦੱਖਣੀ ਕੋਰੀਆ ਦੀ ਹਾਕਮ ਜਮਾਤ ਕਰ ਰਹੀ ਹੈ। ਇਸ ਤੋਂ ਬਿਨਾਂ ਅਮਰੀਕਾ ਦੇ ਜੰਗੀ ਬੇੜੇ 'ਅਬਰਾਹਮ ਲਿੰਕਨ' ਉੱਤੇ ਵੀ ਇਰਾਨੀ ਮਿਜ਼ਾਈਲਾਂ ਦੇ ਹਮਲੇ ਕਾਰਨ ਇਸ ਨੂੰ ਦੂਰ ਸੁਰੱਖਿਅਤ ਥਾਂ ਉੱਤੇ ਲੈ ਕੇ ਜਾਣਾ ਪਿਆ। ਅਮਰੀਕਾ ਦੀ ਮੱਧ-ਪੂਰਬ ਵਿਚ ਫੌਜੀ ਚੌਕੀ ਇਜ਼ਰਾਇਲ ਉੱਤੇ ਵੀ ਹੁਣ ਇਰਾਨ ਡਰੋਨ ਤੇ ਮਿਜ਼ਾਈਲ ਹਮਲੇ ਕਰਨ ਵਿਚ ਸਫਲ ਹੋ ਰਿਹਾ ਹੈ ਤੇ ਨਾਲ਼ ਹੀ ਇਰਾਨ ਤੋਂ ਥਾਪੜਾ ਪ੍ਰਾਪਤ ਹਿਜ਼ਬੁੱਲਾ ਜਥੇਬੰਦੀ ਵੀ ਇਜ਼ਰਾਇਲ ਉੱਤੇ ਹਮਲੇ ਕਰ ਰਹੀ ਹੈ। ਇਸ ਤੋਂ ਇਲਾਵਾ ਅਮਰੀਕਾ ਦੇ ਕੁਝ ਦਿੱਗਜ ਫਾਈਟਰ ਜੈੱਟਾਂ ਨੂੰ ਵੀ ਇਰਾਨ ਨੇ ਹਮਲਿਆਂ ਦੌਰਾਨ ਸੁੱਟਿਆ ਹੈ। ਸੂਤਰਾਂ ਅਨੁਸਾਰ ਅਮਰੀਕੀ ਸਾਮਰਾਜ ਦੇ ਕਈ ਥਾਵਾਂ ਉੱਤੇ ਉਲਝੇ ਹੋਣ ਕਾਰਨ- ਯੂਕਰੇਨ ਦੀ ਚੱਲ ਰਹੀ ਜੰਗ, ਤਾਇਵਾਨ ਵਿਚ ਚੀਨ ਨਾਲ਼ ਤਣਾਅ ਦੇ ਵਧਣ ਦੀ ਸੰਭਾਵਨਾ ਤੇ ਇਰਾਨ ਦੀ ਚੱਲ ਰਹੀ ਜੰਗ- ਤੇ ਨਾਲ ਹੀ ਅਮਰੀਕੀ ਅਰਥਚਾਰੇ ਦੀ ਸੁਸਤੀ ਸਦਕਾ ਅਮਰੀਕਾ ਦੇ ਹਥਿਆਰਾਂ ਦਾ ਭੰਡਾਰ ਵੀ ਓਨਾ ਨਹੀਂ ਜਿੰਨਾ ਹਰ ਮੁਹਾਜ ਉੱਤੇ ਲੰਬੀ ਜੰਗ ਵਿਚ ਉਲਝਣ ਲਈ ਲੋੜੀਂਦਾ ਹੈ। ਹਾਲ ਦੀ ਘੜੀ ਇਰਾਨ ਨੇ ਕਿਸੇ ਵੀ ਸਮਝੌਤੇ ਲਈ ਗੱਲਬਾਤ ਤੋਂ ਇਨਕਾਰ ਕੀਤਾ ਹੈ ਤੇ ਅਮਰੀਕਾ ਦੇ ਸਮਝੌਤਿਆਂ ਨੂੰ ਖੋਖਲਾ ਤੇ ਝੂਠਾ ਕਰਾਰ ਦਿੱਤਾ ਹੈ। ਹਾਲ ਦੀ ਘੜੀ ਦੋਵੇਂ ਧਿਰਾਂ ਹੀ ਇੱਕ ਦੂਸਰੇ ਉੱਤੇ ਹਮਲੇ ਕਰ ਰਹੀਆਂ ਹਨ ਤੇ ਕਾਫੀ ਨੁਕਸਾਨ ਕਰ ਰਹੀਆਂ ਹਨ, ਜਿਸ ਵਿਚ ਆਮ ਲੋਕਾਈ ਸਭ ਤੋਂ ਵਧੇਰੇ ਪਿਸ ਰਹੀ ਹੈ। ਇਰਾਨ ਨੇ ਸਟ੍ਰੇਟ (ਤੰਗ ਸਮੁੰਦਰੀ ਰਸਤਾ ਜਾਂ ਤੰਗ ਖਾੜੀ) ਆਫ ਹੋਰਮੁਜ ਨੂੰ ਬੰਦ ਕੀਤਾ ਹੋਇਆ ਹੈ ਜਿਸ ਤੋਂ ਹਰ ਰੋਜ਼ ਦੁਨੀਆ ਵਿਚ ਖਪਤ ਹੋਣ ਵਾਲ਼ੇ ਤੇਲ ਦਾ 20% ਹਿੱਸਾ ਜਾਂਦਾ ਹੈ। ਪਰਸ਼ੀਆ ਦੀ ਖਾੜੀ ਤੋਂ ਤੇਲ ਭੇਜਣ ਦਾ ਇਹੋ ਇੱਕੋ-ਇੱਕ ਰਸਤਾ ਹੈ। ਇਸ ਨਾਲ਼ ਪੂਰੀ ਦੁਨੀਆ ਅੰਦਰ ਹੀ ਤੇਲ, ਗੈਸ ਆਦਿ ਦੀ ਥੁੜ੍ਹ ਵਧ ਰਹੀ ਹੈ ਜਿਸ ਦੀ ਮਾਰ ਦੁਨੀਆ ਭਰ ਦੀ ਆਮ ਲੋਕਾਈ ਉੱਤੇ ਹੀ ਵਧੇਰੇ ਪੈ ਰਹੀ ਹੈ। ਇਹ ਜੰਗ ਕਿਸ ਸਿੱਟੇ ਉੱਤੇ ਪਹੁੰਚਦੀ ਹੈ ਤੇ ਕੀ ਰੁਖ ਲੈਂਦੀ ਹੈ ਇਹ ਆਉਣ ਵਾਲ਼ਾ ਸਮਾਂ ਹੀ ਦੱਸ ਸਕਦਾ ਹੈ।

ਆਓ ਹੁਣ ਇਸ ਜੰਗ ਦੇ ਅਸਲ ਤੱਤ, ਬੁਨਿਆਦੀ ਕਾਰਨਾਂ ਦੀ ਪੜਤਾਲ ਕਰਦੇ ਹਾਂ। ਕੀ ਇਹ ਹੈਰਾਨੀ ਦੀ ਗੱਲ ਨਹੀਂ ਲੱਗਦੀ ਕਿ ਇਰਾਨ, ਜੋ ਤੀਜੀ ਦੁਨੀਆਂ ਦਾ ਪਛੜਿਆ ਸਰਮਾਏਦਾਰ ਮੁਲਕ ਹੈ, ਸੰਸਾਰ ਚੌਧਰੀ ਅਮਰੀਕਾ ਦੇ ਨਾ ਸਿਰਫ ਹਮਲੇ ਨੂੰ ਰੋਕਣ ਵਿਚ ਇੱਕ ਹੱਦ ਤੱਕ ਕਾਮਯਾਬ ਹੋਇਆ, ਸਗੋਂ ਉਸਦਾ ਕਾਫੀ ਫੌਜੀ ਸਾਜੋ-ਸਮਾਨ, ਆਲ਼-ਜੰਜਾਲ਼ ਨੂੰ ਨੁਕਸਾਨਣ ਵਿਚ ਵੀ ਕਿਸੇ ਹੱਦ ਤੱਕ ਕਾਮਯਾਬ ਹੋਇਆ ਹੈ। ਇਰਾਨ ਉਹੀ ਦੇਸ਼ ਹੈ ਜਿਸ ਵਿਚ 2026 ਦੀ ਸ਼ੁਰੂ ਵਿਚ ਮਹਿੰਗਾਈ, ਭੋਜਨ ਦੀ ਘਾਟ ਨੂੰ ਲੈ ਕੇ ਆਮ ਲੋਕ ਸੜਕਾਂ ਉੱਤੇ ਸਰਕਾਰ ਖ਼ਿਲਾਫ ਨਿੱਤਰੇ ਸੀ, ਜਿਸ ਨੂੰ ਖਾਮਨੇਈ ਦੀ ਸੱਤਾ ਨੇ ਜਬਰ ਰਾਹੀਂ ਕੁਚਲਿਆ ਸੀ। ਇਰਾਨ ਲੰਬੇ ਸਮੇਂ ਤੋਂ ਅਮਰੀਕਾ ਵੱਲੋਂ ਲਾਈਆਂ ਆਰਥਿਕ ਰੋਕਾਂ ਕਾਰਨ ਕਾਫੀ ਆਰਥਿਕ ਨੁਕਸਾਨ ਝੱਲਦਾ ਆ ਰਿਹਾ ਹੈ, ਫੇਰ ਇਹ ਅਮਰੀਕਾ ਉੱਤੇ ਜਵਾਬੀ ਹਮਲੇ ਕਰਨ ਵਿਚ ਸਫਲ ਕਿਵੇਂ ਹੋਇਆ? ਐਨੀ ਉੱਨਤ ਫੌਜੀ ਤਕਨੀਕ ਇਸ ਨੂੰ ਕਿੱਥੋਂ ਹਾਸਲ ਹੋਈ? ਸੰਸਾਰ ਭਰ ਦੇ ਫੌਜੀ ਮਾਹਿਰ ਸਮੇਤ ਅਮਰੀਕੀ ਅਧਿਕਾਰੀ ਇਹ ਗੱਲ ਹੁਣ ਕਬੂਲ ਚੁੱਕੇ ਹਨ ਕਿ ਅਸਲ ਵਿਚ ਇਰਾਨੀ ਫੌਜ ਨੂੰ ਇੰਟੈਲੀਜੈਂਸ (ਵੱਖੋ-ਵੱਖ ਅਮਰੀਕੀ ਫੌਜੀ ਅੱਡਿਆਂ ਤੇ ਸਾਜ਼ੋ-ਸਾਮਾਨ ਬਾਰੇ ਸਟੀਕ ਜਾਣਕਾਰੀ) ਤੇ ਹਥਿਆਰ ਰੂਸ ਤੇ ਖਾਸ ਕਰਕੇ ਚੀਨ ਵਲੋਂ ਦਿੱਤੇ ਜਾ ਰਹੇ ਹਨ। ਸੂਤਰਾਂ ਅਨੁਸਾਰ ਚੀਨ ਲੰਬੇ ਸਮੇਂ ਤੋਂ ਇਰਾਨ ਨੂੰ ਆਧੁਨਿਕ ਹਥਿਆਰ ਤੇ ਇਨ੍ਹਾਂ ਨੂੰ ਬਣਾਉਣ ਦੀ ਤਕਨੀਕ ਮੁਹੱਈਆ ਕਰਵਾਉਂਦਾ ਆ ਰਿਹਾ ਹੈ। ਇਰਾਨ ਵੱਲੋਂ ਕੀਤੇ ਜਾਣ ਵਾਲ਼ੇ ਹਮਲਿਆਂ ਦੀ ਤਾਕਤ ਪਿੱਛੇ ਅਸਲ ਵਿਚ ਰੂਸ-ਚੀਨ ਸਾਮਰਾਜੀ ਧਿਰ ਖੜ੍ਹੀ ਹੈ। ਇਰਾਨ ਵਿਚ ਚੱਲ ਰਹੀ ਜੰਗ ਵੀ ਸਾਮਰਾਜੀ ਖਹਿਭੇੜ ਦਾ ਹੀ ਸਿੱਟਾ ਹੈ।

ਇਸ ਖਹਿਭੇੜ ਦੀ ਵੀ ਬੁਨਿਆਦ ਨੂੰ ਥੋੜ੍ਹਾ ਹੋਰ ਵਾਚਦੇ ਹਾਂ, ਭਾਵੇਂ ਇਸਦੇ ਵਧੇਰੇ ਵਿਸਥਾਰ ਵਿਚ ਜਾਣਾ ਇੱਥੇ ਸੰਭਵ ਨਹੀਂ। 20ਵੀਂ ਸਦੀ ਦੀ ਸ਼ੁਰੂਆਤ ਜਾਂ 19ਵੀਂ ਸਦੀ ਦੇ ਅੰਤ ਵਿਚ ਸਰਮਾਏਦਾਰਾ ਪ੍ਰਬੰਧ ਆਪਣੇ ਨਵੇਂ ਪੜਾਅ, ਸਾਮਰਾਜੀ ਪੜਾਅ ਵਿਚ ਦਾਖਲ ਹੋ ਗਿਆ। ਅਜਾਰੇਦਾਰੀਆਂ ਦੇ ਅਧਾਰ ਉੱਤੇ ਦੁਨੀਆਂ ਭਰ ਦੀ ਵੰਡ ਸਾਮਰਾਜੀ ਦੇਸ਼ਾਂ ਤੇ ਉਨ੍ਹਾਂ ਉੱਤੇ ਨਿਰਭਰ ਦੇਸ਼ਾਂ ਵਿਚ ਮੁਕੰਮਲ ਹੋ ਗਈ। ਇਸ ਨਿਰਭਰਤਾ ਦਾ ਰੂਪ ਪਹਿਲਾਂ ਮੁੱਖ ਤੌਰ ਉੱਤੇ ਸਾਮਰਾਜੀਆਂ ਦੀਆਂ ਬਸਤੀਆਂ, ਅਰਧ-ਬਸਤੀਆਂ, ਨਵ ਬਸਤੀਆਂ ਦੇ ਰੂਪ ਵਿਚ ਸੀ, ਜੋ ਬਾਅਦ ਵਿਚ (ਇਨ੍ਹਾਂ ਦੇਸ਼ਾਂ ਦੇ ਲੋਕਾਂ ਦੇ ਘੋਲ਼ਾਂ ਸਦਕਾ ਅਬਸਤੀਕਰਨ ਦੀ ਪ੍ਰਕਿਰਿਆ ਨਾਲ਼) ਮੁੱਖ ਤੌਰ ਉੱਤੇ ਸਿਆਸੀ ਤੌਰ 'ਤੇ ਅਜਾਦ ਪਰ ਆਰਥਿਕ ਤੌਰ 'ਤੇ ਸਾਮਰਾਜੀਆਂ ਉੱਤੇ ਨਿਰਭਰ ਦੇਸ਼ਾਂ ਦੇ ਰੂਪ ਵਿਚ ਸਾਹਮਣੇ ਆਈ। ਇਸ ਸਮੇਂ ਦੁਨੀਆਂ ਦੇ ਦੇਸ਼ਾਂ ਦੀ ਵੰਡ ਮੁੱਖ ਤੌਰ 'ਤੇ ਇਨ੍ਹਾਂ ਪਿਛਲੇ ਤਰ੍ਹਾਂ ਦੇ ਦੇਸ਼ਾਂ ਤੇ ਸਾਮਰਾਜੀ ਦੇਸ਼ਾਂ ਵਿਚ ਹੀ ਹੈ। ਸਾਮਰਾਜੀ ਦੇਸ਼ਾਂ ਲਈ ਇਹ ਨਿਰਭਰਤਾ ਕੱਚੇ ਮਾਲ ਦੇ ਸਰੋਤਾਂ ਤੇ ਇਨ੍ਹਾਂ ਦੇਸ਼ਾਂ ਵਿਚ ਸਸਤੀ ਕਿਰਤ ਸ਼ਕਤੀ ਦੀ ਲੁੱਟ ਕਰਨ ਲਈ ਵਧੇਰੇ ਜਰੂਰੀ ਹੈ ਤੇ ਵੱਖੋ-ਵੱਖ ਸਾਮਰਾਜੀ ਦੇਸ਼ਾਂ ਵਿਚ ਬਾਕੀ ਦੁਨੀਆਂ ਦੇ ਦੇਸ਼ਾਂ ਦੀ ਵੰਡ ਸਾਮਰਾਜੀ ਦੇਸ਼ਾਂ ਦੀ ਸਾਪੇਖਕ ਆਰਥਕ ਤੇ ਫੌਜੀ ਤਾਕਤ (ਜੋ ਆਰਥਿਕ ਤਾਕਤ ਦਾ ਹੀ ਪ੍ਰਗਟਾਵਾ ਹੈ) ਨੂੰ ਦਰਸਾਉਂਦੀ ਹੈ। ਇਹ ਸਮਝਣ ਵਾਲ਼ੀ ਗੱਲ ਹੈ ਕਿ ਸਰਮਾਏਦਾਰਾ ਪ੍ਰਬੰਧ ਵਿਚ ਵਿਕਾਸ ਅਸਾਵਾਂ ਹੁੰਦਾ ਹੈ ਤੇ ਸਾਮਰਾਜੀ ਤਾਕਤਾਂ ਵੱਖੋ-ਵੱਖ ਦਰ ਉੱਤੇ ਅੱਗੇ ਵਿਕਸਿਤ ਹੁੰਦੀਆਂ ਹਨ ਜਿਸ ਕਰਕੇ ਉਨ੍ਹਾਂ ਵਿਚ ਆਰਥਿਕ ਤਾਕਤ ਦਾ ਆਪਸੀ ਤੋਲ ਬਦਲਦਾ ਰਹਿੰਦਾ ਹੈ। ਇਹ ਬਦਲਦਾ ਹੋਇਆ ਤਾਕਤਾਂ ਦਾ ਤੋਲ ਦੇਸ਼ਾਂ ਦੀ ਮੁੜ ਵੰਡ ਦਾ ਸਵਾਲ ਸਾਹਮਣੇ ਲਿਆਉਂਦਾ ਹੈ (ਖਾਸ ਕਰਕੇ ਵਧੇਰੇ ਤਾਕਤਵਰ ਹੋ ਰਹੀਆਂ ਸਾਮਰਾਜੀ ਤਾਕਤਾਂ ਪੁਰਾਣੀ ਵੰਡ ਵਿਚ ਬਦਲਾਅ ਲੋਚਦੀਆਂ ਹਨ ਜਾਣੀ ਆਪਣੀ ਸਾਮਰਾਜੀ ਲੁੱਟ ਲਈ ਪਹਿਲਾਂ ਨਾਲ਼ੋਂ ਵਧੇਰੇ ਖਿੱਤੇ ਲੋਚਦੀਆਂ ਹਨ) ਜੋ ਇਨ੍ਹਾਂ ਸਾਮਰਾਜੀ ਤਾਕਤਾਂ ਵਿਚ ਲੜਾਈ ਤੇ ਜੰਗਾਂ ਦਾ ਕਾਰਨ ਬਣਦਾ ਹੈ। ਸਾਫ ਹੈ ਕਿ ਜਦੋਂ ਤੱਕ ਇਹ ਸਾਮਰਾਜੀ ਪ੍ਰਬੰਧ ਰਹੇਗਾ ਓਦੋਂ ਤੱਕ ਇੰਝ ਹੀ ਸਾਮਰਾਜੀ ਦੇਸ਼ ਆਪਣੀ ਤਾਕਤ ਬਣਾਈ ਰੱਖਣ ਜਾਂ ਵਧਾਉਣ ਲਈ ਇੱਕ ਦੂਜੇ ਨਾਲ਼ ਖਹਿੰਦੇ ਰਹਿਣਗੇ।

ਕਿਸੇ ਸਮੇਂ ਸੰਸਾਰ ਸਾਮਰਾਜੀ ਪ੍ਰਬੰਧ ਉੱਤੇ ਇੰਗਲੈਂਡ ਦੀ ਚੌਧਰ ਸੀ ਜੋ ਦੋ ਸੰਸਾਰ ਜੰਗਾਂ ਮਗਰੋਂ ਅਮਰੀਕਾ ਦੇ ਹੱਥ ਆਈ। ਇੱਕ ਪ੍ਰਕਿਰਿਆ ਵਿਚ ਅਮਰੀਕੀ ਧੁਰੀ (ਨਾਟੋ) ਦੇ ਮੁਕਾਬਲੇ ਵਿਚ ਰੂਸ-ਚੀਨੀ ਸਾਮਰਾਜੀ ਧੁਰੀ ਦਾ ਉਭਾਰ ਹੋਇਆ ਜਿਸ ਵਿਚ ਇਸ ਸਮੇਂ ਅਮਰੀਕਾ ਲਈ ਸਭ ਤੋਂ ਵੱਡਾ ਖਤਰਾ ਚੀਨੀ ਸਾਮਰਾਜ ਬਣਿਆ ਹੋਇਆ ਹੈ। ਸਮਾਜਵਾਦੀ ਚੀਨ ਦੇ 1976 ਵਿਚ ਸਰਮਾਏਦਾਰਾ ਚੀਨ ਵਿਚ ਤਬਦੀਲ ਹੋਣ ਮਗਰੋਂ ਅਤੇ ਬਾਅਦ 'ਚ ਚੀਨ ਦੇ ਸਾਮਰਾਜੀ ਦੇਸ਼ ਵਜੋਂ ਉੱਭਰਣ ਦੀ ਪ੍ਰਕਿਰਿਆ ਸ਼ੁਰੂ ਹੋਈ ਤੇ ਪਿਛਲੇ ਸਮੇਂ ਵਿਚ ਇਹ ਅਮਰੀਕਾ ਲਈ ਸਭ ਤੋਂ ਵੱਡਾ ਮੁਕਾਬਲਾ ਬਣ ਕੇ ਸਾਹਮਣੇ ਆਇਆ ਹੈ। ਤਾਇਵਾਨ ਵਿਚ ਅਮਰੀਕੀ ਦਖਲ ਦੇ ਵਧਣ, ਵੈਨਿਜ਼ੂਏਲਾ ਵਿਚ ਆਪਣੇ ਪੱਖੀ ਸਰਕਾਰ ਬਿਠਾਉਣਾ ਤੇ ਇਰਾਨ ਉੱਤੇ ਹਮਲਾ ਅਸਲ ਵਿਚ ਅਮਰੀਕੀ ਸਾਮਰਾਜ, ਚੀਨੀ ਸਾਮਰਾਜ ਦੇ ਪ੍ਰਭਾਵ ਨੂੰ ਕਮਜੋਰ ਕਰਨ ਲਈ ਹੀ ਕਰ ਰਿਹਾ ਹੈ। ਚੀਨ ਵੈਨਿਜ਼ੂਏਲਾ ਤੇ ਇਰਾਨ ਤੋਂ ਹੀ ਮੁੱਖ ਤੌਰ ਉੱਤੇ ਤੇਲ ਹਾਸਲ ਕਰਦਾ ਹੈ। ਇਰਾਨ ਦਾ ਤਾਂ ਲੱਗਭੱਗ 80% ਤੇਲ ਸਿੱਧੇ ਅਸਿੱਧੇ ਢੰਗ ਨਾਲ਼ ਚੀਨ ਕੋਲ਼ ਹੀ ਜਾਂਦਾ ਹੈ। ਚੀਨ ਦੀਆਂ ਵਿਸ਼ਾਲ ਤੇਲ ਲੋੜਾਂ ਵਿਚ ਰੁਕਾਵਟ ਪਾਉਣ ਦੇ ਇਰਾਦੇ ਨਾਲ਼ ਹੀ ਇੱਕ ਤੋਂ ਬਾਅਦ ਇੱਕ ਅਮਰੀਕੀ ਸਾਮਰਾਜ ਨੇ ਵੈਨਿਜ਼ੂਏਲਾ ਤੇ ਇਰਾਨੀ ਘਟਨਾਵਾਂ ਨੂੰ ਅੰਜਾਮ ਦਿੱਤਾ। ਮੱਧ ਪੂਰਬ ਦੇ ਪੂਰੇ ਹੀ ਖਿੱਤੇ ਵਿਚ ਇਰਾਨ ਨੂੰ ਛੱਡ ਕੇ ਬਾਕੀ ਸਭ ਦੇਸ਼ ਅਮਰੀਕੀ-ਇਜਰਾਇਲ ਜੁੰਡਲੀ ਅੱਗੇ ਪਹਿਲੋਂ ਹੀ ਗੋਡੇ ਟੇਕ ਚੁੱਕੇ ਸਨ ਤੇ ਇਰਾਨ ਹੀ ਰੂਸ-ਚੀਨ ਦੀ ਧੁਰੀ ਦਾ ਇੱਕਮਾਤਰ ਇਸ ਹਿੱਸੇ ਵਿਚ ਪ੍ਰਭਾਵ ਖੇਤਰ ਹੈ। ਇੱਥੇ ਸਾਮਰਾਜੀ ਚੀਨ ਲਈ ਅਮਰੀਕੀ ਪ੍ਰਭਾਵ ਨੂੰ ਠੱਲ੍ਹਣਾ ਜ਼ਰੂਰੀ ਹੋ ਚੁੱਕਿਆ ਸੀ। ਇਸੇ ਲਈ ਹੀ ਇਰਾਨ ਨੂੰ ਲੰਬੇ ਸਮੇਂ ਤੋਂ ਚੀਨ ਹਥਿਆਰ ਤੇ ਹਥਿਆਰ ਬਣਾਉਣ ਦੀ ਤਕਨੀਕ ਦਿੰਦਾ ਆ ਰਿਹਾ ਸੀ। ਆਪਣੇ ਸਾਮਰਾਜੀ ਮਨਸੂਬਿਆਂ ਨੂੰ ਪੂਰਾ ਕਰਨ ਲਈ ਇਰਾਨ ਦਾ ਖੇਤਰ ਦੋਵੇਂ ਅਮਰੀਕੀ ਤੇ ਚੀਨੀ ਸਾਮਰਾਜੀਆਂ ਲਈ ਕਾਫੀ ਜ਼ਰੂਰੀ ਬਣਿਆ ਹੋਇਆ ਹੈ ਤੇ ਇਸੇ ਲਈ ਇਸ ਖੇਤਰੀ ਜੰਗ ਵਿਚ ਇਹ ਇਸ ਸਮੇਂ ਉਲਝੇ ਹੋਏ ਹਨ।

ਦੁਨੀਆ ਭਰ ਵਿਚ ਵਾਪਰ ਰਹੀਆਂ ਅਜਿਹੀਆਂ ਖੇਤਰੀ ਜੰਗਾਂ ਪਿੱਛੇ ਅਸਲ ਵਿਚ ਸਾਮਰਾਜੀ ਟਕਰਾਅ ਹੀ ਕੰਮ ਕਰਦਾ ਹੈ। ਦੂਜੀ ਸੰਸਾਰ ਜੰਗ ਤੱਕ ਸਾਮਰਾਜੀ ਦੇਸ਼ ਸਿੱਧੇ-ਸਿੱਧੇ ਇੱਕ ਦੂਜੇ ਨਾਲ਼ ਫੌਜੀ ਟੱਕਰ ਲੈਂਦੇ ਸਨ ਪਰ ਪ੍ਰਮਾਣੂ ਹਥਿਆਰਾਂ ਦੇ ਬਣਨ ਨਾਲ਼ ਹੁਣ ਅਜਿਹੀਆਂ ਸਿੱਧੀਆਂ ਜੰਗਾਂ ਨਾਲ਼ ਹੋਣ ਵਾਲ਼ਾ ਨੁਕਸਾਨ ਕਿਸੇ ਵੀ ਸਾਮਰਾਜੀ ਦੇਸ਼ ਨੂੰ ਵਾਰਾ ਨਹੀਂ ਖਾਂਦਾ। ਪ੍ਰਮਾਣੂ ਹਥਿਆਰਾਂ ਨੇ ਜਿੱਥੇ ਜੰਗ ਵਿਚਲੀ ਅਜਿਹੀ ਸੰਭਾਵੀ ਤਬਾਹੀ ਦਾ ਅਧਾਰ ਤਿਆਰ ਕੀਤਾ ਹੈ ਜੋ ਪਹਿਲਾਂ ਕਦੇ ਵੀ ਸੰਭਵ ਨਹੀਂ ਸੀ ਉੱਥੇ ਨਾਲ਼ ਹੀ ਇਸਨੇ ਸਾਮਰਾਜੀ ਜੰਗਾਂ ਨੂੰ ਸਾਮਰਾਜੀ ਤਾਕਤਾਂ ਵਿਚ ਸਿੱਧਾ ਲੜਾਈ ਤੋਂ ਬਦਲ ਕੇ ਖੇਤਰੀ ਜੰਗਾਂ ਵਿਚ ਤਬਦੀਲ ਕਰ ਦਿੱਤਾ ਹੈ। ਇਰਾਨ ਦੀ ਖੇਤਰੀ ਜੰਗ ਵਿਚ ਵੀ ਇਸ ਕਰਕੇ ਅਮਰੀਕਾ ਵਿਰੁੱਧ ਰੂਸ-ਚੀਨ ਧੁਰੀ ਦੇ ਸਿੱਧਾ ਉਤਰਨ ਦੀ ਸੰਭਾਵਨਾ ਭਾਵੇਂ ਕਾਫੀ ਘੱਟ ਹੈ ਪਰ ਇਸ ਜੰਗ ਦੇ ਫੈਲਣ ਨਾਲ਼ ਰੂਸ-ਚੀਨ ਧੁਰੀ ਦਾ ਅਸਿੱਧਾ ਦਖਲ (ਇਰਾਨ ਨੂੰ ਵਧੇਰੇ ਜਾਣਕਾਰੀ, ਹਥਿਆਰ ਦੀ ਪੂਰਤੀ, ਫੌਜੀ ਰਣਨੀਤੀ) ਵਧਣ ਦੀ ਹੀ ਕਿਆਸਰਾਈ ਹੈ।

ਇਸ ਸਾਮਰਾਜੀ ਪ੍ਰਬੰਧ ਦਾ ਅਜਿਹੀਆਂ ਨਿਹੱਕੀ ਜੰਗਾਂ ਅਟੁੱਟ ਹਿੱਸਾ ਹਨ ਤੇ ਸਮੇਂ-ਸਮੇਂ ਉੱਤੇ ਸਾਮਰਾਜੀ ਤਾਕਤਾਂ ਦਾ ਆਪਸੀ ਮੁਕਾਬਲਾ ਜੰਗਾਂ ਵਿਚ ਫੁੱਟਦਾ ਰਹਿੰਦਾ ਹੈ। ਇਨ੍ਹਾਂ ਜੋਕਾਂ ਵਿਚ ਆਪਣੇ ਹਿੱਤਾਂ ਨੂੰ ਲੈ ਕੇ ਹੋਣ ਵਾਲ਼ੀਆਂ ਇਨ੍ਹਾਂ ਲੜਾਈਆਂ ਦਾ ਵਧੇਰੇ ਬੋਝ ਆਮ ਲੋਕਾਈ ਸਿਰ ਹੀ ਪੈਂਦਾ ਹੈ। ਲੋਕਾਂ ਦੀ ਅਥਾਹ ਤਬਾਹੀ ਕਰਨ ਵਾਲ਼ੀਆਂ ਇਹ ਜੰਗਾਂ ਲੋਕਾਂ ਦੀ ਇਸ ਸਮੁੱਚੇ ਪ੍ਰਬੰਧ ਵਿਰੁੱਧ ਨਫਰਤ ਡੂੰਘੀ ਕਰਦੀਆਂ ਹਨ ਤੇ ਇਨ੍ਹਾਂ ਜੰਗਾਂ ਦੇ ਅਸਲ ਕਾਰਨਾਂ ਦਾ ਪਾਜ ਵੀ ਉਘਾੜਦੀਆਂ ਹਨ। ਤੀਜੀ ਦੁਨੀਆਂ ਦੇ ਦੇਸ਼ਾਂ ਦੇ ਲੋਕਾਂ ਦੇ ਨਾਲ਼-ਨਾਲ਼ ਯੂਰਪ ਅਤੇ ਅਮਰੀਕਾ ਵਿਚ ਵੀ ਲੋਕ ਅਮਰੀਕੀ ਸਾਮਰਾਜ ਨੂੰ 'ਖੂਨੀ ਸਾਮਰਾਜ' ਅਤੇ 'ਜੰਗ ਲਈ ਬਹਾਨੇ ਬਣਾਉਣ ਵਾਲ਼ਾ' ਕਹਿ ਰਹੇ ਹਨ। ਇੱਕ ਸਰਵੇਖਣ ਅਨੁਸਾਰ ਅਮਰੀਕਾ ਵਿਚ 70-80% ਲੋਕ ਇਸ ਤਰ੍ਹਾਂ ਦੇ ਹਮਲੇ ਵਿਰੁੱਧ ਹਨ ਅਤੇ ਸੱਤਾ ਬਦਲਣ ਵਾਲ਼ੀਆਂ ਜੰਗ ਨਹੀਂ ਚਾਹੁੰਦੇ। ਮੌਜੂਦਾ ਜੰਗ ਵਿਰੋਧੀ ਲੋਕ ਰੋਹ ਵੀ ਇਸਦਾ ਪ੍ਰਤੀਕ ਹੈ ਕਿ ਅਮਰੀਕੀ ਸਾਮਰਾਜ ਹੁਣ ਆਪਣੀ ਝੂਠੀ 'ਸੰਸਾਰ ਸ਼ਾਂਤੀ' ਅਤੇ 'ਜਮਹੂਰੀਅਤ ਸਥਾਪਤੀ' ਦੀ ਕਹਾਣੀ ਨਾਲ਼ ਲੋਕਾਂ ਨੂੰ ਗੁੰਮਰਾਹ ਨਹੀਂ ਕਰ ਸਕਦਾ ਅਤੇ ਲੋਕ ਸਮਝ ਚੁੱਕੇ ਹਨ ਕਿ ਇਹ ਜੰਗਾਂ ਤੇਲ, ਖੇਤਰੀ ਕੰਟਰੋਲ ਅਤੇ ਡਿੱਗਦੀ ਸਰਦਾਰੀ ਨੂੰ ਬਚਾਉਣ ਦੀਆਂ ਜੰਗਾਂ ਹਨ। ਸਮੇਂ ਨਾਲ਼ ਲੋਕ ਅਮਰੀਕੀ ਸਾਮਰਾਜ ਦੇ ਨਾਲ਼-ਨਾਲ਼ ਇਸ ਪੂਰੇ ਸਾਮਰਾਜੀ ਢਾਂਚੇ ਦੀ ਅਸਲੀਅਤ ਨੂੰ ਪਛਾਣਨ ਵਿਚ ਵੀ ਸਫਲ ਹੋਣਗੇ।

***'ਤਬਦੀਲੀ ਪਸੰਦ ਨੌਜਵਾਨਾਂ ਦੀ ਲਲਕਾਰ' - 16 ਤੋਂ 31 ਮਾਰਚ 2026 ਵਿਚ ਪ੍ਰਕਾਸ਼ਿਤ***

# ਪੰਜਾਬ ਦੀ ਖੇਤੀਬਾੜੀ, ਕਿਸਾਨੀ ਦਾ ਸੰਕਟ ਅਤੇ ਸੰਭਾਵੀ ਹੱਲ


ਪਿਛਲੇ ਕੁਝ ਸਮੇਂ ਦੌਰਾਨ ਖੇਤੀਬਾੜੀ ਦੇ ਧੰਦੇ ਨਾਲ ਜੁੜੇ ਸਾਡੇ ਕਈ ਸ਼ੁਭਚਿੰਤਕ ਸਾਥੀਆਂ ਨੇ ਪੰਜਾਬ ਅੰਦਰ ਕਿਸਾਨਾਂ ਦੀਆਂ ਸਮਸਿਆਵਾਂ ਦੇ ਹੱਲ ਲਈ ਮੇਰੇ ਵਿਚਾਰ ਜਾਨਣ ਦੀ ਇੱਛਾ ਜ਼ਾਹਰ ਕੀਤੀ ਸੀ। ਮੈਂ ਸਮਝਦਾ ਹਾਂ ਕਿ ਖੇਤੀਬਾੜੀ ਨੂੰ ਮੁੜ ਤੋਂ ਮੁਨਾਫੇ ਵਾਲਾ ਧੰਦਾ ਬਣਾਇਆ ਜਾ ਸਕਦਾ ਹੈ, ਬਸ਼ਰਤੇ ਕਿ ਇਸ ਪ੍ਰਥਾਏ ਤਿੰਨ ਪੱਖਾਂ ਵੱਲ ਤੁਰੰਤ ਧਿਆਨ ਦਿੱਤਾ ਜਾਵੇ। ਇਹ ਪੱਖ ਹਨ: ਮੰਡੀਕਰਣ, ਸਿੰਚਾਈ ਅਤੇ ਸਬਸਿਡੀਆਂ।

ਮੰਡੀਕਰਣ: ਮੰਡੀਕਰਣ ਦੇ ਸੁਧਾਰਾਂ ਤੋਂ ਗੱਲ ਸ਼ੁਰੂ ਕਰਦੇ ਹਾਂ। ਸਪਲਾਈ ਚੇਨ ਵਿਚ ਕਿਸਾਨਾਂ ਦਾ ਸ਼ੇਅਰ ਕਿਵੇਂ ਵਧਾਇਆ ਜਾਵੇ, ਸਭ ਤੋਂ ਪਹਿਲਾ ਮੁੱਦਾ ਤਾਂ ਇਹੋ ਹੈ। ਇਹ ਵੀ ਸਪੱਸ਼ਟ ਹੈ ਕਿ ਖੇਤੀ ਜਿਣਸਾਂ ਦੇ ਮੰਡੀਕਰਣ ਵਿਚ ਵੱਡੀਆਂ ਇਜਾਰੇਦਾਰੀਆਂ ਖਤਮ ਕੀਤੇ ਬਿਨਾ ਕਿਸਾਨਾਂ ਦਾ ਸ਼ੇਅਰ ਵਧਾਇਆ ਨਹੀਂ ਜਾ ਸਕਦਾ। 'ਜ਼ਰੂਰੀ ਵਸਤਾਂ ਨਾਲ



**ਅਮਰਜੀਤ ਗਰੇਵਾਲ**
**ਫੋਨ: 98761-38523**

*ਅਮਰਜੀਤ ਸਿੰਘ ਗਰੇਵਾਲ ਪੰਜਾਬ ਦੇ ਚੰਦ ਉਨ੍ਹਾਂ ਗੰਭੀਰ ਚਿੰਤਕਾਂ ਵਿਚੋਂ ਇਕ ਹਨ, ਜੋ ਪਿਛਲੀ ਲਗਪਗ ਅੱਧੀ ਸਦੀ ਤੋਂ ਪੰਜਾਬੀ/ਸਿੱਖ ਭਾਈਚਾਰੇ, ਸਾਹਿਤ-ਸੱਭਿਆਚਾਰ ਅਤੇ ਗੁਰਬਾਣੀ ਚਿੰਤਨ ਦੀ ਸਾਡੇ ਸਮਿਆਂ ਲਈ ਸਾਰਥਿਕਤਾ ਦੇ ਵਿਸ਼ਿਆਂ ਨੂੰ ਲੈ ਕੇ ਲਗਾਤਾਰ ਲਿਖਦੇ ਆ ਰਹੇ ਹਨ। 'ਪੰਜਾਬ ਟਾਈਮਜ਼' ਦੇ ਸ਼ੁਰੂਆਤੀ ਦਿਨਾਂ ਤੋਂ ਉਨ੍ਹਾਂ ਦੇ ਲੇਖ ਇਸ ਅੰਦਰ ਛਪਦੇ ਰਹੇ ਹਨ ਅਤੇ ਚਰਚਾ ਦਾ ਵਿਸ਼ਾ ਵੀ ਬਣਦੇ ਰਹੇ ਹਨ। 'ਸਹੁੰ ਪੰਜਾਬ ਦੀ' ਸਿਰਲੇਖ ਹੇਠਲੀ ਆਪਣੀ ਪੁਸਤਕ ਵਿਚ ਉਨ੍ਹਾਂ ਨੇ ਪੰਜਾਬ ਦੀ ਰਸਾਤਲਤਾ ਦੇ ਕਾਰਨਾਂ ਨੂੰ ਖਗੋਲਦਿਆਂ ਨਤੀਜਾ ਕੱਢਿਆ ਹੈ ਕਿ ਪੰਜਾਬ ਦੀ ਤਬਾਹੀ ਦੇ ਕਾਰਨ 'ਨੈਤਿਕਤਾ, ਰਾਜਨੀਤੀ ਅਤੇ ਸੰਸਥਾਵਾਂ ਦੀ ਢਹਿੰਦੀ ਕਲਾ' ਵਿਚ ਪਏ ਹਨ। ਗੰਧਲੀ ਅਤੇ ਸਵਾਰਥੀ ਰਾਜਨੀਤੀ ਨੇ ਅਣਖੀ, ਕਿਰਤੀ, ਵੰਡ ਛਕਣ, ਸਰਬੱਤ ਦਾ ਭਲਾ ਚਾਹੁਣ ਵਾਲੇ ਪੰਜਾਬ ਨੂੰ ਮੁਫਤ ਸਕੀਮਾਂ ਦੇ ਲਾਰਿਆਂ ਨਾਲ ਮੰਗਤਾ ਬਣਾ ਧਰਿਆ। ਪੰਜਾਬ ਨੂੰ ਰਸਾਤਲਤਾ ਦੇ ਟੋਏ ਵਿਚੋਂ ਕੱਢਣ ਦਾ ਰਸਤਾ ਇਸ ਨੂੰ ਆਧੁਨਿਕ ਗਿਆਨ ਦੇ ਖੇਤਰ ਵਿਚ ਹਾਣੀ ਬਣਾਉਣ ਵਿਚ ਹੈ। ਪੰਜਾਬ ਪਹਿਲਾਂ ਵੀ ਘੋਰ ਸੰਕਟਾਂ ਵਿਚੋਂ ਆਪਣੀ ਹਿੰਮਤ ਨਾਲ ਪੂਰਾ ਤਬਾਹ ਹੋ ਕੇ ਵੀ ਪੁਨਰ-ਸੁਰਜੀਤ ਹੁੰਦਾ ਆਇਆ ਹੈ ਉਵੇਂ ਹੀ ਜਿਵੇਂ ਕੁਕਨੂਸ ਆਪਣੀ ਹੀ ਅੱਗ ਵਿਚ ਸੜ ਕੇ ਆਪਣੀ ਰਾਖ ਵਿਚੋਂ ਪੁਨਰ-ਸੁਰਜੀਤ ਹੁੰਦਾ ਹੈ। ਇਹ ਪੁਸਤਕ ਗੁਰਮਤਿ ਦੇ ਹਵਾਲੇ ਨਾਲ ਵਰਤਮਾਨ ਨੂੰ ਗਲੋਬਲ ਪੰਜਾਬ ਵਾਂਗ ਸਮਝਣ ਦਾ ਯਤਨ ਹੈ। ਦੁਨੀਆਂ ਭਰ ਦੇ ਪੰਜਾਬੀਆਂ ਨੂੰ ਸਾਂਝੀ ਸਮਝ ਉਸਾਰਨ ਲਈ ਪ੍ਰੇਰਦੀ ਹੈ। -ਸੰਪਾਦਕ*






ਸਬੰਧਤ ਕਾਨੂੰਨ ਅਤੇ ਮਾਰਕਿਟ ਕਮੇਟੀਆਂ ਇਸ ਕੰਮ ਵਿਚ ਵੱਡੀਆਂ ਈਜਾਰੇਦਾਰੀਆਂ ਨੂੰ ਬਹੁਤੇ ਵੱਡੇ ਮੁਨਾਫੇ ਕਮਾ ਕੇ ਕਿਸਾਨਾਂ ਦੀ ਆਮਦਨ ਨੂੰ ਸੁੰਗੇੜਨ ਵਿਚ ਸਹਾਈ ਹੁੰਦੀਆਂ ਹਨ। ਪਰ ਸਿਆਸੀ ਪਾਰਟੀਆਂ ਵਿਚ ਹਾਲੇ ਇਨ੍ਹਾਂ ਐਕਟਾਂ ਨੂੰ ਸੋਧਣ ਦੀ ਹਿੰਮਤ ਨਹੀਂ ਹੈ।

ਜੇਕਰ ਸਰਕਾਰਾਂ ਇਹ ਹਿੰਮਤ ਜੁਟਾ ਲੈਣ ਅਤੇ ਪਰਾਸੈਸਿੰਗ ਦੀ ਫੀਸ ਨਿਰਧਾਰਤ ਹੋ ਜਾਵੇ, ਤਾਂ ਈ-ਨੈਮ (ਇਲੈਕਟਰਾਨਿਕ ਨੈਸ਼ਨਲ ਐਗਰੀਕਲਚਰਲ ਮਾਰਕਿਟ) ਦੀਆਂ ਸੁਵਿਧਾਵਾਂ ਰਾਹੀਂ ਕਿਸਾਨ ਆਪਣੀ ਜਿਣਸ ਦਾ ਬਣਦਾ ਮੁੱਲ ਪ੍ਰਾਪਤ ਕਰ ਸਕਦੇ ਹਨ। ਪਰ ਅਜਿਹਾ ਕਰਨ ਲਈ ਈ-ਨੈਮ ਦੀ ਸਮਰੱਥਾ ਜੋ ਹਾਲੇ ਤੱਕ ਦੋ ਪ੍ਰਤੀਸ਼ਤ ਹੀ ਹੈ, ਵਿਚ ਵੱਡੇ ਪੱਧਰ 'ਤੇ ਵਾਧਾ ਕਰਨ ਦੀ ਲੋੜ ਪਵੇਗੀ।

ਭੋਜਨ ਦੀਆਂ ਕੀਮਤਾਂ ਨੂੰ ਵਧਣ ਤੋਂ ਰੋਕਣ ਵਾਸਤੇ, ਖੇਤੀ ਜਿਣਸਾਂ ਦੀ ਨਿਰਯਾਤ (ਐਕਸਪੋਰਟ) ਨੂੰ ਰੋਕ ਕੇ ਆਯਾਤ ਸ਼ੁਰੂ ਕਰ ਦਿੱਤੀ ਜਾਂਦੀ ਹੈ। ਇਹ ਪਾਲਿਸੀ ਕੇਵਲ ਕਿਸਾਨਾਂ ਦਾ ਹੀ ਨਹੀਂ, ਸਮੁੱਚੇ ਖੇਤੀ ਧੰਦੇ ਦਾ ਹੀ ਲੱਕ ਤੋੜ ਦਿੰਦੀ ਹੈ। ਸਗੋਂ, ਇਸਦੇ ਉਲਟ ਵਾਧੂ (ਸਰਪਲੱਸ) ਜਿਣਸਾਂ ਦੀ ਨਿਰਯਾਤ ਰਾਹੀਂ ਕਿਸਾਨਾਂ ਦੀ ਆਮਦਨ ਵਧਾਉਣ ਬਾਰੇ ਸੋਚਣਾ ਚਾਹੀਦਾ ਹੈ। ਅਜਿਹਾ ਕਰਨ ਲਈ ਸਥਿਰ ਅਤੇ ਅਨੁਮਾਨਯੋਗ ਵਪਾਰ (ਟਰੇਡ) ਪਾਲਿਸੀ ਦੇ ਨਾਲ-ਨਾਲ ਨਿਰਯਾਤ ਨਿਯਮ (ਐਕਸਪੋਰਟ ਨਾਰਮਜ਼) ਪੂਰੇ ਕਰਨ ਲਈ ਲੋੜੀਂਦੀਆਂ ਸਹੂਲਤਾਂ ਦਾ ਨਿਰਮਾਣ ਜ਼ਰੂਰੀ ਹੋ ਜਾਂਦਾ ਹੈ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਹਾਲੇ ਤੱਕ ਤਾਂ ਸਾਡਾ ਮੰਡੀਆਂ, ਗੋਦਾਮਾਂ, ਪਰੋਸੈਸਿੰਗ, ਢੋਆ ਢੁਆਈ ਅਤੇ ਖੇਤੀ ਜਿਣਸਾਂ ਦੀ ਘੱਟ ਤੋਂ ਘੱਟ ਕੀਮਤ ਨਿਰਧਾਰਿਤ ਕਰਨ ਦਾ ਢਾਂਚਾ ਵੀ ਨਿਚਲੇ ਪੱਧਰ ਦਾ ਹੀ ਹੈ।

ਖੇਤੀ ਜਿਣਸਾਂ ਦੀ ਸਾਂਭ-ਸੰਭਾਲ ਅਤੇ ਪਰਾਸੈਸਿੰਗ ਦਾ ਕੰਮ ਹਾਲੇ ਤੱਕ ਕੇਵਲ ਭ੍ਰਿਸ਼ਟ ਕਿਸਮ ਦੀਆਂ ਸਰਕਾਰੀ ਏਜੰਸੀਆਂ ਅਤੇ ਮੁਨਾਫੇ ਦੀ ਹਵਸ ਨਾਲ ਭਰੀਆਂ ਪ੍ਰਾਈਵੇਟ ਇਜਾਰੇਦਾਰੀਆਂ ਦੇ ਕੰਟਰੋਲ ਵਿਚ ਹੈ। ਜੇਕਰ ਕਿਸਾਨਾਂ ਨੂੰ ਇਸ ਕੰਮ ਵਿਚ ਸ਼ਾਮਲ ਕਰ ਲਿਆ ਜਾਵੇ ਤਾਂ ਕਿਸਾਨਾਂ ਦੀ ਆਮਦਨ ਵਿਚ ਮਹੱਤਵਪੂਰਨ ਵਾਧੇ ਦੇ ਨਾਲ-ਨਾਲ ਖੇਤੀ ਆਰਥਕਤਾ ਨੂੰ ਵੀ ਹੁਲਾਰਾ ਮਿਲੇਗਾ। ਇਸ ਪਰੋਪੋਜ਼ਲ ਦੇ ਵਿਸਤਾਰ ਵਿਚ ਨਾ ਜਾਂਦੇ ਹੋਏ ਹਾਲ ਦੀ ਘੜੀ ਕੇਵਲ ਐਨਾ ਕਹਿਣਾ ਹੀ ਬਹੁਤ ਹੋਵੇਗਾ ਕਿ ਪਰਿਵਾਰਾਂ/ਪਿੰਡ ਦੀ ਪੱਧਰ ਤੇ ਸਟੋਰੇਜ, ਪਰਾਸੈਸਿੰਗ, ਮੰਡੀਕਰਣ ਅਤੇ ਢੋਆ-ਢੁਆਈ ਦੀਆਂ ਸਹੂਲਤਾਂ ਪ੍ਰਦਾਨ ਕਰਕੇ ਹਰ ਪਿੰਡ ਨੂੰ ਇਕ ਬਰੈਂਡ ਦੇ ਤੌਰ 'ਤੇ ਵਿਕਸਤ ਕੀਤਾ ਜਾ ਸਕਦਾ ਹੈ। ਮੇਰੇ ਦੋਸਤ ਸ਼ੁਭ ਪ੍ਰੇਮ ਬਰਾੜ ਨੇ ਕਨੇਡਾ ਤੋਂ ਵਾਪਸ ਆ ਕੇ ਦੱਸਿਆ ਕਿ ਓਥੇ ਹਰ ਕਿਸਾਨ ਆਪਣੇ ਫਾਰਮ 'ਤੇ ਆਪਣੀ ਵਾਈਨ ਆਪ ਤਿਆਰ ਕਰਕੇ ਉਸਨੂੰ ਇਕ ਬਰੈਂਡ ਵਜੋਂ ਵਿਕਸਤ ਕਰਦਾ ਹੈ। ਕਹਿਣ ਤੋਂ ਭਾਵ ਹੈ ਕਿ ਇਹ ਕਿਸਾਨ ਕੱਚੇ ਮਾਲ ਦੇ ਰੂਪ ਵਿਚ ਆਪਣੀ ਜਿਣਸ ਲੈ ਕੇ ਕਿਸੇ ਕਾਰਖਾਨੇਦਾਰ ਕੋਲ ਨਹੀਂ ਜਾਂਦੇ। ਇਹ ਅੰਗੂਰ ਨਹੀਂ ਵਾਈਨ ਵੇਚਦੇ ਹਨ। ਜਿਵੇਂ ਓਥੇ ਹਰ ਕਿਸੇ ਦਾ ਆਪਣਾ ਬਰੈਂਡ ਹੈ, ਉਸੇ ਤਰ੍ਹਾਂ ਜੇ ਕਿਸਾਨ ਨਹੀਂ, ਤਾਂ ਪਿੰਡ ਤਾਂ ਆਪਣੀ ਜਿਣਸ ਦੀ ਪਰਾਸੈਸਿੰਗ ਕਰਕੇ ਆਪੋ ਆਪਣੇ ਬਰੈਂਡ ਵਿਕਸਤ ਕਰ ਸਕਦੇ ਹਨ।

ਸਿੰਚਾਈ: ਦੂਸਰਾ ਪੱਖ ਹੈ ਸਿੰਚਾਈ ਦਾ। ਝੋਨੇ ਦੀ ਕਾਸ਼ਤ ਅਧੀਨ ਰਕਬੇ ਨੂੰ ਘਟਾ ਕੇ ਪੰਜਾਬ ਨੂੰ ਬੰਜਰ ਹੋਣ ਤੋਂ ਕਿਵੇਂ ਬਚਾਉਣਾ ਹੈ, ਉਪਰ ਕੇਵਲ ਖੇਤੀ ਮਾਹਿਰਾਂ ਦਾ ਹੀ ਨਹੀਂ, ਸਰਕਾਰਾਂ ਦਾ ਵੀ ਪਿਛਲੇ ਕਈ ਦਹਾਕਿਆਂ ਤੋਂ ਜ਼ੋਰ ਲੱਗਿਆ ਹੋਇਆ ਹੈ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਇਹ ਘਟਣ ਦੀ ਥਾਂ ਵਧ ਰਿਹਾ ਹੈ। ਪਿਛਲੇ ਦਸਾਂ ਸਾਲਾਂ ਵਿਚ ਇਹ 26 ਲੱਖ ਹੈਕਟੇਅਰ ਤੋਂ ਵਧ ਕੇ 30.5 ਲੱਖ ਹੈਕਟੇਅਰ ਹੋ ਗਿਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਿੰਚਾਈ ਮਾਹਿਰ ਡਾ. ਗੁਰਦੇਵ ਸਿੰਘ ਹੀਰਾ ਨੇ ਜਦੋਂ ਇਹ ਜਾਣ ਲਿਆ ਕਿ ਲੋਕਾਂ ਨੇ ਤਾਂ ਝੋਨਾ ਬੀਜਣੋਂ ਹਟਣਾ ਨਹੀਂ, ਇਸ ਲਈ ਝੋਨੇ ਦੀ ਬਿਜਾਈ ਦਸ ਦਿਨ ਲੇਟ ਕਰਕੇ ਪੰਜਾਬ ਦੇ ਪਾਣੀਆਂ ਨੂੰ ਬਚਾਇਆ ਜਾ ਸਕਦਾ ਹੈ। ਪੰਜਾਬ ਸਰਕਾਰ ਨੇ 20 ਜੂਨ ਤੋਂ ਪਹਿਲਾਂ ਝੋਨੇ ਦੀ ਬਿਜਾਈ ਕਰਨ ਉਪਰ ਰੋਕ ਲਗਾ ਦਿੱਤੀ। ਇਸ ਸਕੀਮ ਦਾ ਬਹੁਤ ਲਾਭ ਵੀ ਹੋਇਆ। ਪਰ ਝੋਨੇ ਦੀ ਹਾਰਵੈਸਟਿੰਗ ਲੇਟ ਹੋਣ ਲੱਗ ਪਈ ਜਿਸ ਕਾਰਨ ਅਗਲੀ ਫਸਲ ਦੀ ਤਿਆਰੀ ਲਈ ਝੋਨੇ ਦੀ ਪਰਾਲੀ ਨੂੰ ਸਾੜਨ ਤੋਂ ਬਿਨਾ ਕੋਈ ਦੂਸਰਾ ਵਿਕਲਪ ਨਹੀਂ ਸੀ ਰਹਿ ਗਿਆ। ਪਰਾਲੀ ਸੜਨ ਨਾਲ ਦਿੱਲੀ ਤੱਕ ਸਾਰਾ ਅਸਮਾਨ ਜ਼ਹਿਰੀਲੇ ਧੂੰਏਂ ਨਾਲ ਭਰ ਗਿਆ। ਸਾਹ ਲੈਣਾ ਮੁਸ਼ਕਲ ਹੋ ਗਿਆ। ਨਤੀਜੇ ਵਜੋਂ ਅਗੇਤੀ ਬਿਜਾਈ ਵੱਲ ਮੁੜਨ ਦੀ ਮਜਬੂਰੀ ਸਿਰ ਆ ਪਈ।

ਬਿਜਲੀ ਮੁਫਤ ਹੋਣ ਕਾਰਨ ਲੋਕਾਂ ਵਿਚ ਨਹਿਰੀ ਪਾਣੀ ਦੀ ਥਾਂ ਧਰਤੀ ਹੇਠਲੇ ਪਾਣੀ ਦੀ ਵਰਤੋਂ ਦਾ ਰੁਝਾਨ ਤੇਜ਼ੀ ਨਾਲ ਵਧਣ ਲੱਗਾ। ਧਰਤੀ ਹੇਠਲੇ ਪਾਣੀ ਦੀ ਸਤਾਹ ਨੀਚੇ ਜਾਣ ਲੱਗ ਪਈ। ਪੰਜ ਹਾਰਸ ਪਾਵਰ ਦੀਆਂ ਮੋਟਰਾਂ ਤੋਂ ਸ਼ੁਰੂ ਹੋ ਕੇ ਹੁਣ 25 ਤੋਂ 35 ਹਾਰਸ ਦੀਆਂ ਮੋਟਰਾਂ ਤੱਕ ਪਹੁੰਚ ਗਏ ਹਾਂ। ਮੁਫਤ ਬਿਜਲੀ ਦਾ ਭਾਰ ਤੇਜ਼ੀ ਨਾਲ ਵਧ ਰਿਹਾ ਹੈ। ਕਿਸਾਨਾਂ ਲਈ ਵੀ ਬਿਜਲੀ ਦੀ ਵਧੀ ਹੋਈ ਖਪਤ ਦੇ ਖਰਚਿਆਂ ਦਾ ਭਾਰ ਚੁਕਣਾ ਸੰਭਵ ਨਹੀਂ। ਇਸ ਸਮੱਸਿਆ ਦਾ ਹੱਲ ਢੂੰਡੇ ਬਿਨਾ ਨਾ ਤਾਂ ਪੰਜਾਬ ਦਾ ਆਰਥਿਕ ਸੰਕਟ ਹੱਲ ਹੋ ਸਕਦਾ ਹੈ ਅਤੇ ਨਾ ਹੀ ਇਸਦੇ ਵਾਤਾਵਰਣ ਅਤੇ ਧਰਤੀ ਹੇਠਲੇ ਪਾਣੀਆਂ ਨੂੰ ਬਚਾਇਆ ਜਾ ਸਕਦਾ ਹੈ। ਮੁਫਤ ਬਿਜਲੀ ਦੀਆਂ ਸਹੂਲਤਾਂ ਮਿਲ ਜਾਣ ਬਾਅਦ ਤਾਂ ਪੰਜਾਬ ਦੇ ਮਿਠੇ ਪਾਣੀ ਵਾਲੇ ਇਲਾਕਿਆਂ ਵਿਚ ਲੋਕਾਂ ਨੇ ਨਹਿਰੀ ਸਿੰਚਾਈ ਵਾਲੀਆਂ ਕੱਸੀਆਂ ਅਤੇ ਖਾਲੇ ਵੀ ਭਰ ਦਿੱਤੇ ਹਨ।

ਸੰਕਟ ਦਾ ਹੱਲ ਇਸ ਸੁਆਲ ਦੇ ਜੁਆਬ ਵਿਚ ਪਿਆ ਹੈ ਕਿ ਪੰਜਾਬ ਦੀ ਕਿਸਾਨੀ ਦਾ ਧਿਆਨ ਧਰਤੀ ਹੇਠਲੇ ਪਾਣੀਆਂ ਤੋਂ ਨਹਿਰੀ ਪਾਣੀਆਂ ਵੱਲ ਕਿਵੇਂ ਮੋੜਿਆ ਜਾਵੇ। ਦੱਸਣਾ ਪਵੇਗਾ ਕਿ ਨਹਿਰੀ ਪਾਣੀਆਂ ਦੀ ਸਿੰਚਾਈ ਧਰਤੀ ਹੇਠਲੇ ਪਾਣੀਆਂ ਦੀ ਸਿੰਚਾਈ ਨਾਲੋਂ ਵੀ ਵਧੇਰੇ ਲਾਹੇਵੰਦ ਕਿਵੇਂ ਹੈ? ਅਜਿਹਾ ਕਰਨ ਲਈ ਨਹਿਰੀ ਸਿੰਚਾਈ ਦੇ ਆਧਾਰ ਢਾਂਚੇ ਅਤੇ ਪ੍ਰਬੰਧ ਨੂੰ ਮੁੜ ਤੋਂ ਵਿਓਂਤਣਾ ਹੋਵੇਗਾ।

ਸਾਡਾ ਨਹਿਰੀ ਢਾਂਚਾ ਕੇਵਲ ਬਰਫੀਲੇ ਪਾਣੀਆਂ ਨੂੰ ਹੀ ਵਰਤੋਂ ਵਿਚ ਲਿਆ ਰਿਹਾ ਹੈ। ਮੀਂਹ/ਹੜ੍ਹਾਂ ਦੇ ਪਾਣੀਆਂ ਨੂੰ ਨਹੀਂ। ਉਹ ਪਾਣੀ ਜੋ ਹਾਲ ਦੀ ਘੜੀ ਸਮੁੰਦਰ ਵਿਚ ਜਾ ਰਿਹਾ ਹੈ, ਨੂੰ ਸਿੰਚਾਈ ਲਈ ਵਰਤਣ ਵਾਸਤੇ ਨਹਿਰੀ ਢਾਂਚੇ ਦੀ ਸਮਰੱਥਾ ਵਧਾਉਣ ਲਈ ਯੋਜਨਾ ਬਣਾਉਣੀ ਹੋਵੇਗੀ। ਨਹਿਰੀ ਪਾਣੀਆਂ ਦੀ ਬਰਬਾਦੀ, ਚੋਰੀ ਅਤੇ ਗੰਧਲੇਪਣ/ ਜ਼ਹਿਰੀਲੇਪਣ ਨੂੰ ਰੋਕਣ ਬਾਰੇ ਵੀ ਸੋਚਣਾ ਹੋਵੇਗਾ। ਨਹਿਰੀ ਸਿੰਚਾਈ ਦਾ ਕੰਮ ਮੋਟਰ ਦਾ ਬਟਨ ਦਬਾਉਣ ਤੋਂ ਵੀ ਵੱਧ ਸਰਲ ਕਿਵੇਂ ਬਣਾਉਣਾ ਹੈ? ਪਲਾਂਟ ਨੂਟਰੀਸ਼ਨ ਮੈਨੇਜਮੈਂਟ ਕਿਵੇਂ ਕਰਨੀ ਹੈ? ਅਜਿਹੇ ਅਨੇਕਾਂ ਸੁਆਲ ਹਨ ਜੋ ਸਾਨੂੰ ਸਮਾਰਟ ਫਾਰਮਿੰਗ ਰਾਹੀਂ ਖਪਤਕਾਰਾਂ ਲਈ ਸ਼ੁੱਧ ਭੋਜਨ/ ਪਾਣੀ/ਵਸਤਾਂ/ਸੇਵਾਵਾਂ ਅਤੇ ਕਿਸਾਨਾਂ ਲਈ ਸਮਾਰਟ ਕਿਰਤ/ਮੁਨਾਫਿਆਂ ਵੱਲ ਲੈ ਜਾਂਦੇ ਹਨ।

ਇਹ ਠੀਕ ਹੈ ਕਿ ਪੰਜਾਬ ਸਰਕਾਰ ਦੀ ਟਿਊਬਵੈਲਾਂ ਲਈ ਮੁਫਤ ਬਿਜਲੀ ਦੀ ਸਕੀਮ ਨੂੰ ਬੰਦ ਕੀਤੇ ਬਿਨਾ, ਪੰਜਾਬ ਦੇ ਧਰਤੀ ਹੇਠਲੇ ਪਾਣੀਆਂ ਦੀ ਬਰਬਾਦੀ ਨੂੰ ਰੋਕਿਆ ਨਹੀਂ ਜਾ ਸਕਦਾ। ਪਰ ਦੂਸਰੇ ਪਾਸੇ ਇਹ ਵੀ ਸੱਚ ਹੈ ਕਿ ਧਰਤੀ ਹੇਠਲੇ ਪਾਣੀ ਡੂੰਘੇ ਜਾਣ ਕਰਕੇ ਕਿਸਾਨ ਬਿਜਲੀ ਦੇ ਖਰਚੇ ਚੁੱਕਣ ਵਿਚ ਪੂਰੀ ਤਰ੍ਹਾਂ ਅਸਮਰੱਥ ਹਨ। ਮੁਫਤ ਬਿਜਲੀ ਦੀ ਸਕੀਮ ਬੰਦ ਕਰਨ ਦਾ ਅਰਥ ਹੈ ਕਿਸਾਨਾਂ ਦੀ ਬਰਬਾਦੀ। ਪੰਜਾਬ ਦੇ ਖੇਤੀ ਸੈਕਟਰ ਦੀ ਬਰਬਾਦੀ। ਕੀ ਕੋਈ ਹੱਲ ਨਹੀਂ? ਹੱਲ ਹੈ। ਬਿਲਕੁਲ ਹੈ। ਬਹੁਤ ਵਧੀਆ ਹੱਲ ਹੈ। ਅਜਿਹਾ ਸੰਗਠਿਤ ਹੱਲ ਜੋ ਪੰਜਾਬ ਦੀ ਕਿਸਾਨੀ, ਪੰਜਾਬ ਦੇ ਪਾਣੀਆਂ, ਵਾਤਾਵਰਣ, ਪੰਜਾਬ ਦੀ ਖੇਤੀਬਾੜੀ ਅਤੇ ਆਰਥਕਤਾ, ਸਭ ਦੀ ਬਰਬਾਦੀ ਰੋਕ ਸਕਦਾ ਹੈ।

ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਧਰਤੀ ਹੇਠਲੇ ਪਾਣੀਆਂ ਦੀ ਡੂੰਘਾਈ ਵੱਖੋ-ਵੱਖਰੀ ਹੋਣ ਕਾਰਨ, ਮੋਟਰਾਂ ਵੀ ਵੱਖੋ-ਵੱਖਰੀ ਹਾਰਸ ਪਾਵਰ ਦੀਆਂ ਹਨ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ, ਸਭ ਤੋਂ ਪਹਿਲਾਂ ਤਾਂ ਸਰਕਾਰ ਵੱਖ-ਵੱਖ ਖਿੱਤਿਆਂ ਲਈ ਵੱਖ-ਵੱਖ ਸਬਸਿਡੀ ਤੈਅ ਕਰੇ। ਦਰਅਸਲ ਹਰ ਪਿੰਡ/ਖਿੱਤੇ ਨੂੰ ਇਕ ਖੁਦਮੁਖਤਾਰ ਐਗਰੋ-ਕਲਾਈਮੇਟ ਜ਼ੋਨ ਵਜੋਂ ਵਿਕਸਤ ਕਰਨ ਦੀ ਲੋੜ ਹੈ, ਤਾਂ ਜੋ ਪਾਣੀ ਦੀ ਸਬਸਿਡੀ ਤੈਅ ਕਰਨ ਤੋਂ ਇਲਾਵਾ ਫਸਲੀ ਚੱਕਰ ਅਤੇ ਬਰੈਂਡ ਡਿਵੈਲਪਮੈਂਟ ਬਾਰੇ ਵੀ ਗੰਭੀਰਤਾ ਨਾਲ ਸੋਚ ਵਿਚਾਰ ਕੀਤੀ ਜਾ ਸਕੇ। ਫੇਰ ਨੰਬਰ ਦੋ 'ਤੇ ਮੁਫਤ ਬਿਜਲੀ ਬੰਦ ਕਰਕੇ ਬਿਜਲੀ ਦਾ ਬਿਲ ਆਉਣ ਤੋਂ ਪਹਿਲਾਂ ਉਹ ਸਬਸਿਡੀ ਕਿਸਾਨਾਂ ਦੇ ਖਾਤੇ ਵਿਚ ਜਮ੍ਹਾਂ ਕਰਵਾਏ। ਨੰਬਰ ਤਿੰਨ, ਹਰ ਕਿਸਾਨ ਲਈ ਲੋੜੀਂਦੇ ਮੁਫਤ ਨਹਿਰੀ ਪਾਣੀ ਨੂੰ ਯਕੀਨੀ ਬਣਾਵੇ। ਨੰਬਰ ਚਾਰ, ਨਹਿਰੀ ਸਿੰਚਾਈ ਦਾ ਕੰਮ ਮੋਟਰ ਦਾ ਬਟਨ ਦਬਾਉਣ ਤੋਂ ਵੀ ਸਰਲ ਬਣਾਇਆ ਜਾਵੇ। ਅਤੇ ਨੰਬਰ ਪੰਜ, ਕਿਉਂਕਿ ਪਰਵਾਸੀ ਲੇਬਰ ਨੂੰ ਆਪੋ ਆਪਣੇ ਸੂਬਿਆਂ ਵਿਚ ਕੰਮ ਮਿਲਣ ਲੱਗ ਪਿਆ ਹੈ, ਇਸ ਲਈ ਲੇਬਰ ਦੀ ਆ ਰਹੀ ਸਮੱਸਿਆ ਦੇ ਹੱਲ ਲਈ ਫਸਲਾਂ ਦੀ ਬਿਜਾਈ, ਸਾਂਭ-ਸੰਭਾਲ, ਸਿੰਚਾਈ, ਪੌਦ ਸੁਰੱਖਿਆ, ਹਾਰਵੈਸਟਿੰਗ, ਪੋਸਟ-ਹਾਰਵੈਸਟਿੰਗ, ਪਰੋਸੈਸਿੰਗ ਅਤੇ ਮੰਡੀਕਰਣ ਆਦਿ ਸਾਰੇ ਕੰਮਾਂ ਲਈ ਲੇਬਰ ਉਪਰ ਨਿਰਭਰਤਾ ਖਤਮ ਕਰਨ ਲਈ ਪੂਰੀ ਆਟੋਮੇਸ਼ਨ ਦਾ ਰਾਹ ਅਪਣਾਇਆ ਜਾਵੇ। ਜੇਕਰ ਇਹ ਦੋ ਤਿੰਨ ਕੰਮ ਕਰ ਲਈਏ ਅਤੇ ਪਿੰਡਾਂ ਵਿਚੋਂ ਕੇਵਲ ਪਰੋਸੈਸਡ ਬਰੈਂਡ ਹੀ ਬਾਹਰ ਆਉਣ ਤਾਂ ਲੋਕ ਝੋਨਾ ਬੀਜਣਾ ਆਪਣੇ ਆਪ ਹੀ ਬੰਦ ਕਰ ਦੇਣਗੇ। ਉਦਾਹਰਣ ਦੇ ਤੌਰ 'ਤੇ ਜੇਕਰ ਨਰਮੇ/ ਕਪਾਹ ਵਾਲੇ ਪਿੰਡਾਂ/ ਇਲਾਕਿਆਂ ਵਿਚ ਕਪਾਹ ਨਾਲ ਜੁੜੀ ਕੌਟਿਜ ਇੰਡਸਟਰੀ ਵਿਕਸਤ ਕੀਤੀ ਜਾਵੇ ਤਾਂ ਝੋਨੇ ਹੇਠਲਾ ਬਹੁਤ ਸਾਰਾ ਇਲਾਕਾ ਨਰਮੇ/ ਕਪਾਹ ਵੱਲ ਮੁੜ ਸਕਦਾ ਹੈ। ਫਲਾਂ, ਸਬਜ਼ੀਆਂ, ਫੁੱਲਾਂ, ਤੇਲ ਬੀਜਾਂ ਅਤੇ ਕਣਕ ਆਦਿ ਤੋਂ ਤਿਆਰ ਹੋਣ ਵਾਲੀਆਂ ਵਸਤਾਂ ਨੂੰ ਤਾਂ ਸਹਿਜੇ ਹੀ ਪਿੰਡ ਆਪੋ ਆਪਣੇ ਬਰੈਂਡ ਦੇ ਨਾਮ ਹੇਠ ਮੰਡੀਕਰਣ ਲਈ ਭੇਜ ਸਕਦੇ ਹਨ।

ਖੇਤ ਨੂੰ ਹੀ ਨਹੀਂ, ਖੇਤ ਦੇ ਕਿਸ ਹਿੱਸੇ ਜਾਂ ਪੌਦੇ ਨੂੰ ਕਿਸ ਸਮੇਂ ਕਿੰਨੇ ਪਾਣੀ ਅਤੇ ਖੁਰਾਕੀ ਤੱਤਾਂ ਦੀ ਜ਼ਰੂਰਤ ਹੈ, ਦਾ ਬਰੀਕਬੀਨੀ ਨਾਲ ਹਿਸਾਬ ਲਗਾ ਕੇ, ਉਸ ਘੋਲ ਨੂੰ ਓਨੀ ਹੀ ਮਾਤਰਾ ਵਿਚ ਸਹੀ ਸਮੇਂ 'ਤੇ, ਡਰਿਪ/ ਛਿੜਕਾਓ ਸਿੰਚਾਈ ਦੀ ਤਕਨੀਕ ਨਾਲ ਕਿਵੇਂ ਦਿੱਤਾ ਜਾਵੇ, ਇਸ ਦਾ ਪ੍ਰਬੰਧ ਖੇਤੀ ਨਾਲ ਸਬੰਧਤ ਮਾਹਿਰਾਂ ਦੀ ਸਲਾਹ ਨਾਲ ਸਹਿਜੇ ਹੀ ਕੀਤਾ ਜਾ ਸਕਦਾ ਹੈ। ਕੋਈ ਨਵੀਂ ਗੱਲ ਨਹੀਂ, ਅਜਿਹਾ ਸੰਸਾਰ ਵਿਚ ਪਹਿਲਾਂ ਹੀ ਹੋ ਰਿਹਾ ਹੈ। ਉਨ੍ਹਾਂ ਦੇ ਤਜਰਬੇ ਨੂੰ ਆਪਣੀਆਂ ਸਥਿਤੀਆਂ ਮੁਤਾਬਕ ਢਾਲ ਕੇ ਵਰਤੋਂ ਵਿਚ ਲਿਆ ਸਕਦੇ ਹਾਂ। ਸਿੰਚਾਈ ਵਾਂਗ ਹੀ ਪੌਦ ਸੁਰੱਖਿਆ ਦੀ ਸਮਾਰਟ ਤਕਨਾਲੋਜੀ ਵੀ ਉਪਲੱਬਧ ਹੈ, ਜਿਸਨੂੰ ਸਹਿਜੇ ਹੀ ਸਮਾਰਟ ਫਾਰਮਿੰਗ ਦਾ ਹਿੱਸਾ ਬਣਾਇਆ ਜਾ ਸਕਦਾ ਹੈ। ਕੇਵਲ ਖੁੱਲ੍ਹੀਆਂ ਨਹਿਰਾਂ, ਸੂਇਆਂ, ਕੱਸੀਆਂ ਅਤੇ ਖਾਲਿਆਂ ਨੂੰ ਪਾਣੀ ਦੀਆਂ ਪਾਈਪਲਾਈਨਾਂ ਵਿਚ ਤਬਦੀਲ ਕਰਕੇ ਪਾਣੀ ਦੀ ਚੋਰੀ, ਬਰਬਾਦੀ, ਪੌਲਿਊਸ਼ਨ ਅਤੇ ਭ੍ਰਿਸ਼ਟ ਪ੍ਰਬੰਧ ਨੂੰ ਪੂਰੀ ਤਰ੍ਹਾਂ ਰੋਕ ਕੇ ਬਿਨਾ ਪ੍ਰਵਾਸੀ ਲੇਬਰ ਉਪਰ ਨਿਰਭਰ ਕੀਤਿਆਂ ਇਹ ਸਾਰਾ ਪ੍ਰਬੰਧ ਕਿਸਾਨ ਖੁਦ ਹੀ ਕਰ ਸਕਦੇ ਹਨ। ਸਾਡੀਆਂ ਨਹਿਰਾਂ ਵਿਚ ਪੰਜਾਬ ਦੇ ਹੜ੍ਹਾਂ/ ਮੀਂਹ ਦੇ ਵਾਧੂ ਪਾਣੀਆਂ ਨੂੰ ਸੰਭਾਲਣ ਦੀ ਸਮਰੱਥਾ ਨਹੀਂ ਹੈ। ਪਾਈਪਲਾਈਨਾਂ ਰਾਹੀਂ ਨਹਿਰੀ ਪਾਣੀਆਂ ਦੇ ਢਾਂਚੇ ਦੀ ਮੁੜ ਉਸਾਰੀ ਰਾਹੀਂ ਇਨ੍ਹਾਂ ਪਾਣੀਆਂ ਨੂੰ ਆਸਾਨੀ ਨਾਲ ਸੰਭਾਲਿਆ ਜਾ ਸਕਦਾ ਹੈ। ਨਹਿਰੀ ਢਾਂਚੇ ਦੀ ਪੁਨਰ-ਉਸਾਰੀ ਦਾ ਇਹ ਕੰਮ ਜ਼ਰੂਰੀ ਨਹੀਂ ਇਕੋ ਵੇਲੇ ਸ਼ੁਰੂ ਕਰ ਲਿਆ ਜਾਵੇ। ਖੇਤਾਂ, ਖਾਲਿਆਂ, ਕੱਸੀਆਂ ਤੋਂ ਹੌਲੀ-ਹੌਲੀ ਨਹਿਰਾਂ ਵੱਲ ਵਧਿਆ ਜਾ ਸਕਦਾ ਹੈ।

ਸਬਸਿਡੀਆਂ: ਸਬਸਿਡੀਆਂ ਬਾਰੇ ਤਾਂ ਦੋ ਤਿੰਨ ਗੱਲਾਂ ਹੀ ਕਹਿਣੀਆਂ ਬਣਦੀਆਂ ਹਨ। ਨੰਬਰ ਇਕ, ਸਬਸਿਡੀ ਸਿੱਧੀ ਕਿਸਾਨਾਂ ਦੇ ਖਾਤਿਆਂ ਵਿਚ ਜਮ੍ਹਾਂ ਹੋਵੇ। ਨੰਬਰ ਦੋ ਹੇਰਾ-ਫੇਰੀ ਰੋਕਣ ਲਈ, ਸਬਸਿਡੀ ਵਾਲੀਆਂ ਖਾਦਾਂ ਦੀ ਖਰੀਦ ਵਾਸਤੇ, ਸਾਇਲ ਹੈਲਥ ਕਾਰਡਾਂ ਨੂੰ ਆਧਾਰ ਕਾਰਡਾਂ ਨਾਲ ਲਿੰਕ ਕਰਨਾ ਜ਼ਰੂਰੀ ਹੈ। ਨੰਬਰ ਤਿੰਨ ਰਾਜ ਸਰਕਾਰਾਂ ਦੀ ਸਲਾਹ ਨਾਲ, ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਵਿਚ ਲੋੜੀਂਦੇ ਸੁਧਾਰ ਕਰਕੇ, ਤੁਰੰਤ ਲਾਗੂ ਕੀਤੇ ਜਾਣ ਦੀ ਲੋੜ ਹੈ। ਨੰਬਰ ਚਾਰ ਤਿਲੰਗਾਨਾ ਦੁਆਰਾ ਸ਼ੁਰੂ ਕੀਤੀ ਗਈ ਰਿਥੂ ਬੰਧੂ ਯੋਜਨਾ (ਆਰ ਬੀ ਸਕੀਮ) ਨੂੰ ਆਪਣੀਆਂ ਸਥਿਤੀਆਂ ਮੁਤਾਬਕ ਅਪਨਾਉਣ ਲਈ ਕਾਰਜਸ਼ੀਲ ਹੋਣ ਦੀ ਲੋੜ ਹੈ। ਨੰਬਰ ਪੰਜ, ਜਿਹੜੇ ਕਿਸਾਨ ਠੇਕੇ 'ਤੇ ਜ਼ਮੀਨਾਂ ਵਾਹ ਰਹੇ ਹਨ, ਉਨ੍ਹਾਂ ਦੀ ਇਸ ਪ੍ਰੈਕਟਿਸ ਨੂੰ ਕਾਨੂੰਨੀ ਘੇਰੇ ਵਿਚ ਲਿਆਉਣ ਲਈ, ਲੋੜੀਂਦੀਆਂ ਸੋਧਾਂ ਸਮੇਤ ਮਾਡਲ ਟੇਨੈਂਸੀ ਐਕਟ ਪਾਸ ਕਰਨਾ ਚਾਹੀਦਾ ਹੈ। ਨੰਬਰ ਛੇ, ਐਕਸਪੋਰਟ ਮਾਰਕਿਟ ਨੂੰ ਧਿਆਨ ਵਿਚ ਰੱਖਦੇ ਹੋਏ ਜਨੈਟੀਕਲੀ ਮੋਡੀਫਾਈਡ (ਜੀ ਐਮ) ਫਸਲਾਂ ਬਾਰੇ ਨਿਸ਼ਚਿਤ ਪਾਲਿਸੀ ਬਣਾ ਕੇ ਤੁਰੰਤ ਅਪਣਾਏ ਜਾਣ ਦੀ ਜ਼ਰੂਰਤ ਹੈ। ਅਤੇ ਨੰਬਰ ਸੱਤ, ਆਈ ਸੀ ਏ ਆਰ ਦੁਆਰਾ ਸਥਾਪਤ ਕੇਂਦਰੀ ਖੋਜ ਸੰਸਥਾਵਾਂ ਦੇ ਮੁਕਾਬਲੇ, ਸੂਬਿਆਂ ਵਿਚ ਸਥਾਪਤ ਖੇਤੀ ਯੂਨੀਵਰਸਟੀਆਂ ਦੀ ਕਾਰਗੁਜ਼ਾਰੀ ਕਿਤੇ ਵਧੀਆ ਰਹੀ ਹੈ। ਇਸ ਲਈ ਰਾਜ ਪੱਧਰ 'ਤੇ ਸਥਾਪਤ ਇਨ੍ਹਾਂ ਯੂਨੀਵਰਸਟੀਆਂ ਦੇ ਖੋਜ, ਸਿਖਿਆ ਅਤੇ ਪਾਸਾਰ ਪ੍ਰੋਗਰਾਮਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

# ਹਰਜੀਤ ਦਿਉਲ ਦੇ ਪ੍ਰਤੀਕਰਮ 'ਤੇ ਪ੍ਰਤੀਉੱਤਰ

'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ'

ਇਹ ਪੰਕਤੀਆਂ ਗੁਰੂ ਨਾਨਕ ਸਾਹਿਬ ਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 766 'ਤੇ ਰਾਗੁ ਸੂਹੀ ਵਿਚ ਰਚੀ ਬਾਣੀ ਵਿਚੋਂ ਹਨ। ਇਨ੍ਹਾਂ ਪੰਕਤੀਆਂ ਵਿਚ ਗੁਰੂ ਨਾਨਕ ਉਪਦੇਸ਼ ਦਿੰਦੇ ਹਨ ਕਿ ਜੇ ਕਿਸੇ ਨੂੰ ਗੁਣਾਂ ਦਾ ਭਰਿਆ ਡੱਬਾ ਮਿਲ ਜਾਵੇ (ਇਥੇ ਭਾਵ ਖੁਸ਼ਬੋ ਵਾਲੀਆਂ ਵਸਤਾਂ ਤੋਂ ਹੈ) ਤਾਂ ਉਹ ਡੱਬਾ ਖੋਲ੍ਹ ਕੇ ਉਸ ਡੱਬੇ ਵਿਚਲੀ ਖੁਸ਼ਬੋ ਲੈ ਲੈਣੀ ਚਾਹੀਦੀ ਹੈ। ਇਸੇ ਤਰ੍ਹਾਂ ਜੇ ਮਨੁੱਖ ਚਾਹੁੰਦਾ ਹੈ ਕਿ ਉਸ ਅੰਦਰ ਗੁਣ ਪੈਦਾ ਹੋਣ ਤਾਂ ਗੁਰਮੁਖਾਂ ਨੂੰ ਮਿਲ ਕੇ ਉਨ੍ਹਾਂ ਨਾਲ ਗੁਣਾਂ ਦੀ ਸਾਂਝ ਕਰਨੀ ਚਾਹੀਦੀ ਹੈ। ਔਗਣਾਂ ਨੂੰ ਅੰਦਰੋਂ ਤਿਆਗ ਕੇ, ਗੁਣਾਂ ਨੂੰ ਨਾਲ ਲੈ ਕੇ ਜੀਵਨ-ਪੰਧ 'ਤੇ



**ਡਾ. ਗੁਰਨਾਮ ਕੌਰ, ਕੈਨੇਡਾ**

ਅੱਗੇ ਵਧਿਆ ਜਾ ਸਕੀਦਾ ਹੈ। ਸਭ ਨਾਲ ਪ੍ਰੇਮ ਅਤੇ ਭਲਾਈ ਕਰਨ ਦਾ ਉਪਰਾਲਾ ਕਰਕੇ, ਔਗੁਣਾਂ ਦਾ ਟਾਕਰਾ ਕਰਕੇ ਜੀਵਨ ਘੋਲ ਨੂੰ ਜਿੱਤਿਆ ਜਾ ਸਕਦਾ ਹੈ:

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸਿ ਲਈਜੈ॥
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜ ਮਲੀਐ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥3॥

'ਪੰਜਾਬ ਟਾਈਮਜ਼' ਦੇ 4 ਅਪਰੈਲ ਵਾਲੇ ਅੰਕ ਵਿਚ ਈਰਾਨ ਦੇ ਪ੍ਰਮੁੱਖ ਲੀਡਰਾਂ ਦੀ ਲੜੀ ਵਿਚ ਸ਼ੁਮਾਰ ਅਲੀ ਲਾਰੀਜਾਨੀ ਦੀ ਮੌਤ ਉਪ੍ਰੰਤ ਉਸ 'ਤੇ ਮੇਰਾ ਲੇਖ ਛਪਣ 'ਤੇ ਹਰਜੀਤ ਦਿਉਲ ਨੂੰ ਬਹੁਤ ਜ਼ਿਆਦਾ ਤਕਲੀਫ਼ ਹੋਈ ਹੈ ਪਰ ਜ਼ਰੂਰੀ ਨਹੀਂ ਜਿਵੇਂ ਮੈਂ ਸੋਚਦੀ ਹਾਂ, ਹਰ ਕੋਈ ਅਲੀ ਲਾਰੀਜਾਨੀ ਬਾਰੇ ਉਵੇਂ ਹੀ ਸੋਚਦਾ ਹੋਵੇ। ਚੀਜ਼ਾਂ ਨੂੰ ਦੇਖਣ ਦਾ ਹਰ ਇੱਕ ਦਾ ਆਪੋ-ਆਪਣਾ ਨਜ਼ਰੀਆ ਹੁੰਦਾ ਹੈ। ਮੈਂ ਗੁਰਬਾਣੀ ਦੀ ਵਿਦਿਆਰਥਣ ਹਾਂ ਮੇਰੇ ਸਾਹਮਣੇ ਗੁਰੂ ਨਾਨਕ ਦਾ ਉਪਰ ਦਿੱਤਾ ਉਪਦੇਸ਼ ਹੈ ਕਿ 'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ।' ਇਸ ਧਾਰਨਾ ਅਨੁਸਾਰ ਮੈਂ ਅਲੀ ਲਾਰੀਜਾਨੀ ਦੇ ਗੁਣਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਅਤੇ ਮੈਂ ਉਨ੍ਹਾਂ ਤੋਂ ਪ੍ਰਭਾਵਤ ਹੋਈ ਹਾਂ। ਕਿਸੇ ਵੀ ਬਦਲਾਅ ਦੇ, ਸਿਸਟਮ ਦੇ ਦੋ ਪਹਿਲੂ ਹੋਇਆ ਕਰਦੇ ਹਨ, ਇੱਕ ਨਹੀਂ। ਮੇਰੇ ਸਾਹਮਣੇ ਇਸ ਵੇਲੇ ਉਹ ਧੱਕਾ ਅਤੇ ਜ਼ੁਲਮ ਹੈ ਜੋ ਇਜ਼ਰਾਈਲ ਫ਼ਲਸਤੀਨ ਦੇ ਲੋਕਾਂ ਨਾਲ ਕਰਦਾ ਆ ਰਿਹਾ ਹੈ ਖਾਸ ਕਰਕੇ ਪਿਛਲੇ 7 ਅਕਤੂਬਰ 2023 ਤੋਂ ਗਾਜ਼ਾ ਪੱਟੀ ਦੇ ਵਸਨੀਕਾਂ 'ਤੇ ਜੋ ਕੁੱਝ ਇਜ਼ਰਾਈਲ ਅਮਰੀਕਾ ਦੀ ਮਿਲੀ-ਭੁਗਤ ਨਾਲ ਕਰ ਰਿਹਾ ਹੈ; ਜਿਸ ਵਿਚ ਹੁਣ ਤੱਕ ਸੱਤਰ ਹਜ਼ਾਰ ਤੋਂ ਵੱਧ ਫ਼ਲਸਤੀਨੀ ਮਾਰੇ ਜਾ ਚੁੱਕੇ ਹਨ ਜਿਨ੍ਹਾਂ ਵਿਚ ਦਸ ਹਜ਼ਾਰ ਬੱਚੇ ਹਨ, ਡਾਕਟਰ, ਪੱਤਰਕਾਰ, ਸਮਾਜ-ਸੇਵੀ, ਸਿਹਤ ਵਿਭਾਗ ਨਾਲ ਜੁੜਿਆ ਅਮਲਾ-ਫੈਲਾ ਅਤੇ ਇਸਤ੍ਰੀਆਂ ਸ਼ਾਮਲ ਹਨ। ਇਥੇ ਮੈਂ ਇੱਕ ਫ਼ਲਸਤੀਨੀ ਯਹੂਦੀ ਜੋ ਕੈਨੇਡਾ ਵਿਚ ਕੈਰੋਪਰੈਕਟਰ ਹੈ, ਤੋਂ ਕਰੋਨਾ ਕਾਲ ਤੋਂ ਵੀ ਪਹਿਲਾਂ ਦੀ ਸੁਣੀ ਗੱਲ ਸਾਂਝੀ ਕਰਨੀ ਚਾਹੁੰਦੀ ਹਾਂ ਜੋ ਹਰ ਸਾਲ ਆਪਣੇ ਘਰ ਫ਼ਲਸਤੀਨ ਵਿਚ ਛੁੱਟੀਆਂ ਕੱਟਣ ਜਾਂਦਾ ਹੈ। ਉਸ ਦਾ ਕਹਿਣਾ ਸੀ ਕਿ ਸਾਡੀਆਂ ਜਨਾਨੀਆਂ (ਫ਼ਲਸਤੀਨੀ ਔਰਤਾਂ) ਨਾਲ, ਬੱਚਿਆਂ ਨਾਲ ਇਜ਼ਰਾਈਲੀ ਫ਼ੌਜੀ ਬਦਸਲੂਕੀ ਕਰਦੇ ਹਨ, ਤਸ਼ੱਦਦ ਕਰਦੇ ਹਨ। ਸਾਡੇ ਬੱਚਿਆਂ ਕੋਲ ਕੋਈ ਹਥਿਆਰ ਨਹੀਂ, ਵੱਧ ਤੋਂ ਵੱਧ ਪੱਥਰ ਜਾਂ ਸੋਟੀਆਂ ਹੀ ਹਨ ਪ੍ਰੰਤੂ ਅਮਰੀਕਾ ਬਦਮਾਸ਼ੀ ਕਰਦਾ ਹੈ ਅਤੇ ਸਾਡੇ ਖਿਲਾਫ਼ ਇਜ਼ਰਾਈਲ ਨੂੰ ਆਧੁਨਿਕ ਹਥਿਆਰ ਦਿੰਦਾ ਹੈ। ਕਹਿੰਦਾ ਜੇ ਅਮਰੀਕਾ ਨਾ ਹੋਵੇ ਇਜ਼ਰਾਈਲ ਸਾਡੇ ਮੁੰਡਿਆਂ ਨੂੰ ਫੜ-ਫੜ ਕੇ ਏਦਾਂ ਨਹੀਂ ਮਾਰ ਸਕਦਾ।

ਮੈਂ ਕਾਲਜ ਤੋਂ ਯੂਨੀਵਰਸਿਟੀ ਪਹੁੰਚ ਗਈ ਸੀ ਅਮਰੀਕਾ ਦੀ ਵੀਅਤਨਾਮ 'ਤੇ ਜੰਗ ਹਾਲੇ ਵੀ ਜਾਰੀ ਸੀ; ਭਲਾਂ ਏਸ਼ੀਆ ਦੇ ਧੁਰ ਪੂਰਬ ਵਿਚ ਵਸੇ ਵੀਅਤਨਾਮ ਦੀ ਅਮਰੀਕਾ ਨੂੰ ਕੀ ਤਕਲੀਫ਼ ਸੀ? ਬਹੁਤਾ ਸਮਾਂ ਨਹੀਂ ਹੋਇਆ ਜੋ ਕੁੱਝ ਅਫ਼ਗਾਨਿਸਤਾਨ ਅਤੇ ਇਰਾਕ ਵਿਚ ਵਾਪਰਿਆ। ਕਦੀ ਹਿਊਮਨ ਰਾਈਟਸ ਦੇ ਨਾਮ 'ਤੇ ਜਾਂ ਪ੍ਰਮਾਣੂ ਹਥਿਆਰਾਂ ਦੇ ਬਹਾਨੇ ਨਾਲ ਅਫ਼ਗਾਨਿਸਤਾਨ ਅਤੇ ਇਰਾਕ ਦਾ ਕਿਵੇਂ ਢਾਉ-ਵਾੜਾ ਕੀਤਾ ਗਿਆ ਸਭ ਜਾਣਦੇ ਹਨ। ਵੈਨਜ਼ੁਏਲਾ ਦੇ ਰਾਸ਼ਟਰਪਤੀ ਅਤੇ ਉਸ ਦੀ ਪਤਨੀ ਨੂੰ ਰਾਤੋ-ਰਾਤ ਚੱਕ ਲਿਆ ਗਿਆ। ਅਮਰੀਕਾ ਨੂੰ ਕਿਸੇ ਦੂਸਰੇ ਦੇ ਘਰ ਜਾ ਕੇ ਦਖਲ-ਅੰਦਾਜ਼ੀ ਕਰਨ ਦਾ ਹੱਕ ਕਿਹੜੇ ਹਿਊਮਨ ਰਾਈਟਸ ਦੇ ਅਧੀਨ ਦਿੱਤਾ ਗਿਆ ਹੈ? ਕਿਸੇ ਦਾ ਰਾਸ਼ਟਰਪਤੀ ਜਾਂ ਸਰਕਾਰ ਠੀਕ ਨਹੀਂ, ਇਹ ਉਸ ਮੁਲਕ ਦਾ ਅੰਦਰੂਨੀ ਮਸਲਾ ਹੁੰਦਾ ਹੈ ਜੋ ਉਥੋਂ ਦੇ ਆਵਾਮ ਨੇ ਹੱਲ ਕਰਨਾ ਹੁੰਦਾ ਹੈ; ਦੂਸਰੇ ਲੋਕ ਸੰਕਟ ਸਮੇਂ ਮਨੁੱਖੀ ਹਮਦਰਦੀ ਵਿਚ ਉਨ੍ਹਾਂ ਦੀ ਆਰਥਿਕ ਹਮਾਇਤ ਹੀ ਕਰ ਸਕਦੇ ਹਨ। 1953 ਵਿਚ ਤਾਂ ਈਰਾਨ ਵਿਚ ਲੋਕ ਰਾਜ ਸੀ, ਉਹ ਕਿਸ ਨੇ ਡੇਗਿਆ ਅਤੇ ਰਜ਼ਾ ਸ਼ਾਹ ਦੀ ਤਾਨਾਸ਼ਾਹੀ ਕਾਇਮ ਕੀਤੀ? ਲਿਸਟ ਬੜੀ ਲੰਬੀ ਹੈ ਅਤੇ ਸਾਰੇ ਇਸ ਤੋਂ ਜਾਣੂ ਹਨ ਮੈਂ ਇਸ ਵਿਚ ਨਹੀਂ ਪੈਣਾ। ਇਸਲਾਮਿਕ ਰੈਵੋਲੂਸ਼ਨ ਵਿਚ ਬਹੁਤ ਵੱਡੀਆਂ ਖਾਮੀਆਂ ਹਨ ਅਤੇ ਹੋਣਗੀਆਂ। ਕੱਟੜਤਾ ਭਾਵੇਂ ਧਾਰਮਿਕ ਹੋਵੇ ਅਤੇ ਭਾਵੇਂ ਕਮਿਊਨਿਸਟ ਵਿਚਾਰਧਾਰਾ ਦੀ ਉਹ ਕਦੀ ਵੀ ਸੁਖਾਵੀਂ ਨਹੀਂ ਹੋ ਸਕਦੀ। ਸਟਾਲਿਨ ਦੇ ਵਾਰੇ-ਪਹਿਰੇ ਵਿਚ ਵੀ ਆਮ ਲੋਕਾਂ ਦੇ ਨਾਲ-ਨਾਲ ਵਿਰੋਧ ਦੇ ਸ਼ੱਕ ਵਿਚ ਬੁੱਧੀਜੀਵੀਆਂ, ਲੇਖਕਾਂ ਅਤੇ ਰਾਜਨੀਤਕ ਵਿਰੋਧੀਆਂ ਨੂੰ ਤਸ਼ੱਦਦ ਦਾ ਸ਼ਿਕਾਰ ਵੀ ਹੋਣਾ ਪਿਆ ਅਤੇ ਮਰਨਾ ਵੀ ਪਿਆ। ਮੈਂ ਕਿਸੇ ਵੀ ਕਿਸਮ ਦੀ ਕੱਟੜਤਾ ਦੇ ਹੱਕ ਵਿਚ ਨਹੀਂ ਹਾਂ, ਧਾਰਮਿਕ ਕੱਟੜਤਾ ਦੇ ਤਾਂ ਬਿਲਕੁਲ ਹੀ ਨਹੀਂ ਕਿਉਂਕਿ ਗੁਰਬਾਣੀ ਤਾਂ ਮਨੁੱਖ ਦੇ ਹਿਰਦੇ ਨੂੰ, ਨਜ਼ਰੀਏ ਨੂੰ ਵਿਸ਼ਾਲ ਬਣਾਉਂਦੀ ਹੈ। ਗੁਰਬਾਣੀ ਅਨੁਸਾਰ ਤਾਂ 'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ' ਅਤੇ 'ਰੋਸੁ ਨ ਕੀਜੈ ਉਤਰੁ ਦੀਜੈ' ਦੀ ਸਿੱਖਿਆ ਦਿੱਤੀ ਗਈ ਹੈ; ਸੰਵਾਦ ਰਚਾਉਣ ਅਤੇ ਮਿਲ ਬੈਠਣ ਨਾਲ ਮਸਲੇ ਹੱਲ ਹੁੰਦੇ ਹਨ। ਈਰਾਨ ਜੇ ਇਸਲਾਮਕ ਕੱਟੜਵਾਦ ਦਾ ਸ਼ਿਕਾਰ ਹੈ ਤਾਂ ਇਹ ਅਮਰੀਕਾ ਦੀ ਸਮੱਸਿਆ ਨਹੀਂ ਹੈ, ਇਹ ਈਰਾਨ ਦੇ ਲੋਕਾਂ ਦੀ ਸਮੱਸਿਆ ਹੈ ਅਤੇ ਇਸ ਦਾ ਹੱਲ ਵੀ ਜਦੋਂ ਨਿਕਲਣਾ ਹੈ, ਉਥੋਂ ਦੀ ਪਰਜਾ ਨੇ ਕੱਢਣਾ ਹੈ; ਅਮਰੀਕਾ ਜਾਂ ਇਜ਼ਰਾਈਲ ਨੇ ਨਹੀਂ।

ਈਰਾਨ ਬਾਰੇ ਜਿੰਨਾ ਕੁ ਮੇਰਾ ਸੀਮਤ ਜਿਹਾ ਗਿਆਨ ਹੈ ਉਸ ਅਨੁਸਾਰ ਰਜ਼ਾਸ਼ਾਹ (ਰੇਜ਼ਾਸ਼ਾਹ) ਦੀ ਹਕੂਮਤ ਸਮੇਂ ਉਥੋਂ ਦੀ ਨੌਜੁਆਨ ਪੀੜ੍ਹੀ ਅਯਾਸ਼ੀ ਅਤੇ ਨਸ਼ਿਆਂ ਦੀ ਸ਼ਿਕਾਰ ਹੋ ਗਈ ਸੀ, ਇਥੋਂ ਤੱਕ ਕਿ ਲੜਕੀਆਂ ਵੀ ਨਸ਼ੇ ਕਰਨ ਲੱਗ ਪਈਆਂ ਸੀ। ਕੁੜੀਆਂ ਦੀ ਸਿੱਖਿਆ 27% ਸ਼ਰਤ ਸੀ। ਮੈਨੂੰ ਇਸ ਗੱਲ ਨੇ ਪ੍ਰਭਾਵਿਤ ਕੀਤਾ ਕਿ ਅੱਜ ਉਥੇ ਲੜਕੀਆਂ ਦਾ ਲਿਟਰੇਸੀ ਰੇਟ 99% ਤੱਕ ਹੋ ਗਿਆ ਹੈ ਅਤੇ ਇਸਲਾਮਿਕ ਰੈਵੋਲੂਸ਼ਨ ਉਪਰੰਤ ਉਨ੍ਹਾਂ ਨੇ ਪਿੰਡਾਂ ਵਿਚ ਵੀ ਸਿੱਖਿਆ ਦੇ ਪੁਖਤਾ ਪ੍ਰਬੰਧ ਕੀਤੇ। ਅੱਜ ਈਰਾਨੀ ਕੁੜੀਆਂ ਡਾਕਟਰ, ਇੰਜਨੀਅਰ, ਵਕੀਲ, ਪ੍ਰੋਫੈਸਰ ਤੱਕ ਹਨ। ਹਰਜੀਤ ਦਿਉਲ ਨੇ ਜਿਨ੍ਹਾਂ ਬੀਬੀਆਂ ਦੀ ਗੱਲ ਕੀਤੀ ਹੈ ਉਹ ਵੀ ਵਿੱਦਿਆ ਕਾਰਨ ਹੀ ਆਪਣੇ ਲੋਕਾਂ ਲਈ ਆਵਾਜ਼ ਉਠਾ ਸਕੀਆਂ ਹਨ ਅਤੇ ਨੋਬੇਲ ਪੁਰਸਕਾਰ ਦੀਆਂ ਹੱਕਦਾਰ ਬਣੀਆਂ ਹਨ। ਈਰਾਨ ਬਾਰੇ ਸੋਸ਼ਲ ਮੀਡੀਆ 'ਤੇ ਅਨੇਕਾਂ ਵੀਡੀਓਜ਼ ਮਿਲ ਜਾਂਦੀਆਂ ਹਨ ਜੋ ਕਿਸੇ ਈਰਾਨੀ ਨੇ ਨਹੀਂ ਬਲਕਿ ਗੋਰੇ, ਭਾਰਤੀ ਜਾਂ ਪਾਕਿਸਤਾਨੀ ਯਾਤਰੀਆਂ ਵੱਲੋਂ ਪਾਈਆਂ ਮਿਲਦੀਆਂ ਹਨ; ਜਿਨ੍ਹਾਂ ਵਿਚ ਦੇਖਿਆ ਜਾ ਸਕਦਾ ਹੈ ਕਿ ਈਰਾਨੀ ਔਰਤਾਂ ਦੁਕਾਨਾਂ ਕਰਦੀਆਂ ਹਨ, ਖੁੱਲ੍ਹੀਆਂ ਮੰਡੀਆਂ ਵਿਚ ਸਮਾਨ ਵੇਚਣ ਲਈ ਆਪਣੇ ਸਟਾਲ ਲਾਉਂਦੀਆਂ ਹਨ, ਪਬਲਿਕ ਟਰਾਂਸਪੋਰਟ ਵਿਚ ਆਮ ਬੇਝਿਜਕ ਸਫ਼ਰ ਕਰਦੀਆਂ ਹਨ। ਜਦੋਂ ਜਦੋਂ ਵੀ ਕਦੀ ਰੋਸ ਕਰ ਰਹੀ ਜਨਤਾ ਨਾਲ ਧੱਕਾ ਹੋਇਆ ਹੈ, ਇਸ 'ਤੇ ਗੱਲਬਾਤ ਕਰਦੀ ਰਹੀ ਹਾਂ। ਜਨਵਰੀ ਵਿਚਲੀਆਂ ਘਟਨਾਵਾਂ 'ਤੇ ਵੀ ਕੀਤੀ ਸੀ। ਹਿਜਾਬ ਕਰਕੇ ਜਿਸ ਬੀਬੀ ਨੂੰ ਜਾਨ ਦੇਣੀ ਪਈ ਮੈਂ ਹਰਜੀਤ ਗਿੱਲ ਨਾਲ ਟੀ ਵੀ ਸ਼ੋਅ ਵਿਚ ਗੱਲ ਕੀਤੀ ਹੈ। ਈਰਾਨ ਦੀਆਂ ਜੇਲ੍ਹਾਂ ਵਿਚ ਕੀ ਹੁੰਦਾ ਹੈ? ਇਸ 'ਤੇ ਮੈਂ ਕਈ ਸਾਲ ਪਹਿਲਾਂ ਰੋਕਸਾਨਾ ਸਾਬਰੀ ਦੀ ਲਿਖੀ ਪੁਸਤਕ 'ਬਿਟਵੀਨ ਟੂ ਵਰਲਡਜ਼: ਮਾਈ ਲਾਈਫ ਐਂਡ ਕੈਪਟਿਵਿਟੀ ਇਨ ਈਰਾਨ' ਪੜ੍ਹੀ ਸੀ ਜਿਸ ਨੂੰ ਪੜ੍ਹ ਕੇ ਮੈਂ ਅੰਦਰੋਂ ਹਿੱਲ ਗਈ ਸੀ। ਰੋਕਸਾਨਾ ਸਾਬਰੀ ਅਮਰੀਕਾ ਦੇ ਨਿਊ ਜਰਸੀ ਦੀ ਜੰਮਪਲ ਹੈ ਜਿਸ ਦਾ ਬਾਪ ਰਜ਼ਾ (ਰੇਜ਼ਾ) ਸਾਬਰੀ ਈਰਾਨੀ ਮੂਲ ਦਾ ਅਮਰੀਕਨ ਹੈ ਅਤੇ ਮਾਂ ਅਕੀਕੋ ਸਾਬਰੀ ਜਪਾਨੀ ਮੂਲ ਦੀ ਇਮੀਗਰਾਂਟ ਹੈ। ਰੋਕਸਾਨਾ ਸਾਬਰੀ ਪੱਤਰਕਾਰ ਦੇ ਤੌਰ 'ਤੇ ਕੰਮ ਕਰਦੀ ਸੀ ਅਤੇ ਆਪਣੇ ਪਿਤਾ ਦੀ ਜਨਮਭੂਮੀ ਦੇਖਣ ਈਰਾਨ ਆਈ ਸੀ। ਉਸ ਨੂੰ ਜਾਸੂਸੀ ਦੇ ਇਲਜ਼ਾਮਾਂ ਤਹਿਤ ਈਰਾਨ ਦੀ ਏਵਨ ਜੇਲ੍ਹ ਵਿਚ 2009 ਵਿਚ 101 ਦਿਨ ਰਹਿਣਾ ਪਿਆ ਸੀ। ਮੈਂ ਸੀਰੀਆ ਦੀ ਜੰਮਪਲ, ਪੇਸ਼ੇ ਵਜੋਂ ਡਾਕਟਰ ਵਫ਼ਾ ਸੁਲਤਾਨ ਦੀ ਸੀਰੀਆ ਦੇ ਵਿਗੜੇ ਹਾਲਾਤਾਂ




ਅਤੇ ਧਾਰਮਿਕ ਕੱਟੜਤਾ, ਇਸਤ੍ਰੀਆਂ ਪ੍ਰਤੀ ਰਵੱਈਏ ਬਾਰੇ ਕਿਤਾਬ 'ਗੌਡ ਦੈਟ ਹੇਟਸ' ਵੀ ਪੜ੍ਹੀ ਹੈ।

ਗੁਰੂ ਦੀ ਸਿੱਖਿਆ 'ਤੇ ਚੱਲਦਿਆਂ, ਜਿਥੇ ਵੀ ਕਿਧਰੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ ਮੈਂ ਵਸ ਲਗਦਿਆਂ ਉਸ 'ਤੇ ਧਿਆਨ ਜ਼ਰੂਰ ਦਿੰਦੀ ਹਾਂ। ਬਲੋਚਿਸਤਾਨ ਦੀ ਸਮੱਸਿਆ ਅਤੇ ਵਿਦਿਆਰਥੀ ਕਾਰਕੁਨ ਕਰੀਮਾ ਬਲੋਚ 'ਤੇ ਮੇਰੇ ਲੇਖ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਪੜ੍ਹੇ ਹੋਣਗੇ। ਈਰਾਨ ਵਿਚ ਜਾਂ ਕਿਧਰੇ ਵੀ ਆਪਣੇ ਹੱਕਾਂ ਲਈ ਲੜ ਰਹੇ ਲੋਕਾਂ 'ਤੇ ਡਾਂਗਾਂ ਜਾਂ ਗੋਲੀਆਂ ਵਰਾਈਆਂ ਜਾਂਦੀਆਂ ਹਨ, ਉਸ ਦੀ ਨਿੰਦਾ ਕਰਨੀ ਬਣਦੀ ਹੈ, ਉਹ ਕਿਸੇ ਤਰ੍ਹਾਂ ਵੀ ਮੁਆਫ ਕਰਨਯੋਗ ਨਹੀਂ ਹੈ। ਰੋਸ-ਪ੍ਰਦਰਸ਼ਨ ਕਰ ਰਹੇ ਲੋਕਾਂ ਨਾਲ ਇਹ ਵਤੀਰਾ ਵੱਡੀਆਂ ਧਰਮ-ਨਿਰਪੱਖ (ਸੈਕੂਲਰ) ਅਤੇ ਲੋਕਰਾਜ (ਡੈਮੋਕਰੇਸੀ) ਦੀਆਂ ਡੀਂਗਾਂ ਮਾਰਨ ਵਾਲੀਆਂ ਸਰਕਾਰਾਂ ਵੀ ਕਰਦੀਆਂ ਹਨ। ਅਮਰੀਕਾ ਵਿਚ ਪਿੱਛੇ ਜਿਹੇ ਮਿਨੀਐਪੋਲਿਸ ਅਤੇ ਹੋਰ ਸ਼ਹਿਰਾਂ ਵਿਚ ਰੋਸ ਪਰਗਟ ਕਰ ਰਹੀ ਜਨਤਾ ਨਾਲ ਇਹੋ ਕੁੱਝ ਵਾਪਰਦਾ ਸਭ ਨੇ ਦੇਖਿਆ ਹੈ। ਤਿੰਨ ਬੱਚਿਆਂ ਦੀ ਮਾਂ ਨੂੰ ਪੁਲਿਸ ਨੇ ਗੋਲੀਆਂ ਨਾਲ ਭੁੰਨ ਦਿੱਤਾ। ਪਿਛਲੇ ਸਾਲ ਫਰਵਰੀ ਮਹੀਨੇ ਮੈਂ ਪੰਜਾਬ ਗਈ ਸੀ, ਅਮਰੀਕਾ ਦੀ ਸਰਕਾਰ ਵੱਲੋਂ ਜਿਸ ਤਰ੍ਹਾਂ ਹੱਥਕੜੀਆਂ ਅਤੇ ਬੇੜੀਆਂ ਲਾ ਕੇ ਲੋਕਾਂ ਨੂੰ ਅੰਮ੍ਰਿਤਸਰ ਏਅਰਪੋਰਟ 'ਤੇ ਉਤਾਰਿਆ ਗਿਆ ਦੇਖ ਕੇ ਮਨ ਲਾਹਣਤਾਂ ਪਾਉਂਦਾ ਸੀ, ਭਾਰਤੀ ਸਰਕਾਰ ਨੇ ਇਸ 'ਤੇ ਆਪਣਾ ਕੋਈ ਰੀਐਕਸ਼ਨ ਦਰਜ ਨਹੀਂ ਕਰਵਾਇਆ। ਲੋਕਾਂ ਨਾਲ ਪਸ਼ੂਆਂ ਵਾਲਾ ਵਰਤਾਉ ਕੀਤਾ ਗਿਆ। ਕੀ ਉਨ੍ਹਾਂ ਉਡਦੇ ਜਹਾਜ਼ ਵਿਚੋਂ ਦੌੜ ਜਾਣਾ ਸੀ? 'ਬਲੈਕ ਲਾਈਵਜ਼ ਮੈਟਰ' ਦੇ ਪ੍ਰਦਰਸ਼ਨਕਾਰੀਆਂ ਨਾਲ ਜੋ ਕੁੱਝ ਵਾਪਰਿਐ ਉਹ ਵੀ ਦੇਖਿਆ ਹੈ। ਅਮਰੀਕਾ ਸੋ ਕਾਲਡ ਡੈਮੋਕਰੈਟਿਕ ਅਤੇ ਹਿਊਮਨ ਰਾਈਟਸ ਦਾ ਮੁਦਈ ਸੈਕੂਲੇਰਿਜ਼ਮ ਦੀ ਆੜ ਹੇਠਾਂ ਮੁਸਲਮਾਨਾਂ ਪ੍ਰਤੀ ਬੇਹੱਦ ਨਫ਼ਰਤ ਦਾ ਪ੍ਰਚਾਰ ਕਰਦਾ ਹੈ। 2003 ਦੀ ਗੱਲ ਹੈ ਮੈਂ ਭਾਰਤ, ਦਿੱਲੀਓਂ ਐਸਪੇਨੋਲਾ, ਨਿਊ ਮੈਕਸੀਕੋ ਜਾਣਾ ਸੀ। ਅਮਰੀਕਾ ਵੱਲੋਂ ਐਮਸਟਰਡਮ ਏਅਰਪੋਰਟ 'ਤੇ ਹੀ ਇੰਮੀਗਰੇਸ਼ਨ ਚੈੱਕ ਕੀਤੀ ਜਾ ਰਹੀ ਸੀ। ਮੇਰੇ ਕੋਲੋਂ ਅਮਰੀਕਾ ਜਾਣ ਦਾ ਮਕਸਦ ਅਤੇ ਕੀ ਕੀ ਸਮਾਨ ਹੈ ਸਿਰਫ਼ ਇਹੀ ਪੁੱਛਿਆ ਗਿਆ, ਕੋਈ ਫੋਲਾ-ਫਾਲੀ ਨਹੀਂ ਕੀਤੀ ਅਤੇ ਉਸ 'ਤੇ ਵੀ ਅਫ਼ਸਰ ਨੇ 'ਸੌਰੀ' ਕਿਹਾ; ਪ੍ਰੰਤੂ ਮੇਰੇ ਅੱਗੇ ਜੋ ਮੁਸਲਮਾਨ ਬੰਦਾ ਸੀ ਉਸ ਦੇ ਹੈਂਡ ਬੈਗ ਦੀ ਲੀਰ-ਲੀਰ ਫੋਲੀ ਗਈ। ਭਾਰਤ ਜਿਸ ਨੂੰ ਦੁਨੀਆਂ ਦੀ 'ਲਾਰਜੈਸਟ ਡੈਮੋਕਰੇਸੀ' ਕਿਹਾ ਜਾਂਦਾ ਹੈ ਅਤੇ ਜਿਸ ਦੇ ਸੰਵਿਧਾਨ ਨੂੰ ਸੈਕੂਲਰ ਹੋਣ ਦਾ ਮਾਣ ਪ੍ਰਾਪਤ ਹੈ, ਉਥੇ ਵੀ ਰੋਸ ਦਿਖਾਵਾ ਕਰ ਰਹੇ ਵਿਦਿਆਰਥੀਆਂ, ਕਰਮਚਾਰੀਆਂ ਅਤੇ ਕਿਸਾਨਾਂ 'ਤੇ ਲਾਠੀਚਾਰਜ, ਤਸ਼ੱਦਦ ਅਤੇ ਝੂਠੇ ਪਰਚੇ ਕਰਾਏ ਜਾਂਦੇ ਹਨ, ਬਿਨਾ ਮੁਕੱਦਮਾ ਚਲਾਇਆਂ ਜੇਲ੍ਹਾਂ ਵਿਚ ਸੁੱਟਿਆ ਜਾਂਦਾ ਹੈ; ਆਦਿਵਾਸੀਆਂ ਲਈ ਜੂਝ ਰਹੇ ਪੱਤਰਕਾਰਾਂ, ਬੁੱਧੀਜੀਵੀਆਂ ਅਤੇ ਸਮਾਜਸੇਵੀ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ। ਲੋਕਾਂ 'ਤੇ ਤਸ਼ੱਦਦ ਕਿਧਰੇ ਵੀ ਹੋਵੇ ਉਹ ਮੁਆਫੀ ਯੋਗ ਨਹੀਂ।

ਪੰਡਤ ਜਵਾਹਰ ਲਾਲ ਨਹਿਰੂ ਦੇ ਕਾਰਜਕਾਲ ਸਮੇਂ ਮੈਂ ਸਕੂਲ ਦੀ ਵਿਦਿਆਰਥਣ ਸੀ; ਮੇਰੇ ਵਰਗੇ ਆਜ਼ਾਦੀ ਵੇਲੇ ਜੰਮਿਆਂ ਦਾ ਜਵਾਹਰ ਲਾਲ ਨਹਿਰੂ ਇੱਕ ਆਈਡੀਅਲ ਸੀ ਜੋ ਅਜਿਹੇ ਗੀਤ ਸਕੂਲਾਂ ਦੀਆਂ ਸਟੇਜਾਂ 'ਤੇ ਆਮ ਸੁਣਦੇ ਸੀ 'ਨਹਿਰੂ ਜੀ ਦਾ ਵੇਲਣਾ ਰੂੰ ਵੇਲੇ ਕਰੇ ਤਰੱਕੀ।' ਪੰਡਤ ਨਹਿਰੂ ਨੇ ਆਜ਼ਾਦ ਭਾਰਤ ਦੀ ਨਵ-ਉਸਾਰੀ ਲਈ ਹਰ ਤਰ੍ਹਾਂ ਦਾ ਇਨਫਰਾਸਟਰੱਕਚਰ ਖੜ੍ਹਾ ਕੀਤਾ- ਵਿਦਿਅਕ ਸੰਸਥਾਵਾਂ ਜਿਵੇਂ ਯੂਨੀਵਰਸਿਟੀਆਂ, ਟੈਕਨੀਕਲ ਅਤੇ ਮੈਡੀਕਲ ਇਸਟੀਚਿਊਟਸ, ਇੰਡਸਟਰੀ, ਡੈਮਜ਼ ਆਦਿ ਬਣਾਏ ਜੋ ਨਿਕੰਮੀ ਸਰਕਾਰ ਨੇ ਵੇਚ ਦਿੱਤੀਆਂ। ਡਾਕਟਰ ਮਨਮੋਹਣ ਸਿੰਘ ਨੇ ਭਾਰਤ ਦੀ ਡੁੱਬ ਚੁੱਕੀ ਅਰਥ-ਵਿਵਸਥਾ ਨੂੰ ਮੁੜ ਪੈਰਾਂ ਸਿਰ ਕੀਤਾ ਅਤੇ ਅਮਰੀਕਾ ਨਾਲ ਆਪਣੀਆਂ ਸ਼ਰਤਾਂ 'ਤੇ ਸਮਝੌਤੇ ਕੀਤੇ। ਉਨ੍ਹਾਂ ਨੇ ਪੰਜਾਬ ਦੀ ਤਰੱਕੀ ਲਈ ਜੋ ਵੀ ਪੈਸਾ ਦਿੱਤਾ ਨਿਕੰਮੀ ਅਕਾਲੀ ਸਰਕਾਰ ਨੇ ਉਹ ਪੰਜਾਬ ਦੀ ਭਲਾਈ ਦੀ ਥਾਂ ਕਿਧਰੇ ਹੋਰ ਖਰਚ ਕਰ ਦਿੱਤਾ। ਡਾਕਟਰ ਅਬਦੁਲ ਕਲਾਮ ਬਹੁਤ ਹੀ ਸਤਿਕਾਰ ਯੋਗ ਹਸਤੀ, ਸਾਇੰਸਦਾਨ ਅਤੇ ਰਾਹ-ਦਰਸਾਵਾ ਸਨ। ਇਨ੍ਹਾਂ ਸ਼ਖਸੀਅਤਾਂ ਪ੍ਰਤੀ ਮੇਰੇ ਮਨ ਵਿਚ ਬਹੁਤ ਹੀ ਸਤਿਕਾਰ ਹੈ। ਇਸ ਵੇਲੇ ਮਸਲਾ ਈਰਾਨ ਦੀ ਹੋਂਦ ਦਾ ਹੈ, ਜਿਸ ਲਈ ਸਾਰੇ ਈਰਾਨੀ, ਉਹ ਵੀ ਜੋ ਰੋਸ ਦਿਖਾਵੇ ਕਰਦੇ ਰਹੇ ਹਨ, ਇੱਕਜੁੱਟ ਹਨ। ਈਰਾਨ ਨੇ ਸੋਚਿਆ ਹੋ ਸਕਦਾ ਹੈ ਇਜ਼ਰਾਈਲ ਦੀ ਹੋਂਦ ਨੂੰ ਮਿਟਾਉਣ ਬਾਰੇ ਪ੍ਰੰਤੂ ਈਰਾਨ ਨੇ ਕਦੀ ਵੀ ਇਜ਼ਰਾਈਲ 'ਤੇ ਪਹਿਲਾਂ ਹਮਲਾ ਨਹੀਂ ਕੀਤਾ। ਇਸ ਦੇ ਉਲਟ ਹਮਲਾਵਰ ਇਜ਼ਰਾਈਲ ਦਾ ਸੁਪਰੀਮੋ ਫ਼ਲਸਤੀਨ ਦੇ ਨਾਲ-ਨਾਲ ਅਰਬ ਮੁਲਕਾਂ 'ਤੇ ਵੀ ਕਬਜ਼ਾ ਕਰਨਾ, ਉਨ੍ਹਾਂ ਦੀ ਹੋਂਦ ਹੀ ਖਤਮ ਕਰਨੀ ਚਾਹੁੰਦਾ ਹੈ।

ਪੰਜਾਬ ਕਰਜ਼ੇ ਦੀ ਮਾਰ ਹੇਠਾਂ ਗਲ-ਗਲ ਧਸਿਆ ਪਿਆ ਹੈ, ਬੇਰੁਜ਼ਗਾਰੀ ਹੱਦਾਂ ਟੱਪ ਗਈ ਹੈ, ਨਸ਼ਿਆਂ ਅਤੇ ਗੈਂਗ ਕਲਚਰ ਨੇ ਪੰਜਾਬ ਨੂੰ ਪਤਾਲ ਵਿਚ ਧੱਕ ਦਿੱਤਾ ਹੈ। ਸਰਕਾਰੀ ਸੰਸਥਾਵਾਂ, ਸਿਹਤ, ਵਿੱਦਿਆ ਸਭ ਮੂਧੇ ਮੂੰਹ ਹਨ। ਪੰਜਾਬ ਨੂੰ ਬਿਲਕੁਲ ਅਲੀ ਲਾਰੀਜਾਨੀ ਵਰਗਾ ਦ੍ਰਿੜ ਇਰਾਦੇ ਵਾਲਾ ਨੇਤਾ ਚਾਹੀਦਾ ਹੈ ਜੋ ਉਸ ਦੀ ਪਤਨੀ ਮੁਤਾਬਕ ਬਹੁਤ ਹੀ ਹਲੀਮ ਸ਼ਖਸ, ਮੁਲਕ ਪ੍ਰਤੀ ਸੁਹਿਰਦ, ਈਮਾਨਦਾਰ ਅਤੇ ਸਰਕਾਰੀ ਪੈਸਾ ਨਾ ਖਾਣ ਵਾਲਾ ਸੀ; ਅਜਿਹਾ ਨੇਤਾ ਜੋ ਸਖ਼ਤ ਮਿਜਾਜ਼ ਬੇਸ਼ੱਕ ਹੋਵੇ ਪਰ ਸਿਰਫ਼ ਪੰਜਾਬ ਬਾਰੇ ਸੋਚੇ ਜਿਵੇਂ ਅਲੀ ਲਾਰੀਜਾਨੀ ਈਰਾਨ ਬਾਰੇ ਸੋਚਦਾ ਸੀ ਅਤੇ ਜਿਸ ਦੇ ਗੁਣਾਂ ਦਾ ਗਾਇਨ ਜੋਇ ਕੈਂਟ ਵਾਂਗ ਦੁਸ਼ਮਣ ਖੇਮੇ ਵਿਚ ਬੈਠੇ ਬਦੇਸ਼ੀ ਵੀ ਕਰਨ। ਅਮਰੀਕਾ ਨੇ ਅਲੀ ਲਾਰੀਜਾਨੀ ਦੀ ਡਾਕਟਰ ਧੀ ਨੂੰ ਤਾਂ ਬਰਖ਼ਾਸਤ ਕਰ ਦਿੱਤਾ ਪ੍ਰੰਤੂ ਨੇਤਨਯਾਹੂ ਨੂੰ ਮਨੁੱਖੀ ਘਾਣ ਬਦਲੇ ਕੋਈ ਸਜ਼ਾ ਦੇਣ ਦੀ ਥਾਂ ਉਸ ਦੀ ਲਗਾਤਾਰ ਹਥਿਆਰਾਂ ਸਮੇਤ ਕਿਉਂ ਮਦਦ ਕੀਤੀ ਜਾ ਰਹੀ ਹੈ? ਕੋਈ ਜੋ ਵੀ ਲਿਖਦਾ ਹੈ ਉਸ ਦਾ ਜਵਾਬ ਵੀ ਉਸੇ ਨੂੰ ਦੇਣਾ ਬਣਦਾ ਹੈ; ਪ੍ਰੰਤੂ ਜਿੰਨਾ ਕੁ ਮੈਂ ਬੂਟਾ ਸਿੰਘ ਮਹਿਮੂਦਪੁਰ ਨੂੰ ਪੜ੍ਹਿਆ ਹੈ, ਮੈਨੂੰ ਜਾਪਦਾ ਹੈ ਕਿ ਜਿੰਨਾ ਉਸ ਨੇ 'ਅੰਦਰੂਨੀ ਸੰਗਤਿ' ਲਈ ਅਰਥਾਤ ਬਸਤਰ ਅਤੇ ਹੋਰ ਇਲਾਕਿਆਂ ਦੇ ਆਦਿਵਾਸੀਆਂ 'ਤੇ ਹੋ ਰਹੇ ਜ਼ੁਲਮ, ਕਸ਼ਮੀਰੀਆਂ ਨਾਲ ਹੋ ਰਹੇ ਧੱਕੇ ਜਾਂ ਤਸ਼ੱਦਦ ਦਾ ਸ਼ਿਕਾਰ ਹੋ ਰਹੇ ਭਾਰਤੀਆਂ ਦੇ ਹੱਕ ਵਿਚ ਲਿਖਿਆ ਹੈ ਉਹ ਸ਼ਾਇਦ ਹੀ ਕਿਸੇ ਹੋਰ ਨੇ ਲਿਖਿਆ ਹੋਵੇ। ਅਜਮੇਰ ਸਿੰਘ ਨੂੰ ਬਹੁਤ ਨੇੜਿਓਂ ਜਾਣਦੀ ਹੋਣ 'ਤੇ ਵੀ ਮੈਂ ਉਸ ਦੀ ਵਿਚਾਰਧਾਰਾ ਨਾਲ ਬਿਲਕੁਲ ਸਹਿਮਤ ਨਹੀਂ ਹਾਂ, ਪ੍ਰੰਤੂ ਕੀ ਜਜ਼ਬੇ ਤੋਂ ਬਿਨਾਂ ਲੜਿਆ ਜਾ ਸਕਦਾ ਹੈ? ਅੱਜ ਈਰਾਨ ਦੇ ਲੋਕ ਇਕਜੁੱਟ ਹੋ ਕੇ ਲੜ ਰਹੇ ਹਨ ਇਹ ਜਜ਼ਬਾ ਹੀ ਤਾਂ ਹੈ। ਹਰ ਇੱਕ ਦੀ ਆਪੋ-ਆਪਣੀ ਸੋਚ ਹੈ ਪ੍ਰੰਤੂ ਹਰ ਬੰਦੇ ਨੂੰ ਪਹਿਲਾਂ ਆਪਣੇ ਈਥੋਸ, ਆਪਣੇ ਪਿਛੋਕੜ, ਆਪਣੇ ਇਤਿਹਾਸ ਅਤੇ ਸਭਿਆਚਾਰ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

## ਕਾਵਿ-ਕਿਆਰੀ

### ਫੱਕਰ ਸੋਚ

ਰੁੱਤ ਫਿਰੀ ਬਣ ਕੰਬਿਆ, ਸੋਚੇ ਬੈਠ ਫ਼ਕੀਰ,
ਬਹੁਤੀ ਬੀਤੀ ਥੋੜ੍ਹੀ ਬਚੀ, ਹੋਏ ਮਨ ਅਧੀਰ।

ਦੁੱਖ ਸੁੱਖ ਵਾਂਗਰਾਂ ਕੱਪੜੇ, ਲੇਖ ਮੱਥੇ ਲਕੀਰ,
ਨਿੰਦਾ ਚੁਗ਼ਲੀ ਛੱਡ ਦੇਹ, ਸੋਚ ਰੱਖ ਗੰਭੀਰ।

ਵੱਢ ਵੱਢ ਰੂਹ ਨੂੰ ਖਾ ਰਹੇ, ਮੰਦੇ ਕੰਮ ਗਹੀਰ, *
ਗੁਨਾਹਾਂ ਦਾ ਸਿਰ ਟੋਕਰਾ, ਲੇਖੇ ਕਰੇ ਵਜ਼ੀਰ।

ਮੋਹ ਮਮਤਾ ਦੇ ਸੰਗ ਛੱਡ, ਅੱਗੇ ਘੱਤ ਵਹੀਰ,
ਛੱਡ ਦੇਹ ਚਿੰਤਾ ਨੂੰ ਪਰ੍ਹਾਂ, ਖ਼ਾਕ ਕਰੇ ਸਰੀਰ।

ਰੰਗਲੀ ਦੁਨੀਆਂ ਸੁਪਨਾ, ਕੰਡੇ ਜੰਡ ਕਰੀਰ,
ਪਾਕ ਸਾਫ਼ ਰੱਖ ਦਿਲ ਨੂੰ, ਫ਼ਲ ਫੁੱਲ ਜ਼ਹੀਰ।**
ਸਾਰੀ ਹਿਯਾਤੀ ਦਾ ਲੇਖਾ, ਕਰੂ ਯੱਮ ਅਖੀਰ,
ਅਮਲ ਨਿਬੇੜਾ ਕਰਨਗੇ, ਦੋਵੇਂ ਰੰਕ-ਅਮੀਰ।

**(*ਗਹੀਰ - ਪਾਥੀਆਂ ਦਾ ਗਹੀਰਾ ਜਾਂ ਗੁਹਾੜੀ**
**** ਜ਼ਹੀਰ - ਫੁੱਲ ਦਾ ਖਿੜਨਾ)**

***-ਸੇਵਾ ਸਿੰਘ 'ਨੂਰਪੁਰੀ'***
***ਫ਼ੋਨ+1408 912 3438***

---

### ਮੇਰਾ ਪਿੰਡ

ਕਿਤੇ ਸ਼ਹਿਰ ਵਸੇਂਦੀ ਕੁੜੀਏ ਨੀਂ,
ਮੇਰੇ ਪਿੰਡ ਦਾ ਗੇੜਾ ਲਾ ਜਾਵੀਂ।
ਮੇਰੇ ਪਿੰਡ ਫਰਿਸ਼ਤੇ ਵੱਸਦੇ ਨੇ,
ਇੱਕ ਵਾਰੀ ਦਰਸ਼ਨ ਪਾ ਜਾਵੀਂ।

ਮੇਰੇ ਪਿੰਡ ਦੇ ਲੋਕਾਂ ਦਾ ਗੂੜ੍ਹਾ,
ਆਪਸ ਵਿਚ ਭਾਈਚਾਰਾ ਏ।
ਲਹਿੰਦੇ ਵੱਲ੍ਹ ਇੱਕ ਮਸੀਤ ਬਣੀ,
ਚੜ੍ਹਦੇ ਵੱਲ੍ਹ ਗੁਰੂਦੁਆਰਾ ਏ।
ਸਾਰੇ ਤੇਰੇ ਦੁੱਖ ਟੁੱਟ ਜਾਣੇ,
ਇੱਕ ਵਾਰੀ ਸੀਸ ਨਿਵਾ ਜਾਵੀਂ।
ਕਿਤੇ ਸ਼ਹਿਰ...।

ਕਿਤੇ ਸੌਣ ਮਹੀਨੇ ਆ ਵੇਖੀਂ,
ਕਿੰਝ ਪਿੰਡ ਵਿਚ ਤੀਆਂ ਲੱਗਦੀਆਂ ਨੇ।
ਪਿੱਪਲਾਂ 'ਤੇ ਪੀਂਘਾਂ ਪੈਂਦੀਆਂ ਨੇ,
ਜਦ ਮਹਿਕੀਆਂ ਵਾਵ੍ਹਾਂ ਵਗਦੀਆਂ ਨੇ।
ਤੂੰ ਵੀ ਮਿਲ ਕੇ ਸੰਗ ਉਨ੍ਹਾਂ ਦੇ,
ਅੰਬਰਾਂ ਤੱਕ ਪੀਂਘ ਚੜ੍ਹਾ ਜਾਵੀਂ।
ਕਿਤੇ ਸ਼ਹਿਰ...-।

ਤੂੰ ਬਰਗਰ ਪੀਜ਼ਾ ਭੁੱਲ ਜਾਏਂਗੀ,
ਜਦ ਭੁੱਜੀਆਂ ਛੱਲੀਆਂ ਚੱਬੇਂਗੀ।
ਤੂੰ ਮੁੜ-ਮੁੜ ਕੇ ਮੇਰੇ ਪਿੰਡ ਵਰਗੀ,
ਫੇਰ ਐਸ਼ ਪ੍ਰਸਤੀ ਲੱਭੇਂਗੀ।
ਤੂੰ ਪਿੰਡ 'ਮਹਿੰਦ ਪੁਰ' ਵਾਲੇ ਦੇ,
ਸੁੱਖਾਂ ਲਈ ਸੁੱਖ ਮਨਾ ਜਾਵੀਂ।
ਕਿਤੇ ਸ਼ਹਿਰ...।

**-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'**
**ਪੋਰਟਲੈਂਡ,ਓਰੇਗਨ (ਅਮਰੀਕਾ)**
**ਫੋਨ:+13604481989**

# ਕਿਥੇ ਰੱਖ ਲਾਂ ਲੁਕੋ ਕੇ ਤੈਨੂੰ ਕਣਕੇ!

ਪੰਜਾਬ ਦੇਸ਼ ਦਾ ਅੰਨ-ਭੰਡਾਰ ਹੈ। ਇਹ ਕੇਂਦਰੀ ਪੂਲ ਲਈ ਭਾਰੀ ਮਾਤਰਾ 'ਚ ਕਣਕ ਅਤੇ ਚਾਵਲ ਪ੍ਰਦਾਨ ਕਰਦਾ ਹੈ। ਪਰ ਇਸ ਵਾਰ ਬੇਮੌਸਮੀ ਬਾਰਿਸ਼ ਕਾਰਨ ਕਣਕ ਦੀ ਫਸਲ ਨੂੰ ਬੜਾ ਨੁਕਸਾਨ ਹੋਇਆ ਹੈ।

ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵ ਰਾਜ ਸਿੰਘ ਚੌਹਾਨ ਅਨੁਸਾਰ ਬੇਮੌਸਮੀ ਬਰਖਾ ਅਤੇ ਗੜ੍ਹੇਮਾਰੀ ਕਾਰਨ ਦੇਸ਼ ਦੇ ਵੱਖ-ਵੱਖ ਪ੍ਰਾਂਤਾਂ 'ਚ ਕਰੀਬ 249,000 ਹੈਕਟੇਅਰ ਰਬੀ ਫਸਲਾਂ ਪ੍ਰਭਾਵਤ ਹੋਈਆਂ ਹਨ, ਜਿਨ੍ਹਾਂ 'ਚੋਂ ਕਣਕ ਦੀ ਫਸਲ ਸਭ ਤੋਂ ਵੱਧ ਪ੍ਰਭਾਵਤ ਹੋਈ ਹੈ।

ਪੰਜਾਬ 'ਚ ਮਾਰਚ ਦੇ ਅਖੀਰ ਅਤੇ ਅਪ੍ਰੈਲ ਦੇ ਆਰੰਭ 'ਚ ਹੋਈ ਬੇਮੌਸਮੀ ਬਾਰਸ਼, ਗੜ੍ਹੇਮਾਰੀ ਅਤੇ ਝੱਖੜ-ਝੋਲੇ ਕਾਰਨ ਸੂਬਾਈ ਅਨੁਮਾਨ ਅਨੁਸਾਰ ਹੁਣ ਤੀਕ ਕਰੀਬ 1.34 ਲੱਖ ਹੈਕਟੇਅਰ ਕਣਕ ਨੁਕਸਾਨੀ ਗਈ ਹੈ। ਇਹ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਫਸਲ ਦੀ 'ਲੌਜਿੰਗ', ਭਾਵ ਲਿਫਣ, ਮੁੜਨ, ਡਿਗਣ ਤੇ ਵਿਛਣ ਕਾਰਨ ਹੋਇਆ ਹੈ। ਇਸ ਕਾਰਨ ਫਸਲ ਦਾ ਝਾੜ ਘਟ ਜਾਂਦੈ, ਦਾਣੇ ਸੁੰਗੜ ਜਾਂਦੇ ਐ, ਫਸਲ ਦੀ ਵਾਢੀ ਕਰਨ 'ਚ ਮੁਸ਼ਕਿਲ ਆਉਂਦੀ ਹੈ ਅਤੇ ਮਜ਼ਦੂਰੀ ਦੀ ਦਰ ਵਧ ਜਾਂਦੀ ਹੈ। ਸਿੱਟੇ ਵਜੋਂ ਕਿਸਾਨ ਨੂੰ ਨੁਕਸਾਨ ਝੱਲਣਾ ਪੈਂਦਾ ਹੈ। ਫਿਰ ਮੰਡੀ ਵਿਚ ਕਣਕ ਵੇਚਣ ਵੇਲੇ ਵੀ ਕਈ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਵਿਚ ਘੱਟੋ-ਘੱਟ ਖਰੀਦ ਮੁਲ ਦਾ ਨਾ ਮਿਲਣਾ ਅਤੇ ਵਿਕਰੀ 'ਚ ਦੇਰੀ ਸ਼ਾਮਿਲ ਹਨ।

ਉੱਤਰੀ ਭਾਰਤ, ਖਾਸ ਕਰਕੇ ਪੰਜਾਬ, ਵਿਚ ਕਣਕ ਕਿਸਾਨ ਦੀ ਮੁੱਖ ਫਸਲ ਹੈ। ਸੋਨੇ ਰੰਗੇ ਸਿਟਿਆਂ/ਬੱਲੀਆਂ ਵਾਲੀ ਇਸ ਫਸਲ ਨੂੰ ਕਿਸਾਨ ਔਲਾਦ ਵਾਂਗ ਪਾਲਦੈ, ਗਰਮੀ/ ਸਰਦੀ, ਝੱਖੜ-ਝਾਂਜੀ ਸਭ ਝੱਲਦੈ। ਇਸ ਫਸਲ ਉੱਪਰ ਉਸ ਨੇ ਆਪਣੇ ਸਾਰੇ ਸੁਪਨੇ ਬੁਣੇ ਹੁੰਦੇ ਹਨ। ਆੜ੍ਹਤੀਏ/ਬੈਂਕਾਂ ਦੇ ਕਰਜ਼ੇ ਮੋੜਨੇ, ਧੀ-ਧਿਆਣੀ ਦੇ ਹੱਥ ਪੀਲੇ ਕਰਨੇ, ਬੱਚਿਆਂ ਦੀ ਪੜ੍ਹਾਈ-ਲਿਖਾਈ ਦੇ ਖਰਚੇ ਕਰਨੇ, ਘਰ ਚਲਾਉਣ ਲਈ ਸਾਧਨ ਜੁਟਾਉਣੇ, ਆਪਣੇ ਤੇ ਦੂਸਰਿਆਂ ਦੇ ਚੁੱਲ੍ਹੇ ਬਲਦੇ ਰਖਣੇ ਤੇ ਜੇ ਚਾਰ ਪੈਸੇ ਬਚ ਜਾਣ ਤਾਂ ਜ਼ਿੰਦਗੀ ਜੀਣ ਦੇ ਹੋਰ ਚਾਅ ਪੂਰੇ ਕਰਨੇ ਆਦਿ।

ਪਰ ਕਈ ਸਾਲਾਂ ਤੋਂ ਕਣਕ ਪੱਕਣ ਵੇਲੇ ਮੌਸਮ ਬੜਾ ਮੱਛਰਨ ਲਗ ਪਿਐ। ਐਨ ਜਦ ਕਣਕ ਦੀ ਵਾਢੀ ਲਾਗੇ ਆਉਂਦੀ ਐ ਤਾਂ ਬੇਮੌਸਮੇ ਮੀਂਹ ਪੈਣ ਲਗ ਪੈਣਗੇ, ਗੜ੍ਹੇਮਾਰੀ ਹੋਣ ਲੱਗ ਪਊ ਤੇ ਝੱਖੜ ਫਸਲ ਨੂੰ ਝੰਬਣ ਲਗ ਪਊ। ਮੇਰੀ ਮਾਂ ਕਿਹਾ ਕਰਦੀ ਸੀ ਕਿ 'ਪੁੱਤ, ਐਨੀਂ ਦਿਨੀਂ ਤਾਂ ਰੱਬ ਸੋਨੇ ਦੀ ਕਿਣੀ ਵੀ ਨਾ ਪਾਵੇ'! ਪਰ ਇਸ ਵਾਰ ਤਾਂ ਮੌਸਮ ਨੇ ਬੜੀਆਂ ਮਸ਼ਕਰੀਆਂ ਕੀਤੀਆਂ। ਸੁਣਦੇ ਸਾਂ ਕਿ 'ਚੁੱਪ ਚੁਪੀਤੇ ਚੇਤਰ ਚੜ੍ਹਿਆ' ਪਰ ਐਤਕੀਂ ਤਾਂ ਚੇਤਰ ਨੇ ਬੜਾ ਖੌਰੂ ਪਾਇਐ। ਤੇ ਹੁਣ ਤੀਕ ਪਾਈ ਹੀ ਜਾ ਰਿਹੈ। ਵਿਸਾਖ ਚੜ੍ਹ ਗਿਐ ਪਰ ਮੌਸਮ ਅਜੇ ਵੀ ਮਾੜਾ ਹੀ ਹੈ। ਦੋ-ਚਾਰ ਦਿਨ ਧੁੱਪ ਲਗਣ ਉਪਰੰਤ ਮੀਂਹ, ਹਨੇਰੀ ਅਤੇ ਗੜ੍ਹੇਮਾਰੀ ਕਣਕ ਲਈ ਕਹਿਰ ਬਣ ਕੇ ਆ ਜਾਂਦੇ ਹਨ। ਕਿਸਾਨ ਨੂੰ ਧੁੜਕੂ ਲਗਾ ਰਹਿੰਦੈ। ਉਸ ਦੀ ਨੀਂਦ ਹਰਾਮ ਹੋ ਜਾਂਦੀ ਹੈ।

ਮੇਰੇ ਬਚਪਨ ਅਤੇ ਲੜਕਪਨ ਵੇਲੇ ਵਿਸਾਖੀ ਵਾਲੇ ਦਿਨ ਕਣਕ ਨੂੰ ਧਾਰਮਿਕ ਰਸਮਾਂ ਨਾਲ ਦਾਤੀ ਲਾਈ/ਪਾਈ ਜਾਂਦੀ ਸੀ। ਅਰਦਾਸ ਕਰਕੇ, ਪ੍ਰਸ਼ਾਦ ਚੜ੍ਹਾ ਕੇ, ਰੱਬ ਨੂੰ ਧਿਆ ਕੇ ਕਣਕ ਦੀ ਵਾਢੀ ਸ਼ੁਰੂ ਕੀਤੀ ਜਾਂਦੀ ਸੀ। ਕਿਸਾਨ-ਮਜ਼ਦੂਰ ਕਈ-ਕਈ ਦਿਨ ਹੱਥੀਂ ਵਾਢੀ ਕਰਦੇ ਸਨ। ਉਦੋਂ ਕਣਕ ਬਲਦਾਂ-ਫਲਿਆਂ ਨਾਲ ਗਾਹੀ ਜਾਂਦੀ ਸੀ। ਕਣਕ ਦੀ ਬੀਜਾਈ, ਕਟਾਈ, ਗਹਾਈ ਅਤੇ ਸਫਾਈ (ਦਾਣਿਆਂ ਨੂੰ ਤੂੜੀ ਨਾਲੋਂ ਵੱਖ ਕਰਨ ਦੀ ਪ੍ਰਕਿਰਿਆ) ਸਭ ਹੱਥੀਂ ਕੀਤੀਆਂ ਜਾਂਦੀਆਂ ਸਨ। ਮਸ਼ੀਨੀ ਯੁਗ ਅਜੇ ਨੀਂ ਸੀ ਆਇਆ। ਔਰਤਾਂ ਵੀ ਨਾਲ ਹੱਥ ਵਟਾਉਂਦੀਆਂ ਸਨ। ਇਸੇ ਲਈ ਲੋਕ-ਬੋਲੀ ਹੈ-'ਦਾਤੀ ਨੂੰ ਲਵਾ ਦੇ ਘੁੰਗਰੂ, ਵਾਢੀ ਕਰਾਂਗੀ ਬਰਾਬਰ ਤੇਰੇ'! (ਕੋਈ ਨਖਰੇਲੋ ਨੱਢੀ ਇਹ ਵੀ ਸੁਣਾ ਦਿੰਦੀ ਸੀ-'ਤੇਰੀ ਕਣਕ ਦੀ ਰਾਖੀ ਮੁੰਡਿਆ, ਹੁਣ ਮੈਂ ਨਾ ਬਹਿੰਦੀ'!) ਸਮੂਹਿਕ ਤੇ ਸਾਂਝੀ ਕਿਰਤ ਦੀ ਪਰੰਪਰਾ ਤਹਿਤ ਰਿਸ਼ਤੇਦਾਰਾਂ, ਆਂਢੀਆਂ-ਗੁਆਂਢੀਆਂ, ਸੱਜਣਾਂ-ਮਿੱਤਰਾਂ ਦੀ ਮਦਦ ਵੀ ਲਈ ਜਾਂਦੀ ਸੀ। ਇਸ ਨੂੰ 'ਆਵਤ ਸੱਦਣੀ/ਆਵਤੇ ਜਾਣਾ' ਆਖਿਆ ਜਾਂਦਾ ਸੀ। ਇਸ ਨਾਲ ਜਿਥੇ ਸਾਂਝੀ ਮਿਹਨਤ ਦੇ ਸਿਧਾਂਤ ਨੂੰ ਬਲ ਮਿਲਦਾ ਸੀ ਉਥੇ ਸਾਂਝੀਵਾਲਤਾ ਅਤੇ ਭਾਈਚਾਰਕ ਸਾਂਝ ਵੀ ਮਜ਼ਬੂਤ ਹੁੰਦੀ ਸੀ। ਅਸੀਂ ਆਪ ਆਵਤੇ ਜਾਂਦੇ ਰਹੇ ਹਾਂ। ਸਾਰੀ ਦਿਹਾੜੀ ਮਿਹਨਤ ਤਾਂ ਕਰਨੀ ਪੈਂਦੀ ਸੀ ਪਰ ਆਉ-ਭਗਤ ਵਾਹਵਾ ਹੁੰਦੀ ਸੀ, ਖਾਣ ਲਈ ਸਪੈਸ਼ਲ ਸੁਆਦਲੇ ਪਕਵਾਨ ਪਰੋਸੇ ਜਾਂਦੇ ਸਨ, ਬਸ ਪਾਰਟੀ ਹੀ ਸਮਝੋ!

ਵਿਸਾਖੀ ਖਾਲਸੇ ਦੀ ਸਾਜਨਾ ਦਾ ਸੁਲੱਖਣਾ ਦਿਵਸ ਤਾਂ ਹੈ ਹੀ ਪਰ ਇਹ ਸਾਡੀ ਰਹਿਤਲ ਦਾ ਅਨਿਖੜਵਾਂ ਅੰਗ ਵੀ ਹੈ। ਇਹ ਸਿਰਫ ਧਾਰਮਿਕ ਤਿਉਹਾਰ ਹੀ ਨਹੀਂ ਸਗੋਂ ਸਾਡੇ ਸਮਾਜ, ਸਭਿਆਚਾਰ ਅਤੇ ਸਾਡੀ ਰੂਹ ਦਾ ਅਟੁੱਟ ਹਿੱਸਾ ਹੈ। ਪਰ ਸਾਨੂੰ ਇਹ ਨਹੀਂ ਪਤਾ ਕਿ ਉਹ ਕਿਹੜੀ ਵਾਢੀ ਹੁੰਦੀ ਹੋਊ ਜਿਥੇ ਸੱਚੀਂ-ਮੁੱਚੀਂ ਗਿੱਧੇ-ਭੰਗੜੇ ਪੈਂਦੇ ਹੋਣਗੇ। ਜਿਨ੍ਹਾਂ ਸਮਿਆਂ ਦੀ ਗੱਲ ਕੀਤੀ ਜਾਂਦੀ ਹੈ ਉਨ੍ਹਾਂ ਸਮਿਆਂ ਦੌਰਾਨ ਤਾਂ ਸਾਰਾ ਕੰਮ ਹੱਥੀਂ ਹੋਣ ਕਾਰਨ ਕਿਸਾਨ-ਮਜ਼ਦੂਰ ਨੂੰ ਮਰਨ ਦੀ ਵਿਹਲ ਨਹੀਂ ਸੀ ਹੁੰਦੀ, ਭਲਾ ਉਸ ਨੂੰ ਮੇਲੇ ਜਾਣਾ ਕਿਥੇ ਸੁਝਦਾ ਹੋਊ? ਵੈਸੇ ਵੀ ਜੇ 'ਪੱਲੇ ਨਹੀਂ ਧੇਲਾ, ਕਰਦੀ ਮੇਲਾ ਮੇਲਾ' ਦਾ ਕੀ ਫਾਇਦਾ? ਉਦੋਂ ਪੱਲੇ ਪੈਸਾ ਤਾਂ ਕਣਕ ਦੀ ਵੱਟਕ ਮਗਰੋਂ ਹੀ ਨਸੀਬ ਹੁੰਦਾ ਸੀ। ਪੌਣੀ ਸਦੀ ਦੇ ਆਪਣੇ ਜੀਵਨ 'ਚ ਅਤੇ ਕਿਸਾਨੀ ਨਾਲ ਪਹਿਲਾਂ ਸਿੱਧੇ ਤੇ ਬਾਅਦ 'ਚ ਅਸਿੱਧੇ ਰੂਪ 'ਚ ਜੁੜੇ ਰਹਿਣ ਕਾਰਨ ਅਸੀਂ ਪ੍ਰਤੱਖ-ਦਰਸ਼ੀ ਦੇ ਤੌਰ 'ਤੇ ਪ੍ਰਮਾਣਿਕਤਾ ਨਾਲ ਕਹਿ ਸਕਦੇ ਹਾਂ ਕਿ ਰੱਬ ਅਗੇ ਅਰਦਾਸ ਤੇ ਮੱਥਾ ਟੇਕਣ ਮਗਰੋਂ ਵਾਢੀ ਸ਼ੁਰੂ ਹੋ ਜਾਂਦੀ ਸੀ ਤੇ ਫਿਰ ਚਲ ਸੋ ਚਲ ਰਹਿੰਦੀ ਸੀ। ਉਨ੍ਹਾਂ ਵੇਲਿਆਂ ਦੀ ਤਾਂ ਦੰਦ-ਕਥਾ ਪ੍ਰਚੱਲਿਤ ਹੈ ਕਿ ਵਾਢੀਆਂ ਵੇਲੇ ਕਿਸੇ ਜੱਟ ਦਾ ਬਜ਼ੁਰਗ ਮਰ ਗਿਆ ਤਾਂ ਉਸ ਨੇ ਉਸ ਨੂੰ ਭੜੋਲੇ 'ਚ ਪਾ ਲਿਆ ਸੀ ਤਾਂ ਕਿ ਬਾਅਦ 'ਚ ਵਿਹਲੇ ਹੋ ਕੇ ਉਸ ਦਾ ਸਸਕਾਰ ਕੀਤਾ ਜਾ ਸਕੇ! ਅੰਤ-ਰੁਝੇਵਿਆਂ ਵਾਲੀ ਅਜਿਹੀ ਸੂਰਤ 'ਚ ਭਲਾ ਮੇਲਾ ਕੌਣ ਦੇਖਣ ਜਾਊ? ਹਾਂ, ਕਿਸੇ ਬੀਬੀ ਨੇ ਕੋਈ ਸੁੱਖਣਾ ਸੁੱਖੀ ਹੋਵੇ ਤਾਂ ਕਹਿ ਨਹੀਂ ਸਕਦੇ। ਮੇਲਾ ਤਾਂ ਹੀ ਦੇਖਿਆ ਜਾ ਸਕਦੈ ਜਦ 'ਤੂੜੀ ਤੰਦ ਸਾਂਭ ਹਾੜੀ ਵੇਚ ਵਟ ਕੇ,/ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,/...ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,/ਮਾਰਦਾ ਦਮਾਮੇ ਜੱਟ ਮੇਲੇ ਆ ਗਿਆ'!(ਧਨੀ ਰਾਮ ਚਾਤ੍ਰਿਕ)। ਹਾਂ, ਅੱਜ-



ਕੱਲ੍ਹ ਦੇ ਮਸ਼ੀਨੀ ਦੌਰ ਵਿਚ, ਜਦ ਕਣਕ ਦੀ ਥਰੈਸ਼ਰਾਂ, ਕੰਬਾਈਨਾਂ ਨਾਲ ਵਢਾਈ/ਗਹਾਈ ਨਾਲੋ-ਨਾਲ ਹੀ ਹੋ ਜਾਂਦੀ ਹੈ, ਵਿਸਾਖੀ ਦਾ ਮੇਲਾ ਦੇਖਣਾ ਸੌਖਾ ਹੋ ਗਿਐ। ਉਂਝ ਵੀ ਅੱਜ-ਕੱਲ੍ਹ ਤਾਂ ਬੇਮੌਸਮੇ ਮੀਂਹ/ਗੜ੍ਹੇਮਾਰੀ ਨੇ ਹੀ ਕਣਕ ਦੀ ਕਟਾਈ 'ਚ ਦੇਰ ਕਰ ਦਿਤੀ ਹੈ, ਸੋ ਮੇਲੇ ਜਾਇਆ ਜਾ ਸਕਦੈ।

ਬੇਮੌਸਮੀ ਬਾਰਿਸ਼ ਪਹਿਲਾਂ ਵੀ ਹੁੰਦੀ ਸੀ ਪਰ ਐਤਕੀਂ ਵਧੇਰੇ ਹੀ ਹੋਈ ਹੈ। ਅੱਜ ਤੋਂ 60 ਕੁ ਸਾਲ ਪਹਿਲਾਂ ਸਾਡੇ ਨਾਲ ਬੇਮੌਸਮੀ ਬਾਰਿਸ਼ ਨੇ ਬੜੀ ਕੁੱਤੇ-ਖਾਣੀ ਕੀਤੀ ਸੀ। ਹੱਥੀਂ ਕਟਾਈ-ਗਹਾਈ ਦੇ ਦਿਨ ਸਨ। ਮੇਰੇ ਪਿਤਾ ਜੀ ਤੇ ਮੈਂ ਹਰ ਰੋਜ਼ ਕਣਕ ਦੀਆਂ ਭਰੀਆਂ ਸੁੱਕਣ ਲਈ ਖਿਲਾਰਿਆ ਕਰੀਏ ਪਰ ਹਰ ਰੋਜ਼ ਹੀ ਮੀਂਹ ਪੈ ਜਾਇਆ ਕਰੇ। ਇਹ ਸਿਲਸਿਲਾ ਜੂਨ ਮਹੀਨੇ ਤੀਕ ਚਲਦਾ ਰਿਹਾ। ਪਿੰਡ ਦੇ ਹੋਰ ਸਭ ਕਿਸਾਨਾਂ ਦੀ ਕਣਕ ਵੱਢੀ, ਕੱਢੀ ਅਤੇ ਸਾਂਭੀ ਗਈ ਸੀ ਪਰ ਸਾਡੀ ਖੇਤਾਂ 'ਚ ਹੀ ਪਈ ਸੀ। ਅਸੀਂ ਅੱਕ ਗਏ ਭਰੀਆਂ ਸੁਕਾਉਣ ਲਈ ਖੋਲ੍ਹਦੇ ਅਤੇ ਫਿਰ ਬੰਨ੍ਹਦੇ। ਪਿਤਾ ਜੀ (ਜਿਨ੍ਹਾਂ ਨੂੰ ਅਸੀਂ ਭਾਪਾ ਸਦਦੇ ਸਾਂ) ਵਿਚਾਰ ਕਰਨ ਲਗ ਪਏ ਕਿ ਜਿੰਨੀਆਂ ਕੁ ਭਰੀਆਂ ਕੋਠਿਆਂ 'ਚ ਰਖੀਆਂ ਜਾ ਸਕਦੀਆਂ ਹਨ ਰਖ ਲਈਆਂ ਜਾਣ ਬਾਕੀ ਖੇਤਾਂ 'ਚ ਹੀ ਪਈਆਂ ਰਹਿਣ ਦਿਤੀਆਂ ਜਾਣ (ਉਨ੍ਹੀਂ ਦਿਨੀਂ ਕਣਕ ਦਾ ਝਾੜ ਵੀ ਥੋੜ੍ਹਾ ਹੀ ਹੁੰਦਾ ਸੀ)। ਪਿੰਡ ਵਾਲੇ ਵੀ ਚਿੰਤਾ ਕਰਨ ਲਗ ਪਏ ਕਿ 'ਸਰਪੰਚ ਪ੍ਰੀਤਮ ਸਿੰਘ' (ਮੇਰੇ ਪਿਤਾ ਜੀ ਪਿੰਡ ਗੰਢਵਾਂ (ਫਗਵਾੜਾ) ਦੇ ਬਾਨੀ ਸਰਪੰਚ ਸਨ) ਦੀ ਕਣਕ ਤਾਂ ਗਹਾਈ ਤੋਂ ਰਹਿ ਗਈ, ਇਸ ਲਈ ਸਾਂਝਾ ਉਪਰਾਲਾ ਕਰਕੇ ਟੱਬਰ ਲਈ ਕਣਕ ਪਹੁੰਚਾਈ ਜਾਵੇ। ਅਜੇ ਇਹ ਸਲਾਹਾਂ ਹੋ ਹੀ ਰਹੀਆਂ ਸਨ ਕਿ ਦੋ-ਚਾਰ ਦਿਨ ਧੁੱਪ ਨਿਕਲਣ ਕਾਰਨ ਜੂਨ ਮਹੀਨੇ ਦੇ ਅਖੀਰ 'ਚ ਕਣਕ ਗਾਹੀ ਗਈ ਤੇ ਕੁਝ ਦਾਣੇ ਘਰ ਆਉਣ ਜੋਗੇ ਹੋ ਗਏ! ਜਾਣੀ ਅਪ੍ਰੈਲ ਦਾ ਅੱਧ ਅਤੇ ਮਈ-ਜੂਨ ਦੇ ਪੂਰੇ ਮਹੀਨੇ ਸਾਡੇ ਸਾਹ ਸੂਤੇ ਰਹੇ!

ਇਥੇ ਫਿਰ ਲਾਲਾ ਧਨੀ ਰਾਮ ਚਾਤ੍ਰਿਕ ਦੀਆਂ ਸਤਰਾਂ ਚੇਤੇ ਆਉਂਦੀਆਂ ਹਨ-

'ਰੱਖ ਲਏ ਰੱਬ ਜੇ ਸੋਕਿਉਂ, ਝੱਖੜੋਂ ਸੁਕਦਾ ਸਾਹ,
ਗੜਿਉਂ, ਅਹਿਣੋਂ, ਕੁੰਗੀਓਂ, ਪੈਂਦਾ ਨਹੀਂ ਵਿਸਾਹ।
ਪੱਕੀ ਖੇਤੀ ਦੇਖ ਕੇ, ਗਰਬ ਕਰੇ ਕਿਰਸਾਣ,
ਵਾਓ, ਝੱਖੜ, ਝੋਲਿਓਂ, ਘਰ ਆਵੇ ਤਾਂ ਜਾਣ'।

ਕਣਕ ਕਿਸਾਨ ਦੀ ਕਿਰਤ ਦੀ ਕੀਰਤੀ ਦਾ ਕ੍ਰਿਸ਼ਮਾ ਹੈ। ਉਸ ਦੀਆਂ ਲੋੜਾਂ, ਖੁਸ਼ੀਆਂ ਪੂਰੀਆਂ ਅਤੇ ਸਧਰਾਂ, ਸੁਪਨਿਆਂ ਨੂੰ ਸਾਕਾਰ ਕਰਨ ਦਾ ਮਾਧਿਅਮ। ਅੱਥਰੇ ਮੌਸਮਾਂ ਦੀ ਮਾਰ ਕਾਰਨ ਕਿਸਾਨ ਦੀ ਮਿਹਨਤ ਨੂੰ ਮਾਰ ਪੈਂਦੀ ਹੈ। ਕਿਸਾਨ ਦੀ ਮਜਬੂਰੀ ਹੀ ਇਹ ਹੈ ਕਿ ਉਹ ਨਾ ਤਾਂ ਅਣਵੱਢੀ ਫਸਲ ਅਤੇ ਨਾ ਹੀ ਵੱਢੀ ਫਸਲ ਨੂੰ ਸਟੋਰ ਕਰ ਸਕਦੈ। ਇਸ ਕਾਰਨ ਉਸ ਦੀ ਜਾਨ ਸੂਲੀ 'ਤੇ ਟੰਗੀ ਰਹਿੰਦੀ ਹੈ। ਖੇਤੀ ਨੂੰ ਟਿਕਾਊ ਬਣਾ ਕੇ, ਫਸਲਾਂ ਦਾ ਨਿਰਧਾਰਤ ਭਾਅ ਯਕੀਨੀ ਕਰਕੇ, ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਨਾਲ ਅਤੇ ਕਿਸਾਨ-ਪ੍ਰਵਾਨਤ ਫਸਲ ਬੀਮਾ ਯੋਜਨਾ ਲਾਗੂ ਕਰਕੇ ਹੀ ਅੰਨਦਾਤੇ ਨੂੰ ਬੇਰਹਿਮ ਮੌਸਮਾਂ ਦੀ ਮਾਰ ਤੋਂ ਬਚਾਇਆ ਜਾ ਸਕਦੈ। ਫਿਰ ਤਾਂ-

'ਪੱਕ ਪਈਆਂ ਕਣਕਾਂ ਲੁਕਾਟ ਰੱਸਿਆ,
ਬੂਰ ਪਿਆ ਅੰਬਾਂ ਨੂੰ ਗੁਲਾਬ ਹੱਸਿਆ'।

ਨਹੀਂ ਤਾਂ-
'ਕਿਥੇ ਰੱਖ ਲਾਂ ਲੁਕੋ ਕੇ ਤੈਨੂੰ ਕਣਕੇ,
ਨੀਂ ਰੁੱਤ ਬੇਈਮਾਨ ਹੋ ਗਈ'!

# ਇੱਕ ਸਾਲ ਦੀ ਸਰਕਾਰ...!

ਜੇ ਤੁਸੀਂ ਇਸ ਗੱਲ 'ਤੇ ਗੰਭੀਰਤਾ ਨਾਲ ਵਿਚਾਰ ਕਰੋ ਤਾਂ ਲੱਗੇਗਾ ਕਿ ਭਾਰਤੀ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ 'ਚੋਣਾਂ' ਉਸਦੀ ਕਮਜ਼ੋਰੀ ਵੀ ਹੈ। ਹਰ ਪੰਜ ਸਾਲ ਬਾਅਦ ਵੱਡਾ ਤਮਾਸ਼ਾ ਹੁੰਦਾ ਹੈ, ਜਿਸ ਵਿਚ ਰਾਜਨੀਤਕ ਪਾਰਟੀਆਂ ਆਪਣੀਆਂ ਝੋਲੀਆਂ ਭਰ ਲੈਂਦੀਆਂ ਹਨ ਅਤੇ ਜਨਤਾ ਆਪਣਾ ਜ਼ਮੀਰ ਵੇਚ ਕੇ ਉਨ੍ਹਾਂ ਝੋਲੀਆਂ ਵਿਚ ਆਪਣੀਆਂ ਉਮੀਦਾਂ ਭਰ ਦਿੰਦੀ ਹੈ। ਫਿਰ ਪੰਜ ਸਾਲ ਲੰਬੀ ਉਦਾਸੀ ਰਹਿੰਦੀ ਹੈ। ਇਸ



**ਸੰਦੀਪ ਕੁਮਾਰ**
**ਫੋਨ: 70098-07121**

ਉਦਾਸੀ ਨੂੰ ਖਤਮ ਕਰਨ ਲਈ ਨਵੀਂ ਤਜਵੀਜ਼ ਰੱਖੀ ਜਾ ਰਹੀ ਹੈ, ਜੇਕਰ ਤਰੱਕੀ ਕਰਾਉਣੀ ਹੈ ਤਾਂ ਸਰਕਾਰ ਚੁਣੋ ਇੱਕ ਸਾਲ ਦੀ। ਇਹ ਤਜਵੀਜ਼ ਸੁਣਨ ਨੂੰ ਬਿਲਕੁਲ ਵਿਅੰਗਮਈ ਲੱਗਦੀ ਹੈ, ਪਰ ਇਸ ਵਿਅੰਗ ਵਿਚ ਉਹ ਅਸਲੀਅਤ ਛੁਪੀ ਹੋਈ ਹੈ ਜੋ ਅਸੀਂ ਰੋਜ਼ ਦੇਖਦੇ ਹਾਂ।

ਚੋਣਾਂ ਦਾ ਮੌਸਮ ਆਉਂਦਿਆਂ ਹੀ ਹਰ ਸੂਬੇ ਵਿਚ ਰਾਜਨੀਤੀ ਦੇ ਖਿਡਾਰੀ ਆਪਣੀਆਂ ਮੁਫ਼ਤ ਦੀਆਂ ਰਿਓੜੀਆਂ ਲੈ ਕੇ ਬਾਹਰ ਨਿਕਲ ਆਉਂਦੇ ਹਨ। ਲੈ ਲਓ ਬਿਜਲੀ ਮੁਫ਼ਤ, ਲੈ ਲਓ ਪਾਣੀ ਮੁਫ਼ਤ, ਲੈ ਲਓ ਰਸੋਈ ਗੈਸ ਮੁਫ਼ਤ, ਲੈ ਲਓ ਲੈਪਟਾਪ, ਟੈਬਲੈਟ, ਸਾਈਕਲ ਤੇ ਸਮਾਰਟਫੋਨ। ਇਸ ਤੋਂ ਇਲਾਵਾ ਲਾਰਿਆਂ ਵਾਲੀਆਂ ਰਿਓੜੀਆਂ ਵੀ ਚੱਲਦੀਆਂ ਹਨ, ਜਿਵੇਂ ਨੌਕਰੀਆਂ ਦੇ ਵਾਅਦੇ, ਘਰ ਬਣਾਉਣ ਦੇ ਵਾਅਦੇ, ਫਸਲਾਂ ਲਈ ਬੋਨਸ। ਜਨਤਾ ਇਨ੍ਹਾਂ ਰਿਓੜੀਆਂ ਵੱਲ ਲਾਲਚੀ ਨਜ਼ਰ ਨਾਲ ਤੱਕਦੀ ਹੈ ਤੇ ਫਿਰ ਆਪਣਾ ਵੋਟ ਉਸ ਪਾਰਟੀ ਨੂੰ ਦੇ ਦਿੰਦੀ ਹੈ ਜੋ ਸਭ ਤੋਂ ਵੱਡੀ ਮੁਫਤ ਦੀ ਰਿਓੜੀ ਦਾ ਵਾਅਦਾ ਕਰਦੀ ਹੈ। ਇਸ ਲਾਲਚ ਵਿਚ ਜਨਤਾ ਆਪਣਾ ਜ਼ਮੀਰ ਵੀ ਵੇਚ ਦਿੰਦੀ ਹੈ। ਇੱਕ ਵਾਰ ਵੋਟ ਪੈ ਗਿਆ ਤਾਂ ਫਿਰ ਪੰਜ ਸਾਲ ਤੱਕ ਉਸੇ ਲਾਲਚੀ ਫੈਸਲੇ ਦਾ ਭੋਗ ਭੁਗਤਣਾ ਪੈਂਦਾ ਹੈ। ਇੱਕ ਵਿਅਕਤੀ ਦਾ ਲਾਲਚ ਸਾਰੇ ਸਮਾਜ ਲਈ ਨੁਕਸਾਨਦਾਇਕ ਬਣ ਜਾਂਦਾ ਹੈ। ਬਹੁ-ਗਿਣਤੀ ਵੋਟਰਾਂ ਨੇ ਜੇ ਗਲਤ ਪਾਰਟੀ ਚੁਣ ਲਈ ਤਾਂ ਪੂਰਾ ਸੂਬਾ ਉਸ ਗਲਤ ਫੈਸਲੇ ਦੀ ਕੀਮਤ ਚੁਕਾਉਂਦਾ ਹੈ। ਸੜਕਾਂ ਬਣਨ ਦੀ ਬਜਾਏ ਰਿਸ਼ਵਤਖੋਰੀ ਵਧਦੀ ਹੈ, ਹਸਪਤਾਲਾਂ ਵਿਚ ਦਵਾਈਆਂ ਦੀ ਬਜਾਏ ਲੀਡਰਾਂ ਦੀਆਂ ਤਸਵੀਰਾਂ ਲੱਗਦੀਆਂ ਹਨ ਤੇ ਸਕੂਲਾਂ ਵਿਚ ਬੱਚਿਆਂ ਨੂੰ ਪੜ੍ਹਾਉਣ ਦੀ ਥਾਂ ਉਨ੍ਹਾਂ ਨੂੰ ਰਾਜਨੀਤੀ ਦਾ ਪਾਠ ਪੜ੍ਹਾਇਆ ਜਾਂਦਾ ਹੈ।

ਪਰ ਕਦੀ ਕਿਸੇ ਨੇ ਇਹ ਸੋਚਿਆ ਹੈ ਕਿ ਇਨ੍ਹਾਂ ਮੁਫ਼ਤ ਦੀਆਂ ਰਿਓੜੀਆਂ ਦਾ ਖਰਚਾ ਕਿਥੋਂ ਆਉਂਦਾ ਹੈ? ਇਹ ਪੈਸਾ ਟੈਕਸ ਧਾਰਕਾਂ ਦੀਆਂ ਜੇਬਾਂ ਵਿਚੋਂ ਨਿਕਲਦਾ ਹੈ। ਲੋਕ ਸਵੇਰ ਤੋਂ ਸ਼ਾਮ ਤੱਕ ਮਿਹਨਤ ਕਰਦੇ ਹਨ, ਆਪਣੀ ਤਨਖ਼ਾਹ ਵਿਚੋਂ ਟੈਕਸ ਕਟਵਾਉਂਦੇ ਹਨ ਤੇ ਟੈਕਸ ਦੇ ਪੈਸੇ ਨੂੰ ਦੇਸ਼ ਦੇ ਵਿਕਾਸ ਲਈ ਵਰਤਣਾ ਚਾਹੀਦਾ ਹੈ ਪਰ ਇਹ ਪੈਸਾ ਸਿਆਸੀ ਪਾਰਟੀਆਂ ਅਸਿੱਧੇ ਢੰਗ ਨਾਲ ਵੋਟ ਖਰੀਦਣ ਲਈ ਬਰਬਾਦ ਕਰ ਦਿੰਦੀਆਂ ਹਨ। ਇੱਕ ਤਰ੍ਹਾਂ ਨਾਲ ਟੈਕਸ ਧਾਰਕ ਆਪੋ-ਆਪਣੀਆਂ ਰਿਓੜੀਆਂ ਪੈਸੇ ਨਾਲ ਖਰੀਦ ਰਿਹਾ ਹੈ ਤੇ ਫਿਰ ਉਸੇ ਰਿਓੜੀ ਨਾਲ ਠੱਗਿਆ ਵੀ ਜਾ ਰਿਹਾ ਹੈ। ਇਸ ਤੋਂ ਵੱਡੀ ਮਜ਼ਾਕ ਦੀ ਗੱਲ ਹੋਰ ਕੀ ਹੋ ਸਕਦੀ ਹੈ? ਰਾਜਨੀਤਕ ਪਾਰਟੀਆਂ ਸੱਤਾ ਵਿਚ ਆਉਣ ਤੋਂ ਬਾਅਦ ਵਿਕਾਸ ਦਾ ਨਾਅਰਾ ਤਾਂ ਲਾਉਂਦੀਆਂ ਹਨ, ਪਰ ਉਨ੍ਹਾਂ ਦਾ ਅਸਲ ਮਕਸਦ ਸੱਤਾ 'ਤੇ ਕਬਜ਼ਾ ਬਣਾਈ ਰੱਖਣਾ ਹੁੰਦਾ ਹੈ, ਲੋਕਾਂ ਦਾ ਵਿਕਾਸ ਨਹੀਂ। ਇਸ ਲਈ ਉਨ੍ਹਾਂ ਨੇ ਇੱਕ ਫਾਰਮੂਲਾ ਬਣਾ ਲਿਆ ਹੈ। ਪਹਿਲੇ ਚਾਰ ਸਾਲ ਲੋਕਾਂ 'ਤੇ ਰੱਜ ਕੇ ਤਸ਼ੱਦਦ ਕਰੋ। ਟੈਕਸ ਵਧਾਓ, ਭ੍ਰਿਸ਼ਟਾਚਾਰ ਨੂੰ ਫੁੱਲਣ ਦਿਓ, ਨੌਕਰੀਆਂ ਦੇ ਨਾਮ 'ਤੇ ਰਿਸ਼ਤੇਦਾਰੀਆਂ ਚਲਾਓ ਤੇ ਲੋਕਾਂ ਦੀਆਂ ਉਮੀਦਾਂ ਦਾ ਘਾਣ ਕਰੋ। ਲੋਕ ਰੋਂਦੇ-ਪਿੱਟਦੇ ਰਹਿਣ, ਤੁਸੀਂ ਆਪਣੀਆਂ ਗੱਡੀਆਂ ਤੇ ਬੰਗਲਿਆਂ ਦਾ ਆਨੰਦ ਲੈਂਦੇ ਰਹੋ। ਫਿਰ ਜਿਵੇਂ ਹੀ ਪੰਜਵਾਂ ਸਾਲ ਆਉਂਦਾ ਹੈ, ਅਚਾਨਕ ਸਰਕਾਰ ਨੂੰ ਸੂਬੇ ਦੀਆਂ ਸਾਰੀਆਂ ਕਮੀਆਂ ਇੱਕੋ ਵਾਰ ਨਜ਼ਰ ਆਉਣ ਲੱਗਦੀਆਂ ਹਨ। ਰਾਤੋ-ਰਾਤ ਉਹ ਤਤਪਰਤਾ ਵਿਖਾਉਣ ਲੱਗਦੀ ਹੈ, ਜਿਸ ਤਤਪਰਤਾ ਨੂੰ ਚਾਰ ਸਾਲ ਤੱਕ ਉਨ੍ਹਾਂ ਨੇ ਆਪਣੀਆਂ ਤਿਜੌਰੀਆਂ ਭਰਨ ਵਿਚ ਲਗਾਇਆ ਸੀ।

ਪੰਜਵੇਂ ਸਾਲ ਵਿਚ ਅਚਾਨਕ ਰੁਜ਼ਗਾਰ ਯੋਜਨਾਵਾਂ ਦੇ ਇਸ਼ਤਿਹਾਰ ਛਪਣ ਲੱਗਦੇ ਹਨ। ਨਵੀਆਂ-ਨਵੀਆਂ ਸੜਕਾਂ ਦੀਆਂ ਬੁਨਿਆਦਾਂ ਰੱਖੀਆਂ ਜਾਣ ਲੱਗਦੀਆਂ ਹਨ। ਹਸਪਤਾਲਾਂ ਵਿਚ ਡਾਕਟਰਾਂ ਦੀ ਭਰਤੀ ਦਾ ਐਲਾਨ ਹੁੰਦਾ ਹੈ ਤੇ ਸਕੂਲਾਂ ਵਿਚ ਬੈਠਕਾਂ ਲੱਗਣ ਲੱਗਦੀਆਂ ਹਨ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਮੌਜੂਦਾ ਸਰਕਾਰ ਦੀ ਰਾਤ ਦੀ ਨੀਂਦ ਵਿਚ ਵੀ ਸਿਰਫ਼ ਸੂਬੇ ਦਾ ਵਿਕਾਸ ਹੀ ਘੁੰਮ ਰਿਹਾ ਹੈ। ਪਰ ਇਹ ਤਤਪਰਤਾ ਬਹੁਤੀ ਵਾਰ ਝੋਲੀ-ਚੱਕਾਂ ਲਈ ਹੁੰਦੀ ਹੈ। ਇਸ਼ਤਿਹਾਰ ਤਾਂ ਛਪ ਜਾਂਦੇ ਹਨ, ਪਰ ਨੌਕਰੀਆਂ ਉਨ੍ਹਾਂ ਲੋਕਾਂ ਨੂੰ ਮਿਲਦੀਆਂ ਹਨ ਜਿਨ੍ਹਾਂ ਦੇ ਰਿਸ਼ਤੇ ਸੱਤਾਧਾਰੀਆਂ ਨਾਲ ਹਨ। ਨਵੀਆਂ ਸੜਕਾਂ ਦੀਆਂ ਬੁਨਿਆਦਾਂ ਰੱਖੀਆਂ ਜਾਣ ਤੋਂ ਬਾਅਦ ਉਨ੍ਹਾਂ ਦਾ ਕੰਮ ਸ਼ੁਰੂ ਹੋ ਜਾਂਦਾ ਹੈ ਤੇ ਉਹ ਬੁਨਿਆਦਾਂ ਚੋਣਾਂ ਤੱਕ ਖੁੱਲ੍ਹੀਆਂ ਰਹਿੰਦੀਆਂ ਹਨ। ਲੋਕ ਇਸ ਤਮਾਸ਼ੇ ਨੂੰ ਵੇਖਦੇ ਹਨ ਤੇ ਫਿਰ ਵੀ ਉਮੀਦ ਰੱਖਦੇ ਹਨ, ਕਿਉਂਕਿ ਲਾਲਚ ਫਿਰ ਉਨ੍ਹਾਂ ਨੂੰ ਘੇਰ ਲੈਂਦਾ ਹੈ। ਇਸ ਤੋਂ ਵੱਡਾ ਵਿਅੰਗ ਹੋਰ ਕੀ ਹੋ ਸਕਦਾ ਹੈ ਕਿ ਤਰੱਕੀ ਅਤੇ ਵਿਕਾਸ ਵਾਲੀ ਸੋਚ ਸਰਕਾਰ ਨੂੰ ਸਿਰਫ਼ ਆਖਰੀ ਸਾਲ ਵਿਚ ਹੀ ਆਉਂਦੀ ਹੈ? ਚਾਰ ਸਾਲ ਤੱਕ ਉਹ ਲੋਕਾਂ ਨੂੰ ਇਸ ਭਰਮ ਵਿਚ ਰੱਖਦੀ ਹੈ ਕਿ ਉਨ੍ਹਾਂ ਕੋਲ ਸਮਾਂ ਨਹੀਂ, ਉਨ੍ਹਾਂ ਨੇ ਵੱਡੀਆਂ ਯੋਜਨਾਵਾਂ ਬਣਾਉਣੀਆਂ ਹਨ। ਫਿਰ ਆਖਰੀ ਸਾਲ ਵਿਚ ਉਹ ਉਨ੍ਹਾਂ ਯੋਜਨਾਵਾਂ ਨੂੰ ਇੱਕੋ ਵਾਰ ਲਾਗੂ ਕਰਨ ਦਾ ਡਰਾਮਾ ਰਚਦੀ ਹੈ ਜੋ ਚਾਰ ਸਾਲ ਪਹਿਲਾਂ ਵੀ ਲਾਗੂ ਕੀਤੀਆਂ ਜਾ ਸਕਦੀਆਂ ਸਨ। ਇਸ ਡਰਾਮੇ ਦਾ ਨਤੀਜਾ ਇਹ ਹੁੰਦਾ ਹੈ ਕਿ ਸੂਬਾ ਕਰਜ਼ੇ ਵਿਚ ਡੁੱਬ ਜਾਂਦਾ ਹੈ, ਟੈਕਸ ਧਾਰਕਾਂ ਦੀ ਜੇਬ ਖਾਲੀ ਹੋ ਜਾਂਦੀ ਹੈ ਤੇ ਲੋਕ ਫਿਰ ਵੀ ਉਸੇ ਪਾਰਟੀ ਨੂੰ ਵੋਟ ਦੇ ਦਿੰਦੇ ਹਨ ਜਿਸ ਨੇ ਉਨ੍ਹਾਂ ਨਾਲ ਧੋਖਾ ਕੀਤਾ ਹੈ।

ਇਸ ਲਈ ਇੱਕ ਸਾਲ ਦੀ ਸਰਕਾਰ ਵਾਲੀ ਤਜਵੀਜ਼ ਬਿਲਕੁਲ ਵਿਅੰਗਮਈ ਨਹੀਂ, ਸਗੋਂ ਅਸਲੀਅਤ ਤੋਂ ਬਹੁਤ ਨੇੜੇ ਹੈ। ਚੋਣਾਂ ਵਿਚ ਖਰਚਾ ਤਾਂ ਆਉਂਦਾ ਹੈ, ਪਰ ਇਹ ਖਰਚਾ ਉਸ ਲੁੱਟ ਦੇ ਮੁਕਾਬਲੇ ਬਹੁਤ ਘੱਟ ਹੈ ਜੋ ਚਾਰ ਸਾਲ ਵਿਚ ਹੁੰਦੀ ਹੈ। ਚਾਰ ਸਾਲ ਵਿਚ ਸਰਕਾਰਾਂ ਇੰਨਾ ਕਰਜ਼ਾ ਚੜ੍ਹਾ ਦਿੰਦੀਆਂ ਹਨ ਕਿ ਉਸ ਕਰਜ਼ੇ ਦਾ ਵਿਆਜ ਵੀ ਅਗਲੀਆਂ ਚਾਰ ਪੀੜ੍ਹੀਆਂ ਭਰਦੀਆਂ ਹਨ। ਇਸ ਲਈ ਹਰ ਸਾਲ ਚੋਣਾਂ ਕਰਵਾਉਣਾ ਭਾਵੇਂ ਮਹਿੰਗਾ ਲੱਗੇ, ਪਰ ਇਹ ਖਰਚਾ ਝੱਲਿਆ ਜਾ ਸਕਦਾ ਹੈ। ਇੱਕ ਸਾਲ ਵਿਚ ਸਰਕਾਰ ਕੋਲ ਵਿਕਾਸ ਤੋਂ ਇਲਾਵਾ ਕੋਈ ਰਸਤਾ ਨਹੀਂ ਬਚੇਗਾ। ਉਸ ਨੂੰ ਇੱਕੋ ਵਾਰ ਵਿਕਾਸ ਕਰਕੇ ਦਿਖਾਉਣਾ ਪਵੇਗਾ। ਜੇ ਉਹ ਕੰਮ ਕਰਕੇ ਦਿਖਾਉਂਦੀ ਹੈ ਤਾਂ ਲੋਕ ਉਸ ਨੂੰ ਅਗਲੇ ਸਾਲ ਵੀ ਮੌਕਾ ਦੇ ਦੇਣਗੇ। ਇਸ ਤਰ੍ਹਾਂ ਇੱਕ ਲੜੀ ਚੱਲਦੀ ਰਹੇਗੀ, ਜਿਸ ਵਿਚ ਸਰਕਾਰਾਂ ਚਾਹੇ ਮਜਬੂਰੀ ਵਿਚ ਚਾਹੇ ਖੁਸ਼ੀ ਨਾਲ ਸੂਬੇ ਦੇ ਵਿਕਾਸ ਨੂੰ ਤਰਜੀਹ ਦੇਣ ਲਈ ਮਜਬੂਰ ਹੋ ਜਾਣਗੀਆਂ।

ਇਹ ਵਿਅੰਗ ਉਸ ਵਿਅਕਤੀ ਲਈ ਹੈ ਜੋ ਚੋਣਾਂ ਵੇਲੇ ਰਿਓੜੀਆਂ ਲੈ ਕੇ ਆਪਣਾ ਭਵਿੱਖ ਵੇਚਦਾ ਹੈ। ਇਹ ਉਸ ਸਰਕਾਰ ਲਈ ਹੈ ਜੋ ਚਾਰ ਸਾਲ ਲੋਕਾਂ ਨੂੰ ਲੁੱਟਦੀ ਹੈ ਤੇ ਇੱਕ ਸਾਲ ਵਿਚ ਡਰਾਮਾ ਰਚਦੀ ਹੈ। ਇਹ ਉਸ ਟੈਕਸ ਧਾਰਕ ਲਈ ਹੈ ਜੋ ਆਪਣੀ ਮਿਹਨਤ ਨਾਲ ਕਮਾਇਆ ਪੈਸਾ ਰਾਜਨੀਤੀ ਦੀਆਂ ਰਿਓੜੀਆਂ ਵਿਚ ਬਰਬਾਦ ਹੁੰਦਾ ਵੇਖਦਾ ਹੈ। ਜੇਕਰ ਇਸ ਤਜਵੀਜ਼ ਨੂੰ ਲਾਗੂ ਕੀਤਾ ਗਿਆ ਤਾਂ ਭਾਰਤ ਦੇ ਹਰ ਸੂਬੇ ਵਿਚ ਵਿਕਾਸ ਲਾਜ਼ਮੀ ਗੱਲ ਬਣ ਜਾਵੇਗੀ। ਸਰਕਾਰਾਂ ਨੂੰ ਹਰ ਸਾਲ ਇਹ ਸਾਬਤ ਕਰਨਾ ਪਵੇਗਾ ਕਿ ਉਨ੍ਹਾਂ ਨੇ ਲੋਕਾਂ ਲਈ ਕੀ ਕੀਤਾ ਹੈ। ਲਾਲਚੀ ਵੋਟਰ ਵੀ ਇੱਕ ਵਾਰ ਫਿਰ ਸੋਚੇਗਾ ਕਿ ਉਸ ਨੂੰ ਰਿਓੜੀਆਂ ਤੋਂ ਉਪਰ ਉਠ ਕੇ ਵਿਕਾਸ ਵੱਲ ਵੇਖਣਾ ਚਾਹੀਦਾ ਹੈ। ਇਸ ਲਈ ਆਓ ਇਸ ਵਿਅੰਗ ਨੂੰ ਅਸਲੀਅਤ ਬਣਾਈਏ। ਜੇ ਤਰੱਕੀ ਚਾਹੀਦੀ ਹੈ ਤਾਂ ਸਰਕਾਰ ਚੁਣੋ ਇੱਕ ਸਾਲ ਦੀ। ਫਿਰ ਦੇਖੋ ਕਿ ਇੱਕ ਸਾਲ ਵਿਚ ਉਹ ਕੀ ਕਰਦੀ ਹੈ ਜੋ ਪੰਜ ਸਾਲ ਵਿਚ ਨਹੀਂ ਕਰ ਸਕੀ। ਇਹ ਤਜਵੀਜ਼ ਨਾ ਤਾਂ ਰਾਜਨੀਤੀ ਨੂੰ ਖਤਮ ਕਰਦੀ ਹੈ ਤੇ ਨਾ ਹੀ ਲੋਕਤੰਤਰ ਨੂੰ। ਇਹ ਤਾਂ ਉਸ ਲੋਕਤੰਤਰ ਨੂੰ ਸਾਫ਼ ਕਰਦੀ ਹੈ ਜੋ ਮੁਫਤ ਦੀਆਂ ਰਿਓੜੀਆਂ 'ਤੇ ਚੱਲ ਰਿਹਾ ਹੈ। ਇੱਕ ਸਾਲ ਦੀ ਸਰਕਾਰ ਉਸ ਲੋਕਤੰਤਰ ਦੀ ਅਸਲ ਰੂਹ ਬਣ ਸਕਦੀ ਹੈ ਜਿਸ ਵਿਚ ਲੋਕ ਆਪਣੇ ਫੈਸਲੇ ਦੀ ਕੀਮਤ ਤੁਰੰਤ ਚੁਕਾਉਂਦੇ ਹਨ ਤੇ ਰਾਜਨੀਤੀ ਵੀ ਆਪਣੀ ਜ਼ਿੰਮੇਵਾਰੀ ਤੁਰੰਤ ਨਿਭਾਉਂਦੀ ਹੈ। ਇਸ ਤੋਂ ਵੱਡੀ ਤਰੱਕੀ ਹੋਰ ਕੀ ਹੋ ਸਕਦੀ ਹੈ?

# ਅਧੂਰੀ ਮੁਹੱਬਤ ਦਾ ਫ਼ੈਸਲਾ..!

ਚੜ੍ਹਦੇ ਫੱਗਣ ਮਿਸਤਰੀ ਦਾ ਕੰਮ ਖਤਮ ਹੋ ਗਿਆ ਸੀ। ਖੇਤ ਵੀ ਬਹੁਤਾ ਕੰਮ ਨਹੀਂ ਸੀ, ਕਣਕਾਂ ਬਗੋਲੇ ਵਿਚ ਆ ਗਈਆਂ ਸਨ। ਮੱਕੀ, ਕਪਾਹ ਤੇ ਝੋਨੇ ਨੇ ਜੱਟਾਂ ਦਾ ਵਧੀਆ ਮੂੰਹ ਮਿੱਠਾ ਕਰਵਾ ਦਿੱਤਾ ਸੀ। ਸਾਡੇ ਲਾਣੇ ਨੇ ਵੀ ਵੱਡੇ ਬਾਈ ਦਾ ਵਿਆਹ ਧਰ ਲਿਆ ਸੀ। ਬਾਈ ਵਾਸਤੇ ਰਾਹ ਵਾਲੇ ਪਾਸੇ ਚਾਰ ਖਣ ਦੀ ਬੈਠਕ ਛੱਤ ਦਿੱਤੀ ਸੀ। ਚਾਈਂ-ਚਾਈਂ ਮਿਸਤਰੀ ਲਿਆਂਦਾ ਤੇ ਚਾਈਂ-ਚਾਈਂ ਹੀ ਤੋਰਿਆ ਸੀ। ਸਾਨੂੰ ਬਾਈ ਦੇ ਵਿਆਹ ਦਾ ਚਾਅ ਹੀ ਐਨਾ ਸੀ। ਸਾਡੀ ਮਾਮੀ ਹੀ ਵਿਚੋਲਣ ਸੀ। ਫੱਗਣ ਦੇ ਮਿੱਠੇ-ਮਿੱਠੇ ਦਿਨਾਂ ਵਿਚ ਬਾਈ ਦਾ ਵਿਆਹ ਹੋ ਗਿਆ। ਭਾਬੀ ਸਾਡੀ ਪੁੰਨਿਆਂ ਦੇ ਚੰਨ



**ਮੇਜਰ ਸਿੰਘ ਕੁਲਾਰ**
**ਫੋਨ: 916-273-2856**

ਵਰਗੀ ਸੀ। ਭਾਬੀ ਨੇ ਘਰ ਵਿਚ ਖੁਸ਼ੀਆਂ ਦਾ ਚਾਨਣ ਖਿਲਾਰ ਦਿੱਤਾ। ਭਾਬੀ ਦਾ ਸੁਭਾਅ ਵੀ ਬੜਾ ਖੁੱਲ੍ਹਾ ਸੀ। ਪਤਲੀ ਤੇ ਲੰਮੀ ਗਰਦਨ ਸੁਰਾਹੀ ਵਰਗੀ। ਜਿਵੇਂ ਰੱਬ ਨੇ ਪੂਰੀ ਰੀਝ ਨਾਲ ਨੈਣ ਨਕਸ਼ ਤਰਾਸ਼ੇ ਹੋਣ, ਗੋਰਾ ਰੰਗ ਦੁੱਧ ਵਰਗਾ, ਜਿਵੇਂ ਪੰਜਾਬੀ ਫਿਲਮਾਂ ਦੀ ਹੀਰੋਇਨ ਹੋਵੇ। ਮੈਂ ਤੇ ਮੇਰੀ ਵੱਡੀ ਭੈਣ ਛਿੰਦੀ ਦੋਵੇਂ ਭਾਬੀ ਦੇ ਦੁਆਲੇ ਘੁੰਮਦੇ ਰਹਿੰਦੇ ਬਾਈ ਗੁੱਸੇ ਹੁੰਦਾ ਕਿ ਮੈਨੂੰ ਕੋਲ ਨਹੀਂ ਬੈਠਣ ਦਿੰਦੇ। ਨਵਾਂ-ਨਵਾਂ ਚਾਅ ਹੁੰਦਾ ਹੀ ਹੈ। ਵਿਆਹ ਵਿਚ ਬਚੇ ਹੋਏ ਮਸਾਲੇ ਜਦੋਂ ਭਾਬੀ ਦਾਲ-ਸਬਜ਼ੀ ਵਿਚ ਪਾਉਂਦੀ ਤਾ ਧਰਮ ਨਾਲ ਸਾਰੇ ਘਰ ਵਿਚ ਸਬਜ਼ੀ ਦੀ ਮਹਿਕ ਖਿੰਡ ਜਾਂਦੀ। ਭਾਬੀ ਦੇ ਹੱਥਾਂ ਦੇ ਪਰਸ਼ਾਦੇ ਮਹਾਜਨਾਂ ਦੇ ਘਰਵਾਲੀਆਂ ਦੇ ਹੱਥਾਂ ਦੇ ਬਣਾਏ ਲੱਗਦੇ। ਅਸੀਂ ਅਣਗਿਣਤ ਹੀ ਖਾ ਜਾਂਦੇ ਸੀ। ਮੇਰੇ ਯਾਰ ਦੋਸਤ ਕਹਿੰਦੇ ਸਨ ਕਿ ਵਿਆਹ ਤਾਂ ਵੱਡੇ ਬਾਈ ਦਾ ਹੋਇਆ ਹੈ ਪਰ ਘਰੋਂ ਤੂੰ ਨਹੀ ਬਾਹਰ ਨਿਕਲਦਾ। ਭਾਬੀ ਜਦ ਪੰਜ ਚਾਰ ਦਿਨ ਲਈ ਪੇਕੇ ਚਲੀ ਜਾਂਦੀ ਤਾਂ ਘਰ ਸੁੰਨੀ ਸਰਾਂ ਵਰਗਾ ਲੱਗਦਾ ਸੀ। ਬੇਬੇ ਬਾਪੂ ਵੀ ਭਾਬੀ ਨੂੰ ਬਹੁਤ ਯਾਦ ਕਰਦੇ, ਫਿਰ ਬਾਈ ਝੱਟ ਸਕੂਟਰ 'ਤੇ ਜਾ ਕੇ ਭਾਬੀ ਨੂੰ ਲੈ ਆਉਂਦਾ ਸਾਡੇ ਘਰ ਫਿਰ ਖੁਸ਼ੀਆਂ ਨੱਚਣ ਲੱਗ ਜਾਂਦੀਆਂ।

ਜੂਨ ਮਹੀਨੇ ਦੀਆਂ ਛੁੱਟੀਆਂ ਮਿਲ ਗਈਆਂ। ਭਾਬੀ ਪੇਕੇ ਗਈ ਤੇ ਆਉਂਦੀ ਹੋਈ ਆਪਣੇ ਨਾਲ ਆਪਣੀ ਭਤੀਜੀ ਰਾਣੀ ਨੂੰ ਵੀ ਲੈ ਆਈ। ਉਹ ਵੀ ਬਾਰਾਂ ਕਰਕੇ ਵਿਹਲੀ ਸੀ ਤੇ ਮੈਂ ਬੀ.ਏ. ਦੇ ਪਹਿਲੇ ਸਾਲ ਵਿਚ ਸੀ। ਵਿਆਹ ਵਿਚ ਮੈਂ ਰਾਣੀ ਨੂੰ ਦੇਖਿਆ ਸੀ। ਜਮਾਂ ਭਾਬੀ ਵਰਗੀ ਲੱਗਦੀ ਸੀ। ਰਾਣੀ ਭਾਬੀ ਦੇ ਸਭ ਤੋਂ ਵੱਡੇ ਭਰਾ ਦੀ ਜੇਠੀ ਧੀ ਸੀ ਤੇ ਮੈਂ ਆਪਣੀ ਮਾਂ ਦਾ ਪੇਟ ਕਰੌੜੀ ਦਾ ਪੁੱਤ। ਮੈਂ ਤੇ ਰਾਣੀ ਦੋਵੇਂ ਹਮ-ਉਮਰ ਸੀ। ਰਾਣੀ ਵੀ ਭਾਬੀ ਵਾਂਗ ਹੀ ਸੁਭਾਅ ਤੇ ਹੱਡਾਂ-ਪੈਰਾਂ ਦੀ ਖੁੱਲ੍ਹੀ ਸੀ। ਸਾਡਾ ਦੋਵਾਂ ਦਾ ਹਰੇਕ ਗੱਲ 'ਤੇ ਇਕੱਠਾ ਹੀ ਹੁੰਗਾਰਾ ਹੁੰਦਾ ਸੀ। ਬਾਈ ਤੇ ਭਾਬੀ ਦੋਵੇਂ ਸਭ ਸਮਝ ਰਹੇ ਸੀ। ਉਨ੍ਹਾਂ ਨੂੰ ਸਾਡੀ ਮਿਲਦੀ ਚੁੰਝ ਦਿਖ ਰਹੀ ਸੀ। ਜ਼ਿੰਦਗੀ ਦੀ ਗੱਡੀ ਇਸੇ ਤਰ੍ਹਾਂ ਚਲਦੀ ਗਈ। ਰਾਣੀ ਆ ਜਾਂਦੀ ਕਦੇ ਮੈਂ ਬਹਾਨੇ ਨਾਲ ਭਾਬੀ ਨੂੰ ਪੇਕੇ ਲੈ ਜਾਂਦਾ। ਮਿਲਣੀ ਦਾ ਸਿਲਸਿਲਾ ਤਾਂ ਚੱਲਦਾ ਰਿਹਾ ਪਰ ਮੈਂ ਕਦੇ ਮੁਹੱਬਤ ਦਾ ਇਜ਼ਹਾਰ ਨਾ ਕੀਤਾ। ਨਾ ਹੀ ਕਦੇ ਰਾਣੀ ਨੇ ਸਿੱਧੇ ਤੌਰ 'ਤੇ ਆਪਣਾ ਹੱਕ ਜਤਾਇਆ। ਇਨ੍ਹਾਂ ਹੀ ਦਿਨਾਂ ਵਿਚ ਛਿੰਦੀ ਲਈ ਕਨੇਡਾ ਵਾਲੇ ਮੁੰਡੇ ਦੀ ਦੱਸ ਪਈ। ਸਾਨੂੰ ਮੁੰਡਾ ਤੇ ਘਰ-ਬਾਰ ਪਸੰਦ ਆ ਗਿਆ ਤੇ ਛਿੰਦੀ ਦਾ ਵਿਆਹ ਕਰ ਦਿੱਤਾ। ਮੈਂ ਵੀ ਬੀ.ਏ. ਪਾਸ ਕਰ ਲਈ ਸੀ।

ਭਾਬੀ ਨੇ ਪੁੱਤ ਨੂੰ ਜਨਮ ਦਿੱਤਾ ਤੇ ਉਸ ਦੀ ਘਰ ਵਿਚ ਹੋਰ ਟੌਹਰ ਹੋ ਗਈ। ਰਾਣੀ ਵੀ ਕੁੱਝ ਦਿਨ ਲਈ ਰਹਿਣ ਆ ਗਈ ਸੀ। ਇੱਕ ਸ਼ਾਮ ਮੈਂ ਮੱਝਾਂ ਨੂੰ ਪਾਣੀ ਪਿਲਾ ਰਿਹਾ ਸੀ ਤੇ ਰਾਣੀ ਕਹਿਣ ਲੱਗੀ, ਰਾਂਝਿਆ! ਤੂੰ ਮੱਝਾਂ ਨੂੰ ਪਾਣੀ ਪਿਲਾਈ ਜਾਂਦਾ, ਉਧਰ ਤੇਰੀ ਹੀਰ ਨੂੰ ਖੇੜੀ ਤੋਰਨ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਨੇ...!

ਮੈਨੂੰ ਲੱਗਾ ਜਿਵੇਂ ਮੱਝ ਨੇ ਮੇਰੇ ਨੰਗੇ ਪੈਰ 'ਤੇ ਆਪਣਾ ਖੁਰ ਰੱਖ ਦਿੱਤਾ ਹੋਵੇ, ਇੰਨਾ ਦਰਦ ਮੈਨੂੰ ਰਾਣੀ ਦੀ ਗੱਲ ਸੁਣ ਕੇ ਹੋਇਆ। ਉਸ ਦੀ ਗੱਲ ਨੇ ਮੇਰੇ ਅੰਦਰ ਭੂਚਾਲ ਲਿਆਂਦਾ। ਫਿਰ ਮੇਰੇ ਤੇ ਰਾਣੀ ਦੇ ਗੁੱਝੇ ਪਿਆਰ ਦੀ ਗਠੜੀ ਖੁੱਲ੍ਹੀ ਤਾਂ ਰਾਣੀ ਦੇ ਘਰਦਿਆਂ ਨੂੰ ਕਨੇਡਾ ਵਾਲੇ ਰਿਸ਼ਤੇ ਨੇ ਮੋਹ ਲਿਆ। ਮੈਂ ਬੀ.ਏ. ਕਰਕੇ ਵੀ ਹਲ਼ ਵਾਹ ਜੱਟ ਹੀ ਸੀ। ਕੌਣ ਦਿੰਦਾ ਖੇਤੀਬਾੜੀ ਵਾਲੇ ਨੂੰ ਕੂੰਜ ਵਰਗੀ ਧੀ। ਹੀਰ ਸੱਚੀਂ ਖੇੜੇ ਲਿਜਾਣ ਲੱਗੇ। ਬਾਈ ਤੇ ਭਾਬੀ ਨੇ ਬਹੁਤ ਜ਼ੋਰ ਲਾਇਆ ਕਿ ਸਾਡਾ ਦੋਵਾਂ ਦਾ ਵਿਆਹ ਹੋ ਜਾਵੇ ਪਰ ਕਿਸਮਤ ਨੂੰ ਹੋਰ ਮਨਜ਼ੂਰ ਸੀ। ਰਾਣੀ ਨੂੰ ਕਨੇਡਾ ਵਾਲਾ ਲੈ ਗਿਆ ਮੈਂ ਵੀ ਮਨ ਸਮਝਾ ਲਿਆ ਕਿ ਮੇਰੇ ਕਰਕੇ ਬਾਈ ਤੇ ਭਾਬੀ ਵਿਚ ਫਿੱਕ ਨਾ ਪੈ ਜਾਵੇ। ਮੈਂ ਅੱਗੇ ਪੜ੍ਹਿਆ ਤੇ ਸਾਇੰਸ ਮਾਸਟਰ ਲੱਗ ਗਿਆ। ਹੁਣ ਰਿਸ਼ਤੇਦਾਰ ਵੀ ਰਿਸ਼ਤਾ ਕਰਵਾਉਣ ਨੂੰ ਕਾਹਲੀ ਕਰਨ ਲੱਗੇ। ਚੰਗੀ ਕਿਸਮਤ ਨੂੰ ਮੈਨੂੰ ਵੀ ਕਨੇਡਾ ਦਾ ਰਿਸ਼ਤਾ ਮਿਲ ਗਿਆ। ਮੈਂ ਵੀ ਰਾਣੀ ਦੇ ਸ਼ਹਿਰ ਕੈਲਗਰੀ ਆ ਗਿਆ। ਉਸ ਦੇ ਵਿਆਹ ਤੋਂ ਬਾਅਦ ਮੈਂ ਉਸਨੂੰ ਕਦੇ ਨਹੀਂ ਸੀ ਮਿਲਿਆ, ਫਿਰ ਉਹ ਕਨੇਡਾ ਆ ਗਈ ਸੀ। ਉਹ ਸ਼ਾਇਦ ਭਾਬੀ ਕੋਲੋਂ ਮੇਰਾ ਸੁਖ ਸੁਨੇਹਾ ਲੈ ਲੈਂਦੀ ਸੀ। ਮੈਂ ਇੱਥੇ ਆ ਕੇ ਵੀ ਉਸ ਨੂੰ ਨਹੀਂ ਮਿਲਿਆ, ਮੈਂ ਨਹੀਂ ਚਾਹੁੰਦਾ ਸੀ ਕਿ ਮੇਰੇ ਕਰਕੇ ਉਸ ਦੇ ਵਿਆਹੁਤਾ ਜੀਵਨ ਵਿਚ ਕੋਈ ਫ਼ਰਕ ਪਵੇ। ਮੇਰੀ ਭੈਣ ਛਿੰਦੀ ਵੀ ਇਸੇ ਸ਼ਹਿਰ ਵਿਚ ਸੀ। ਉਹ ਰਾਣੀ ਨਾਲ ਮਿਲਦੀ-ਵਰਤਦੀ ਸੀ। ਛਿੰਦੀ ਦੀ ਧੀ ਦਾ ਜਨਮ ਦਿਨ ਸੀ ਤੇ ਉਸ ਨੇ ਸਭ ਨੂੰ ਸੱਦਿਆ ਹੋਇਆ ਸੀ। ਮੈਂ ਕਈ ਸਾਲਾਂ ਬਾਅਦ ਰਾਣੀ ਨੂੰ ਦੇਖਿਆ। ਉਹ ਤਾਂ ਪਹਿਲਾਂ ਨਾਲੋਂ ਵੀ ਜ਼ਿਆਦਾ ਸੋਹਣੀ ਲੱਗਦੀ ਸੀ। ਹਾਲਾਂਕਿ ਮੇਰੀ ਪਤਨੀ ਵੀ ਬਹੁਤ ਸੋਹਣੀ ਸੀ ਪਰ ਰਾਣੀ ਦੇ ਮੁਕਾਬਲੇ ਘੱਟ ਸੋਹਣੀ ਸੀ। ਸਾਡੀ ਮੁਲਾਕਾਤ ਅੱਖਾਂ ਨਾਲ ਹੋਈ। ਬੁੱਲ੍ਹਾਂ ਦਾ ਜਿੰਦਰਾ ਨਾ ਖੁੱਲ੍ਹਿਆ। ਛਿੰਦੀ ਨੇ ਮੈਨੂੰ ਕਿਹਾ ਕਿ ਵੀਰ ਤੁਹਾਡਾ ਦੋਨਾਂ ਦਾ ਤਾਂ ਕੋਈ ਕਸੂਰ ਨਹੀਂ ਸੀ ਪਰ ਰਾਣੀ ਦੇ ਮਾਪੇ ਨਹੀਂ ਮੰਨੇ। ਤੂੰ ਮੇਰੇ ਕਹਿਣ 'ਤੇ ਰਾਣੀ ਨੂੰ ਮਿਲ ਲੈ, ਰਾਣੀ ਜਦੋਂ ਮੈਨੂੰ ਇਕੱਲੇ ਨੂੰ ਮਿਲੀ ਤਾਂ ਮੇਰੀ ਹਿੱਕ ਨਾਲ ਚੁੰਬੜ ਗਈ। ਕੁੱਝ ਪਲ ਤਾਂ ਮੈਂ ਆਪਣੀਆਂ ਬਾਹਾਂ ਨੂੰ ਰੋਕਿਆ ਪਰ ਪਤਾ ਨਹੀਂ ਕਦੋਂ ਬਾਹਾਂ ਦਾ ਹਾਰ ਰਾਣੀ ਨੂੰ ਕਲਾਵੇ ਵਿਚ ਲੈ ਗਿਆ। ਚਾਰੇ ਨੈਣਾਂ ਨੇ ਸਾਵਣ ਦੀ ਝੜੀ ਲਾਈ। ਦੋਵਾਂ ਦਿਲਾਂ ਦੀ ਧੜਕਣ ਜਿਵੇਂ ਇੱਕ ਹੋ ਗਈ ਹੋਵੇ। ਅਧੂਰੇ ਪਿਆਰ ਦਾ ਤੰਦ ਜਿਵੇਂ ਜੁੜ ਗਿਆ ਹੋਵੇ। ਫਿਰ ਬਿਨਾਂ ਬੋਲਿਆਂ ਵਿਛੜ ਗਏ। ਰਾਣੀ ਜਾਂਦੀ ਹੋਈ ਫ਼ੋਨ ਨੰਬਰ ਮੁੱਠੀ ਵਿਚ ਫੜਾ ਗਈ।



ਅੱਜ ਮੈਨੂੰ ਪਹਿਲੇ ਦਿਨ ਕਨੇਡਾ ਚੰਗਾ ਚੰਗਾ ਲੱਗਿਆ। ਮੈਂ ਕਈ ਦਿਨ ਸੋਚਦਾ ਰਿਹਾ ਕਿ ਰਾਣੀ ਨੂੰ ਫੋਨ ਕਰਾਂ ਕਿ ਨਾ, ਮੈਂ ਛਿੰਦੀ ਤੋਂ ਉਸ ਦੀ ਜੌਬ ਬਾਰੇ ਪੁੱਛਿਆ ਤੇ ਸਮਾਂ ਕੱਢ ਕੇ ਉਸ ਨੂੰ ਫੋਨ ਕੀਤਾ। ਰਾਣੀ ਦੇ ਅਜੇ ਤੱਕ ਕੋਈ ਬੱਚਾ ਬੱਚੀ ਨਹੀਂ ਸੀ ਹੋਇਆ, ਉਸ ਦੇ ਘਰਵਾਲਾ ਸਿਆਣਾ ਬੰਦਾ ਸੀ। ਉਸ ਨੂੰ ਬਹੁਤ ਪਿਆਰ ਕਰਦਾ ਸੀ। ਮੈਨੂੰ ਇਸ ਗੱਲ ਦੀ ਤਸੱਲੀ ਹੋਈ ਕਿ ਰਾਣੀ ਸੱਚੀਂ ਆਪਣੇ ਘਰ ਰਾਣੀਆਂ ਵਾਂਗ ਹੀ ਰਹਿੰਦੀ ਹੈ। ਹੁਣ ਮੈਨੂੰ ਵੀ ਕੰਪਨੀ ਵਿਚ ਕੰਮ ਮਿਲ ਗਿਆ। ਪਤਨੀ ਤਾਂ ਪਹਿਲਾਂ ਹੀ ਨਰਸ ਦੀ ਜੌਬ ਕਰਦੀ ਸੀ। ਉਸ ਨੇ ਵਿਆਹ ਤੋਂ ਪਹਿਲਾਂ ਹੀ ਆਪਣਾ ਘਰ ਖ਼ਰੀਦਿਆ ਹੋਇਆ ਸੀ। ਸਮਾਂ ਬੀਤਦਾ ਗਿਆ। ਪਰਮਾਤਮਾ ਨੇ ਰਾਣੀ ਨੂੰ ਧੀ ਦੀ ਦਾਤ ਬਖਸ਼ੀ ਤੇ ਮੈਨੂੰ ਪੁੱਤਰ ਦੀ ਦਾਤ ਨਾਲ ਨਿਵਾਜਿਆ। ਛਿੰਦੀ ਦੇ ਜ਼ਰੀਏ ਅਸੀਂ ਵੀ ਰਾਣੀ ਨਾਲ ਮਿਲਣ-ਵਰਤਣ ਲੱਗ ਗਏ। ਬੱਚਿਆਂ ਦੇ ਜਨਮ-ਦਿਨ, ਹੋਰ ਗ਼ਮੀ-ਖੁਸ਼ੀ ਅਸੀਂ ਆਉਣ ਜਾਣ ਲੱਗ ਗਏ। ਮੇਰਾ ਤੇ ਰਾਣੀ ਦਾ ਪਿਆਰ ਰੂਹਾਂ ਦਾ ਸੀ ਅਸੀਂ ਇੱਕ ਦੂਜੇ ਨੂੰ ਦੇਖ ਕੇ ਮਨ ਹੀ ਮਨ ਖੁਸ਼ ਹੋ ਜਾਂਦੇ ਸੀ। ਉਸ ਨੂੰ ਇਸ ਗੱਲ ਦੀ ਖੁਸ਼ੀ ਹੁੰਦੀ ਕਿ ਮੈਂ ਕਨੇਡਾ ਉਸ ਦੇ ਕੋਲ ਹਾਂ। ਅਸੀਂ ਪੁਰਾਣੀਆਂ ਗੱਲਾਂ ਨੂੰ ਸਾਗ ਵਾਂਗ ਤੜਕਾ ਲਾ ਕੇ ਤਾਜ਼ੀਆਂ ਕਰ ਲੈਂਦੇ।

ਸਾਡੇ ਫਿਰ ਦੋਵੇਂ ਪਾਸੇ ਬੱਚੇ ਹੋਏ। ਰਾਣੀ ਘਰ ਫਿਰ ਧੀ ਹੋਈ ਮੇਰੇ ਘਰ ਪੁੱਤਰ ਨੇ ਜਨਮ ਲਿਆ। ਮੈਂ ਪੁੱਤਰਾਂ ਦੀ ਲੋਹੜੀ ਪਿੰਡ ਮਨਾਉਣੀ ਚਾਹੀ, ਪਤਨੀ ਮੰਨ ਗਈ, ਛਿੰਦੀ ਤੇ ਰਾਣੀ ਨੂੰ ਨਾਲ ਜਾਣ ਲਈ ਕਿਹਾ। ਫਿਰ ਅਸੀਂ ਪਿੰਡ ਚਲੇ ਗਏ। ਬਹੁਤ ਸੋਹਣਾ ਪ੍ਰੋਗਰਾਮ ਕੀਤਾ। ਮੇਰੀ ਭਾਬੀ ਦੇ ਕਹਿਣ 'ਤੇ ਰਾਣੀ ਵੀ ਸਾਡੇ ਪਿੰਡ ਆ ਗਈ। ਮੇਰੀ ਪਤਨੀ ਦੋਵਾਂ ਪੁੱਤਰਾਂ ਨਾਲ ਚਾਰ ਦਿਨ ਪੇਕੇ ਚਲੀ ਗਈ। ਉਹ ਚਾਰ ਦਿਨ ਰਾਣੀ ਨੂੰ ਘਰ ਦੇਖ ਕੇ ਇੰਜ ਲੱਗਦਾ ਜਿਵੇਂ ਅਸੀਂ ਪਤੀ-ਪਤਨੀ ਹੋਈਏ। ਜਵਾਨੀ ਮੌਕੇ ਦੀ ਹਰੇਕ ਯਾਦ ਨੂੰ ਤਾਜ਼ਾ ਕੀਤਾ। ਉਨ੍ਹਾਂ ਦਿਨਾਂ ਦੇ ਚਾਅ, ਅਧੂਰੀ ਪ੍ਰੇਮ ਕਹਾਣੀ, ਫਿਰ ਵਿਆਹ, ਵਿਛੜਨਾ ਤੇ ਫਿਰ ਕਨੇਡਾ ਮਿਲਣਾ, ਸਭ ਤਕਦੀਰਾਂ ਦਾ ਖੇਲ ਹੀ ਸੀ।

ਪਿੰਡੋਂ ਆ ਕੇ ਮੇਰੀ ਪਤਨੀ ਦਾ ਸੁਭਾਅ, ਬੱਚਿਆਂ ਦਾ ਖਿਆਲ ਨਾ ਕਰਨਾ ਤੇ ਬਗੈਰ ਗੱਲ ਤੋਂ ਲੜਨਾ-ਝਗੜਨਾ ਸ਼ੁਰੂ ਹੋ ਗਿਆ। ਇੱਕ-ਦੋ ਸਾਲ ਤਾਂ ਮੈਂ ਕੱਢ ਲਏ ਪਰ ਫਿਰ ਗੱਲ ਤਲਾਕ 'ਤੇ ਆ ਮੁੱਕੀ। ਮੇਰੇ ਮਾਪੇ ਕਹਿੰਦੇ ਕਿ ਰੌਲੇ ਨਾਲੋਂ ਹਿਸਾਬ ਚੰਗਾ। ਪੁੱਤਰ ਮੇਰੇ ਹਿੱਸੇ ਆ ਗਏ। ਉਹ ਆਪਣਾ ਘਰ ਰੱਖ ਗਈ। ਮੈਂ ਆਪਣਾ ਘਰ ਖਰੀਦ ਲਿਆ, ਪਿੰਡੋਂ ਬਾਈ ਤੇ ਭਾਬੀ ਵੀ ਆ ਗਏ। ਬੇਬੇ ਬਾਪੂ ਦਾ ਗੇੜਾ ਵੀ ਮਰਵਾ ਦਿੱਤਾ ਸੀ।

ਦੋ ਕੁ ਸਾਲ ਲੰਘੇ ਰਾਣੀ ਦੇ ਪਤੀ ਦੀ ਇੱਕ ਕਾਰ ਹਾਦਸੇ ਵਿਚ ਮੌਤ ਹੋ ਗਈ। ਰਾਣੀ ਸਿਰ ਦੁੱਖਾਂ ਦਾ ਪਹਾੜ ਟੁੱਟ ਪਿਆ। ਅਸੀਂ ਸਾਰੇ ਉਸ ਦੇ ਦੁੱਖ ਵਿਚ ਸ਼ਰੀਕ ਹੋਏ। ਦੋ ਧੀਆਂ ਦੀ ਮਾਂ ਲਈ ਜ਼ਿੰਦਗੀ ਦਾ ਸਫ਼ਰ ਬਹੁਤ ਕਠਨ ਹੋ ਗਿਆ ਸੀ। ਰਾਣੀ ਆਪਣੇ ਸੱਸ-ਸਹੁਰੇ ਨਾਲ ਜ਼ਿੰਦਗੀ ਦੇ ਦਿਨ ਲੰਘਾਉਣ ਲੱਗੀ। ਇਨ੍ਹਾਂ ਦੁੱਖਾਂ ਭਰੇ ਦਿਨਾਂ ਵਿਚ ਮੈਂ ਉਸ ਦੇ ਹੋਰ ਨੇੜੇ ਹੁੰਦਾ ਗਿਆ।

ਰੇਲ ਦੀ ਪਟੜੀ 'ਤੇ ਅਸੀਂ ਨਾਲ-ਨਾਲ ਚੱਲਦਿਆਂ ਬੱਚਿਆਂ ਸਹਾਰੇ ਜ਼ਿੰਦਗੀ ਕੱਟਣ ਲੱਗੇ।

ਇੱਕ ਦਿਨ ਮੇਰੀ ਭਾਬੀ ਨੇ ਛਿੰਦੀ ਨਾਲ ਸਲਾਹ ਕਰਕੇ ਮੈਨੂੰ ਰਾਣੀ ਦਾ ਹਮੇਸ਼ਾ ਲਈ ਸਾਥ ਦੇਣ ਦਾ ਜ਼ਿਕਰ ਮੇਰੇ ਨਾਲ ਸਾਂਝਾ ਕੀਤਾ। ਪਹਿਲਾਂ ਤਾਂ ਮੈਨੂੰ ਇਹ ਗੱਲ ਚੰਗੀ ਨਾ ਲੱਗੀ ਪਰ ਗੱਲ ਰਾਣੀ ਦੀ ਸਹਿਮਤੀ ਤੋਂ ਬਿਨਾਂ ਨਹੀਂ ਹੋ ਸਕਦੀ ਸੀ। ਫਿਰ ਭਾਬੀ ਤੇ ਛਿੰਦੀ ਦੇ ਬਹੁਤ ਜ਼ੋਰ ਦੇਣ 'ਤੇ ਰਾਣੀ ਨੇ ਸੱਸ-ਸਹੁਰੇ ਦੀ ਮਨਜ਼ੂਰੀ ਨਾਲ ਹਾਂ ਕਰ ਦਿੱਤੀ।

ਕਿਸਮਤ ਨੇ ਕਿੰਝ ਵਿਛੋੜਿਆ ਤੇ ਕਿੰਝ ਮਿਲਾ ਦਿੱਤਾ। ਰਾਣੀ ਦੇ ਸੱਸ-ਸਹੁਰਾ ਆਪਣੇ ਵੱਡੇ ਪੁੱਤਰ ਨਾਲ ਚਲੇ ਗਏ ਤੇ ਰਾਣੀ ਨੇ ਘਰ ਕਿਰਾਏ 'ਤੇ ਦੇ ਦਿੱਤਾ, ਜਵਾਨੀ ਦਾ ਪਿਆਰ ਬੁਢਾਪੇ ਦੀ ਦਹਿਲੀਜ਼ 'ਤੇ ਆ ਮਿਲਿਆ। ਫਿਰ ਉਹੀ ਦਿਨ ਵਾਪਸ ਆ ਗਏ। ਘਰ ਵਿਚ ਰੌਣਕਾਂ ਪਰਤ ਆਈਆਂ। ਪਰਿਵਾਰ ਦਾ ਏਕਾ ਖੁਸ਼ੀਆਂ ਵਿਚ ਝੂਮਣ ਲੱਗਾ। ਸਾਡੀ ਗ੍ਰਹਿਸਥੀ ਜੀਵਨ ਦੀ ਕਿਸ਼ਤੀ ਇਸ ਦੁਨਿਆਵੀ ਸਮੁੰਦਰ ਵਿਚ ਠੱਲ ਪਈ। ਦੁੱਖਾਂ ਦੇ ਕਈ ਤੂਫ਼ਾਨ ਆਉਂਦੇ ਰਹੇ ਪਰ ਸਾਡੇ ਹੱਥੋਂ ਏਕੇ ਦਾ ਚੱਪੂ ਕੋਈ ਨਾ ਛੁਡਾ ਸਕਿਆ।

ਚੰਗਾ ਵਕਤ ਬੀਤਦਿਆਂ ਪਤਾ ਨਹੀਂ ਲਗਦਾ, ਸਾਨੂੰ ਵੀ ਪਤਾ ਨਾ ਲੱਗਿਆ ਕਦੋਂ ਬੱਚੇ ਯੂਨੀਵਰਸਿਟੀ ਪਹੁੰਚ ਗਏ। ਹੁਣ ਵਿਆਹਾਂ ਦਾ ਫਿਕਰ ਹੋਣ ਲੱਗਿਆ। ਰਾਣੀ ਦੀ ਵੱਡੀ ਧੀ ਨੇ ਗੁਰਸਿੱਖ ਮੁੰਡਾ ਆਪ ਹੀ ਲੱਭਿਆ ਸੀ, ਸਾਨੂੰ ਮੁੰਡਾ ਤੇ ਉਸਦੇ ਮਾਪੇ ਪਸੰਦ ਸਨ ਤੇ ਅਸੀਂ ਵਿਆਹ ਕਰ ਦਿੱਤਾ। ਦੂਜੀ ਧੀ ਦਾ ਵਿਆਹ ਅਸੀਂ ਆਪ ਮੁੰਡਾ ਲੱਭ ਕੇ ਕਰ ਆਏ। ਮੇਰੇ ਵੱਡੇ ਮੁੰਡੇ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾਇਆ ਉਹ ਵੀ ਸਾਡੀ ਸਹਿਮਤੀ ਨਾਲ ਤੇ ਛੋਟੇ ਦਾ ਰਾਣੀ ਦੀ ਭਤੀਜੀ ਨਾਲ ਪੱਕਾ ਕਰ ਦਿੱਤਾ।


ਫਿਰ ਉਹੀ ਚੜ੍ਹਦੇ ਫੱਗਣ ਦੇ ਦਿਨ ਸਨ। ਮਿਸਤਰੀ ਨੇ ਕੋਠੀ ਦਾ ਕੰਮ ਮੁਕੰਮਲ ਕਰ ਦਿੱਤਾ ਸੀ। ਮੇਰੇ ਪੁੱਤਰ ਦਾ ਵਿਆਹ ਸੀ। ਜਿਹੜੇ ਘਰ ਨੇ ਮੈਨੂੰ ਠੁਕਰਾ ਦਿੱਤਾ ਸੀ ਉਸ ਘਰ ਨੇ ਹੀ ਮਿੰਨਤਾਂ ਨਾਲ ਮੇਰੇ ਪੁੱਤਰ ਦਾ ਰਿਸ਼ਤਾ ਮੰਗਿਆ। ਸ਼ਾਇਦ ਉਹ ਹੀਰੇ ਦੀ ਪਰਖ ਨਾ ਕਰ ਸਕੇ ਜਾਂ ਸ਼ਾਇਦ ਜ਼ਿੰਦਗੀ ਦੀ ਇਸ ਕਿਤਾਬ ਵਿਚ ਇਹ ਸਭ ਕੁਝ ਇੰਝ ਹੋਣਾ ਹੀ ਲਿਖਿਆ ਸੀ।

ਭਾਬੀ ਤੇ ਬਾਈ ਦੋਵੇਂ ਖੁਸ਼ ਸਨ। ਪਰ ਰਾਣੀ ਦੇ ਬਾਪੂ ਦੀਆਂ ਅੱਖਾਂ ਵਿਚ ਪਛਤਾਵਾ ਸੀ ਜਾਂ ਖੁਸ਼ੀ, ਇਹ ਮੈਂ ਦੇਖ ਨਾ ਸਕਿਆ। ਕਈ ਵਾਰ ਬੰਦਾ ਆਪਣੀ ਸਿਆਣਪ ਨਾਲ ਤਾਂ ਕਬੀਲਦਾਰੀ ਦੇ ਸਾਰੇ ਫੈਸਲੇ ਸਹੀ ਲੈਂਦਾ ਹੈ ਪਰ ਕਈ ਫੈਸਲੇ ਕਿਸਮਤ ਵੀ ਕਰ ਜਾਂਦੀ ਹੈ। ਰੱਬ ਰਾਖਾ।

# ਸੁਡਾਨ: ਸੋਨੇ ਦੀ ਚਮਕ ਹੇਠ ਦਫ਼ਨ ਹੁੰਦੀ ਇਨਸਾਨੀਅਤ

ਅੱਜ ਦੇ ਦੌਰ ਵਿਚ ਜਿੱਥੇ ਦੁਨੀਆ ਤਕਨਾਲੋਜੀ ਅਤੇ ਮਨੁੱਖੀ ਅਧਿਕਾਰਾਂ ਦੇ ਵੱਡੇ-ਵੱਡੇ ਦਾਅਵੇ ਕਰ ਰਹੀ ਹੈ, ਉੱਥੇ ਹੀ ਅਫ਼ਰੀਕੀ ਦੇਸ਼ ਸੁਡਾਨ ਦੀਆਂ ਗਲੀਆਂ ਅਤੇ ਖੇਤਾਂ ਵਿਚ ਵਹਿ ਰਿਹਾ ਲਾਲ ਲਹੂ ਸੱਭਿਅਤਾ ਦੇ ਮੱਥੇ 'ਤੇ ਕਲੰਕ ਬਣ ਗਿਆ ਹੈ। ਸੈਟੇਲਾਈਟ ਰਾਹੀਂ ਲਈਆਂ ਗਈਆਂ ਤਸਵੀਰਾਂ ਵਿਚ ਜਦੋਂ ਅਸੀਂ ਉੱਥੋਂ ਦੇ ਖੇਤਾਂ ਅਤੇ ਸੜਕਾਂ 'ਤੇ ਗੂੜ੍ਹੇ ਲਾਲ ਰੰਗ ਦੇ ਧੱਬੇ ਦੇਖਦੇ ਹਾਂ, ਤਾਂ ਉਹ ਸਿਰਫ਼ ਭੂਗੋਲਿਕ ਨਿਸ਼ਾਨ ਨਹੀਂ ਹੁੰਦੇ, ਸਗੋਂ ਉਹ ਉਨ੍ਹਾਂ ਹਜ਼ਾਰਾਂ ਬੇਗੁਨਾਹ ਰੂਹਾਂ ਦੀ ਚੀਕ ਹੁੰਦੇ ਹਨ ਜਿਨ੍ਹਾਂ ਨੂੰ ਸੱਤਾ ਦੀ ਹਵਸ ਨੇ ਮੌਤ ਦੀ ਨੀਂਦ ਸੁਆ ਦਿੱਤਾ ਹੈ। ਸੁਡਾਨ ਦੀ ਤ੍ਰਾਸਦੀ ਇਹ ਹੈ ਕਿ ਇੱਥੇ ਮਰਨ ਵਾਲਿਆਂ ਨੂੰ ਗਿਣਨ ਵਾਲਾ ਵੀ ਕੋਈ ਨਹੀਂ ਬਚਿਆ। ਗਾਜ਼ਾ ਜਾਂ ਯੂਕਰੇਨ ਦੇ ਉਲਟ, ਸੁਡਾਨ ਦੇ ਅੰਕੜੇ ਅਕਸਰ ਹਨੇਰੇ ਵਿਚ ਰਹਿ ਜਾਂਦੇ ਹਨ, ਕਿਉਂਕਿ ਇੱਥੇ ਹਸਪਤਾਲ ਖੁਦ ਕਬਰਿਸਤਾਨ ਬਣ ਚੁੱਕੇ ਹਨ।

ਸੁਡਾਨ ਦੀ ਇਹ ਬਦਕਿਸਮਤੀ ਅੱਜ ਦੀ ਨਹੀਂ ਹੈ। ਸਾਲ 1955 ਤੋਂ ਇਹ ਧਰਤੀ ਘਰੇਲੂ ਯੁੱਧ ਦੀ ਅੱਗ ਵਿਚ ਸੜ ਰਹੀ ਹੈ। ਸ਼ੁਰੂਆਤ ਵਿਚ ਇਹ ਲੜਾਈ ਧਾਰਮਿਕ ਵੰਡ (ਮੁਸਲਿਮ ਬਹੁਗਿਣਤੀ ਉੱਤਰ ਅਤੇ ਈਸਾਈ ਬਹੁਗਿਣਤੀ ਦੱਖਣ) ਦੇ ਨਾਂ 'ਤੇ ਲੜੀ ਗਈ, ਜਿਸ ਦੇ ਸਿੱਟੇ ਵਜੋਂ 2011 ਵਿਚ ਦੱਖਣੀ ਸੁਡਾਨ ਇੱਕ ਵੱਖਰਾ ਦੇਸ਼ ਬਣਿਆ। ਪਰ ਅਫ਼ਸੋਸ, ਸਰਹੱਦਾਂ ਦੀ ਵੰਡ




ਸ਼ਾਂਤੀ ਨਾ ਲਿਆ ਸਕੀ। ਅੱਜ ਦਾ ਉੱਤਰੀ ਸੁਡਾਨ ਆਪਣੇ ਹੀ ਅੰਦਰਲੇ ਕਲੇਸ਼ ਨਾਲ ਜੂਝ ਰਿਹਾ ਹੈ, ਜਿੱਥੇ ਹੁਣ ਲੜਾਈ ਧਰਮ ਦੀ ਨਹੀਂ, ਸਗੋਂ ਸੱਤਾ ਅਤੇ ਸੋਨੇ ਦੀਆਂ ਖਾਣਾਂ 'ਤੇ ਕਬਜ਼ੇ ਦੀ ਹੈ। ਜਨਰਲ ਅਬਦੇਲ ਫਤਾਹ ਅਲ-ਬੁਰਹਾਨ ਦੀ ਸਰਕਾਰੀ ਫੌਜ (SAF) ਅਤੇ ਮੁਹੰਮਦ ਹਮਦਾਨ ਡਗਾਲੋ, ਜਿਸ ਨੂੰ 'ਹੇਮੇਤੀ' ਕਿਹਾ ਜਾਂਦਾ ਹੈ, ਦੀ ਅਰਧ-ਸੈਨਿਕ ਫੋਰਸ (RSF) ਵਿਚਾਲੇ ਚੱਲ ਰਹੀ ਇਸ ਜੰਗ ਨੇ ਦੇਸ਼ ਨੂੰ ਖੰਡਰ ਬਣਾ ਦਿੱਤਾ ਹੈ।

ਇਸ ਸਾਰੇ ਕਤਲੇਆਮ ਦੀ ਜੜ੍ਹ ਵਿਚ ਸੁਡਾਨ ਦਾ ਉਹ ਸੋਨਾ ਹੈ, ਜੋ ਹੁਣ 'ਬਲੱਡ ਗੋਲਡ' (ਖੂਨੀ ਸੋਨਾ) ਬਣ ਚੁੱਕਾ ਹੈ। ਦੋਸ਼ ਲੱਗ ਰਹੇ ਹਨ ਕਿ ਸੰਯੁਕਤ ਅਰਬ ਅਮੀਰਾਤ (UAE) ਵਰਗੇ ਦੇਸ਼ ਆਪਣੀ ਸੋਨੇ ਦੀ ਪਿਆਸ ਬੁਝਾਉਣ ਲਈ ਇਸ ਜੰਗ ਨੂੰ ਹਵਾ ਦੇ ਰਹੇ ਹਨ। ਰਿਪੋਰਟਾਂ ਮੁਤਾਬਕ, ਸੁਡਾਨ ਦੀਆਂ ਖਾਣਾਂ ਵਿਚੋਂ ਨਿਕਲਣ ਵਾਲਾ ਸੋਨਾ ਗੈਰ-ਕਾਨੂੰਨੀ ਰਸਤਿਆਂ ਰਾਹੀਂ ਬਾਹਰ ਜਾਂਦਾ ਹੈ ਅਤੇ ਬਦਲੇ ਵਿਚ ਉੱਥੋਂ ਦੇ ਲੜਾਕਿਆਂ ਨੂੰ ਉਹ ਆਧੁਨਿਕ ਹਥਿਆਰ ਮਿਲਦੇ ਹਨ ਜੋ ਮਾਸੂਮਾਂ ਦਾ ਸੀਨਾ ਛੱਲਣੀ ਕਰਦੇ ਹਨ। ਇਹ ਇੱਕ ਅਜਿਹਾ ਘਿਨਾਉਣਾ ਚੱਕਰ ਹੈ ਜਿੱਥੇ ਚਮਕਦਾ ਸੋਨਾ ਇਨਸਾਨੀ ਲਾਸ਼ਾਂ ਦੇ ਢੇਰ 'ਤੇ ਖੜ੍ਹਾ ਹੈ।

ਸਭ ਤੋਂ ਦਰਦਨਾਕ ਪਹਿਲੂ ਔਰਤਾਂ ਅਤੇ ਬੱਚਿਆਂ ਦੀ ਹਾਲਤ ਹੈ। ਮਨੁੱਖੀ ਅਧਿਕਾਰ ਸੰਸਥਾਵਾਂ ਦੀਆਂ ਰਿਪੋਰਟਾਂ ਪੜ੍ਹ ਕੇ ਰੂਹ ਕੰਬ ਜਾਂਦੀ ਹੈ ਕਿ ਕਿਵੇਂ ਔਰਤਾਂ ਨੂੰ ਜੰਗ ਦੇ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਉਨ੍ਹਾਂ ਨੂੰ ਅਗਵਾ ਕਰਨਾ, ਬਲਾਤਕਾਰ ਕਰਨਾ ਅਤੇ ਤਸੀਹੇ ਦੇਣਾ ਹੁਣ ਉੱਥੇ ਰੋਜ਼ ਦੀ ਗੱਲ ਬਣ ਗਈ ਹੈ। ਪਿਛਲੇ ਕੁਝ ਸਾਲਾਂ ਵਿਚ 30 ਲੱਖ ਤੋਂ ਵੱਧ ਲੋਕਾਂ ਦੀ ਮੌਤ ਦਾ ਅਨੁਮਾਨ ਹੈ, ਪਰ ਸੰਯੁਕਤ ਰਾਸ਼ਟਰ ਵਰਗੀਆਂ ਸੰਸਥਾਵਾਂ ਅਜੇ ਵੀ ਸਿਰਫ਼ ਚਿੰਤਾ ਜਤਾਉਣ ਤੱਕ ਸੀਮਤ ਹਨ। 1.2 ਕਰੋੜ ਤੋਂ ਵੱਧ ਲੋਕ ਆਪਣੇ ਹੀ ਦੇਸ਼ ਵਿਚ ਸ਼ਰਨਾਰਥੀ ਬਣ ਗਏ ਹਨ, ਜੋ ਕਿ ਇਸ

ਨੁਕਤਾ -ਏ- ਨਜ਼ਰ



**ਗੁਰਪ੍ਰੀਤ ਸਿੰਘ ਬਿਲਿੰਗ**
**ਫੋਨ 75086-98066**
gurpreetnews@gmail.com

ਸਦੀ ਦਾ ਸਭ ਤੋਂ ਵੱਡਾ ਮਾਨਵੀ ਸੰਕਟ ਹੈ।

ਪਰ ਇਸ ਸਭ ਦੇ ਬਾਵਜੂਦ, ਦੁਨੀਆ ਦੀ 'ਚੋਣਵੀਂ ਚੁੱਪ' ਹੈਰਾਨ ਕਰਨ ਵਾਲੀ ਹੈ। ਪੂਰਾ ਮੱਧ ਪੂਰਬ, ਯੂਰਪ ਅਤੇ ਅਮਰੀਕਾ ਇਸ ਨਸਲਕੁਸ਼ੀ ਵੱਲੋਂ ਅੱਖਾਂ ਮੀਟ ਕੇ ਬੈਠੇ ਹਨ। ਕੀ ਸੁਡਾਨ ਵਿਚ ਮਰਨ ਵਾਲੇ ਇਨਸਾਨ ਨਹੀਂ ਹਨ? ਕੀ ਉਨ੍ਹਾਂ ਦੇ ਖੂਨ ਦੀ ਕੀਮਤ ਸੋਨੇ ਦੇ ਸਿੱਕਿਆਂ ਤੋਂ ਘੱਟ ਹੈ? ਜੇਕਰ ਅੱਜ ਕੌਮਾਂਤਰੀ ਭਾਈਚਾਰੇ ਨੇ ਸੋਨੇ ਦੇ ਵਪਾਰ ਅਤੇ ਹਥਿਆਰਾਂ ਦੀ ਸਪਲਾਈ 'ਤੇ ਸਖ਼ਤ ਰੋਕ ਨਾ ਲਗਾਈ, ਤਾਂ ਇਤਿਹਾਸ ਸਾਨੂੰ ਕਦੇ ਮੁਆਫ਼ ਨਹੀਂ ਕਰੇਗਾ। ਸੁਡਾਨ ਦੀ ਧਰਤੀ ਅੱਜ ਸਾਡੀ ਜ਼ਮੀਰ ਨੂੰ ਸਵਾਲ ਕਰ ਰਹੀ ਹੈ—ਕੀ ਅਸੀਂ ਸੱਚਮੁੱਚ ਇੱਕ ਸੱਭਿਅਕ ਸਮਾਜ ਹਾਂ?

# ਪਾਰੇ ਤੋਂ ਵੀ ਭਾਰਾ ਹੈ 'ਬਖ਼ਸ਼ਿੰਦਰ'

**ਅਵਤਾਰ ਸਿੰਘ ਬਿਲਿੰਗ**
ਵ੍ਹਟਸਐਪ:+91+82849-09596

ਬਖ਼ਸ਼ਿੰਦਰ ਉਰਫ਼ ਬਖ਼ਸ਼ਿੰਦਰ ਸਿੰਘ ਖੇਲਾ ਨੂੰ, ਮੈਂ ਇਕ ਪਾਠਕ ਵਜੋਂ 'ਪੰਜਾਬੀ ਟ੍ਰਿਬਿਊਨ' ਵਿਚ ਦੋ ਦਹਾਕੇ ਪਹਿਲਾਂ ਛਪਦੇ ਰਹੇ ਉਸ ਦੇ ਲੇਖਾਂ ਤੋਂ ਜਾਣਦਾ ਹਾਂ। ਉਸ ਦੀ ਰਸਦਾਇਕ ਵਾਰਤਕ, ਪਾਠਕ ਨੂੰ ਆਪਣੇ ਨਾਲ਼ ਤੋਰ ਲੈਂਦੀ। ਅਜਿਹੀ ਸ਼ੈਲੀ ਵਿਰਲੇ ਵਾਰਤਕ ਲੇਖਕਾਂ ਨੂੰ ਨਸੀਬ ਹੋਈ ਹੈ। ਹੁਣ ਦੋ-ਤਿੰਨ ਸਾਲ ਪਹਿਲਾਂ, ਉਸ ਦੇ ਦਰਸ਼ਨ 'ਫੇਸਬੁੱਕ' ਵਿਚ ਹੋਏ। ਫੇਸਬੁੱਕੀਏ ਫਰੈਂਡਾਂ ਨਾਲ਼, ਉਹ ਅਕਸਰ ਸ਼ਬਦੀ-ਭੇੜ ਲਾ ਲੈਂਦਾ। ਇਕ ਵਾਰ ਮੇਰੇ ਨਾਲ਼ ਵੀ ਉਸ ਦਾ ਫੇਸਬੁੱਕੀ ਭੇੜ ਲੱਗ ਚੱਲਿਆ ਸੀ। ਦਾਈਆਂ-ਦੁੱਕੜੇ ਖੇਡਦੇ, ਕਿਸੇ ਹੰਭੇ ਹੋਏ ਜਵਾਕ ਵਾਂਗ, ਮੈਂ ਤਾਂ ਝੱਟ ਪੱਟ ਚੀਚੀ ਨੂੰ ਥੁੱਕ ਲਾ ਕੇ, 'ਥੂਤੀ' ਕਹਿ ਕੇ, ਉਸ ਤੋਂ ਵਾਲ਼-ਵਾਲ਼ ਬਚ ਰਿਹਾ। ਪਰ ਸਤਿਲੁਜ ਦਰਿਆ ਤੋਂ ਪਾਰ ਜੰਮੇ-ਪਲ਼ੇ ਬਖ਼ਸ਼ਿੰਦਰ ਨੂੰ, ਉਰਾਰ ਵੱਸੇ, ਸਾਡੇ ਢਾਹੇ ਦੇ ਇਸ 'ਥੂਤੀ' ਸ਼ਬਦ ਦੀ ਬਿਲਕੁਲ ਸਮਝ ਨਹੀਂ ਸੀ ਲੱਗੀ। ਇਹ ਤਾਂ ਹੋਈ, ਫੇਸਬੁੱਕ ਵਾਲ਼ੀ ਮਿਲ਼ਨੀ ਦੀ ਗੱਲ। ਉਂਞ, ਉਸ ਨੂੰ ਨਿੱਜੀ ਤੌਰ 'ਤੇ, ਮੈਂ ਪਹਿਲੀ ਵਾਰ ਕੈਨੇਡਾ ਦੇ ਕਸਬੇ ਸਰੀ ਵਿਚ ਜਰਨੈਲ ਸਿੰਘ ਚਿੱਤਰਕਾਰ ਦੀ ਗੈਲਰੀ ਵਿਖੇ ਦੇਖ ਸਕਿਆ। ਲਹਿਰਾਉਂਦੀ ਬੱਗੀ ਦਾੜ੍ਹੀ! ਤਿਰਛੀ ਨਜ਼ਰ! ਖਚਰੀ ਮੁਸਕਰਾਹਟ! ਸਿਰ 'ਤੇ ਫਿਰੋਜ਼ੀ ਟੋਪੀ ਅਤੇ ਉਸ ਦੇ ਮੁਖ਼ਾਰਬਿੰਦ ਤੋਂ ਝਰ-ਝਰ ਪੈਂਦੀ, ਚਾਚਾ ਰੌਣਕੀ ਰਾਮ ਦੀ ਅਵਾਜ਼ ਵਰਗੀ ਖੜਕਵੀਂ-ਛਣਕਵੀਂ ਅਵਾਜ਼। ਡੇਹਲੋਂ ਵਾਲ਼ੇ ਸ਼ਾਇਰ ਮੋਹਣ ਗਿੱਲ ਹੋਰਾਂ ਇੱਥੇ ਮੇਰਾ ਰੂਬਰੂ ਰੱਖਿਆ ਸੀ। ਇਕੱਠੇ ਹੋਏ ਸਰੋਤਿਆਂ ਦੀ ਸੰਗਤ ਵਿਚ ਵੀ, ਮੈਂ ਸ਼ਾਇਦ ਪਹਿਲੀ ਮੁਲਾਕਾਤ ਕਰ ਕੇ, ਉਸ 'ਤਿਰਛੀ ਨਜ਼ਰ' ਦੀ ਮਾਰ ਤੋਂ ਬਚ ਰਿਹਾ।

ਬਖ਼ਸ਼ਿੰਦਰ ਇਕ ਸਫਲ ਪੱਤਰਕਾਰ ਹੋਣ ਦਾ ਲੋਹਾ ਤਾਂ 'ਪੰਜਾਬੀ ਟ੍ਰਿਬਿਊਨ' ਵਿਚ ਫ਼ਿਲਮਾਂ ਦੀ ਪਰਖ-ਪੜਚੋਲ਼ ਕਰਨ ਨਾਲ਼ ਮਨਵਾ ਚੁੱਕਾ ਸੀ। ਉਸ ਦੇ ਕਥਨ ਅਨੁਸਾਰ, ਉਸ ਦੇ ਕਾਲਮ ਦੀ ਚਰਚਾ ਸਦਕਾ, ਕੋਈ ਵੀ ਨਵੀਂ ਲੱਗੀ ਫ਼ਿਲਮ ਵੇਖਣ-ਘੋਖਣ ਲਈ, ਥੀਏਟਰ ਵਿਚ ਉਸ ਵਾਸਤੇ ਰਾਖਵੀਂ ਸੀਟ ਰੱਖੀ ਜਾਣ ਲੱਗੀ। ਇੰਞ, ਮੈਨੂੰ ਪਤਾ ਲੱਗਿਆ ਕਿ ਉਹ ਚਰਚਿਤ ਫ਼ਿਲਮ ਪੜਚੋਲ਼ੀਏ ਤੋਂ ਇਲਾਵਾ ਮਾਹਿਰ ਫ਼ਿਲਮਸਾਜ਼, ਭਾਵ-ਭਿੰਨਾ ਕਵੀ, ਵਧੀਆ ਅਨੁਵਾਦਕ, ਸਫਲ ਪਟਕਥਾ-ਲੇਖਕ, ਰੇਡੀਓ-ਟੀਵੀ-ਸਕਰਿਪਟਕਾਰ, ਨਾਵਲਕਾਰ ਤੇ ਹੋਰ ਵੀ ਬੜਾ ਕੁਝ ਹੈ। ਉਸ ਦੇ ਨਾਵਲ 'ਵਿਗੜੀ ਹੋਈ ਕੁੜੀ' ਅਤੇ 'ਇਸ਼ਕ ਨਾ ਪੁੱਛੇ ਵਾਟ' ਦੀ ਚਰਚਾ ਵੀ ਫੇਸਬੁੱਕ 'ਤੇ ਪੜ੍ਹੀ-ਸੁਣੀ ਸੀ। ਫੇਰ ਉਸ ਦਾ ਤੀਜਾ ਨਾਵਲ 'ਮਹਿਕਾਂ ਹੇਠ ਮਿੱਧਿਆ ਫੁੱਲ' ਪੜ੍ਹਨ ਦਾ ਸਬੱਬ ਬਣਿਆ। ਉਹ ਇਸ ਤਰ੍ਹਾਂ ਕਿ ਮੇਰੇ ਨਾਵਲ 'ਹੋਇਆ ਦੇਸ ਪਰਾਇਆ' ਉੱਤੇ ਰੇਡੀਓ ਨਾਟਕ ਬਣਾਇਆ ਜਾਣਾ ਸੀ, ਜਿਸ ਦੀ ਸਕਰਿਪਟ ਲਿਖਣ ਦਾ ਕੰਮ ਆਲ ਇੰਡੀਆ ਰੇਡੀਓ ਜਲੰਧਰ ਵਲੋਂ ਬਖ਼ਸ਼ਿੰਦਰ ਨੂੰ ਸੌਂਪਿਆ ਗਿਆ। ਮੈਨੂੰ ਇਸ ਦਾ ਉਦੋਂ ਪਤਾ ਲੱਗਿਆ, ਜਦੋਂ ਇਕ ਸ਼ਾਮ ਮੇਰਾ ਫ਼ੋਨ ਖੜਕਿਆ, 'ਮੈਂ ਕੈਨੇਡਾ ਤੋਂ ਬਖ਼ਸ਼ਿੰਦਰ ਬੋਲ ਰਿਹਾਂ। ਤੁਹਾਡਾ ਇਹ ਨਾਵਲ, ਰੇਡੀਓ ਨਾਟਕ ਦੇ ਰੂਪ 'ਚ ਡਾਲਣੈ। ਫ਼ੋਨ 'ਤੇ ਹੀ ਸਹਿਯੋਗ ਦੇਣਾ ਪਊ।' ਉਸ ਨੇ ਆਡਰ ਛੱਡਿਆ ਅਤੇ ਪੈਂਦੀ ਸੱਟ ਆਪਣੇ ਨਵੇਂ ਨਾਵਲ 'ਮਹਿਕਾਂ ਹੇਠ ਮਿੱਧਿਆ ਫੁੱਲ' ਦੀ ਪੀਡੀਐੱਫ ਮੈਨੂੰ ਪੜ੍ਹਨ ਲਈ, ਈ ਮੇਲ ਕਰ ਦਿੱਤੀ। ਸੋ ਮੇਰੇ ਨਾਵਲ 'ਹੋਇਆ ਦੇਸ ਪਰਾਇਆ' ਦੇ ਪੱਜ, ਸਾਡੀ ਨਿੱਤ ਦੀ ਫ਼ੋਨਾ-ਫ਼ਾਨੀ ਚੱਲ ਪਈ। ਨਾਵਲ ਦੇ ਨਾਟਕੀਕਰਨ ਦੀਆਂ, ਤੇਰਾਂ ਲੰਬੀਆਂ ਕਿਸ਼ਤਾਂ ਲਿਖਣੀਆਂ ਸਨ ਜਿਨ੍ਹਾਂ ਵਿਚ ਹਰੇਕ ਦੇ ਬਾਰਾਂ-ਤੇਰਾਂ ਸੀਨ ਹੁੰਦੇ। ਹਰ ਰੋਜ਼, ਦੋ ਤਿੰਨ ਟਾਈਮ, ਸਾਡਾ ਆਪਸੀ ਵਾਰਤਾਲਾਪ ਜ਼ਰੂਰ ਹੁੰਦਾ। ਤੇ ਨਾਲ਼ ਦੀ ਨਾਲ਼, ਫ਼ੋਨ ਉੱਤੇ ਹੀ ਇਸ ਹਸਤੀ ਦੇ ਅੰਦਰੂਨੀ ਦਰਸ਼ਨ-ਦੀਦਾਰੇ ਹੋਣੇ ਵੀ ਕੁਦਰਤੀ ਸਨ।


ਬਖ਼ਸ਼ਿੰਦਰ ਹਰ ਤਰ੍ਹਾਂ ਦੇ ਕੌੜੇ-ਮਿੱਠੇ ਤਜਰਬੇ ਨਾਲ਼, ਨੱਕੋ-ਨੱਕ ਭਰਿਆ ਹੈ। ਫ਼ਿਲਮਸਾਜ਼ੀ ਤੇ ਫ਼ਿਲਮਾਂ ਬਾਰੇ, ਪੱਤਰਕਾਰੀ ਤੇ ਪੱਤਰਕਾਰਾਂ ਬਾਰੇ, ਅਖ਼ਬਾਰਾਂ ਤੇ ਅਖ਼ਬਾਰ ਮਾਲਕਾਂ ਬਾਰੇ, ਰਿਸ਼ਤੇਦਾਰਾਂ ਤੇ ਨਿਭਦੇ-ਨਾ ਨਿਭਦੇ ਰਿਸ਼ਤਿਆਂ ਬਾਰੇ, ਉਸ ਦੀਆਂ ਗੱਲਾਂ ਮੁੱਕਦੀਆਂ ਨਹੀਂ। ਉਹ 'ਨਵਾਂ ਜ਼ਮਾਨਾ', 'ਜੱਗ-ਬਾਣੀ' ਅਤੇ 'ਪੰਜਾਬੀ ਟ੍ਰਿਬਿਊਨ' ਦਾ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਲਈ, ਸੰਪਾਦਨ ਕਰਦਾ ਰਿਹਾ ਹੈ। ਉਸ ਨੂੰ ਖ਼ਬਰ ਬਣਾਉਣੀ ਆਉਂਦੀ। 'ਕਾਲ਼ੇ ਲੇਖ' ਨਾਂ ਦੀ ਪੁਸਤਕ 'ਸ਼ਬਦਦੰਗਲ' ਕਾਲਮ ਹੇਠ ਛਪਦੇ ਰਹੇ, ਉਸ ਦੇ ਕਰਾਰੇ ਅਖ਼ਬਾਰੀ ਆਰਟੀਕਲਾਂ ਦੀ ਅਤੇ 'ਪੱਤਰਕਾਰੀ ਕਿ ਤਰਕਾਰੀ' ਸੰਸਮਰਣ ਪੁਸਤਕਾਂ ਹਨ। 'ਪੱਤਰਕਾਰੀ ਦਾ ਅਗਲਾ ਪੜਾਅ-ਸੋਸ਼ਲ ਮੀਡੀਆ' ਵੀ ਉਸ ਦੀ ਕ੍ਰਿਤ ਹੈ। ਇੱਥੇ ਹੀ ਬੱਸ ਨਹੀਂ, 'ਕੱਚ ਦਾ ਆਦਮੀ', 'ਦੋ ਗੁਲਫ਼ਾਮਾਂ ਦੀ ਤੀਸਰੀ ਕਸਮ', ਉਸ ਵੱਲੋਂ ਹਿੰਦੀ ਤੋਂ, ਅਤੇ 'ਪ੍ਰੇਰਨਾ ਦਾ ਝਰਨਾ' ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦਿਤ ਤਿੰਨ ਪੁਸਤਕਾਂ ਹਨ।

ਉਹ ਚਲਦਾ-ਫਿਰਦਾ ਰੰਗ ਕਰਮੀ ਹੈ। 'ਸਭ ਤੋਂ ਗੰਦੀ ਗਾਲ਼' ਉਸ ਦਾ ਨਾਟਕ ਸੰਗ੍ਰਹਿ ਹੈ। ਉਸ ਦੇ ਨਾਟਕ 'ਇਸ਼ਤਿਹਾਰ' ਨੇ 1989 ਵਿਚ ਹੋਏ ਆਲ ਇੰਡੀਆ ਰੇਡੀਓ ਮੁਕਾਬਲੇ ਵਿਚੋਂ ਨੈਸ਼ਨਲ ਐਵਾਰਡ ਜਿੱਤਿਆ। ਉਹ 1988 ਤੋਂ ਅਕਾਸ਼ਬਾਣੀ ਜਲੰਧਰ ਦਾ ਪ੍ਰਵਾਨਿਤ ਕਵੀ ਹੈ। ਉਸ ਦੇ ਬੋਲਣ ਦਾ ਅੰਦਾਜ਼ ਤੇ ਅਵਾਜ਼ ਦੋਵੇਂ ਫ਼ਿਲਮੀ ਐਕਟਰਾਂ ਵਾਲੇ ਹਨ। 'ਫ਼ਿਲਮਸਾਜ਼ੀ', ਉਸ ਦੀ ਇਸ ਵਿਧਾ ਬਾਰੇ ਖੋਜ ਅਧਾਰਿਤ ਆਪਣੀ ਕਿਸਮ ਦੀ ਇਕੋ-ਇੱਕ ਪੁਸਤਕ ਹੈ, ਜਿਹੜੀ ਦਿੱਲੀ ਯੂਨੀਵਰਸਿਟੀ ਦੇ ਅੰਡਰ-ਗ੍ਰੈਜੂਏਟ ਕੋਰਸ ਵਿਚ ਪਿਛਲੇ ਕਈ ਸਾਲਾਂ ਤੋਂ ਲੱਗੀ ਹੋਈ ਹੈ। 'ਤੇਰੀ ਫਿਲਮ' ਨਾਂ ਦੀ ਇਕ ਸ਼ੌਰਟ ਫਿਲਮ ਦਾ ਉਹ ਲੇਖਕ ਅਤੇ ਨਿਰਦੇਸ਼ਕ ਵੀ ਹੈ। 'ਬਾਬਾ ਇਨਕਲਾਬ ਸਿੰਘ' ਫ਼ਿਲਮ ਦਾ ਸਕਰਿਪਟ ਲੇਖਕ ਹੈ। ਉਸ ਦੀ ਬੋਲੀ ਵਿਚਲਾ ਗੜ੍ਹਕਾ ਕਿਸੇ ਵੱਡੇ ਠਾਣੇਦਾਰ ਵਾਲ਼ਾ ਹੈ। ਜਿਵੇਂ ਪਹਿਲਾਂ ਜ਼ਿਕਰ ਕੀਤਾ, ਪੰਜਾਬੀ ਭਾਸ਼ਾ ਉੱਤੇ ਉਸ ਨੂੰ ਅਬੂਰ ਹਾਸਲ ਹੈ। ਸਤਿਲੁਜ ਅਤੇ ਬਿਆਸ ਵਿਚਲੇ ਦੁਆਬਾ ਖਿੱਤੇ ਦੀ ਬੋਲੀ, ਉਸ ਲਈ ਇਕੋ-ਇੱਕ ਅਸਲ ਠੇਠ ਪੰਜਾਬੀ ਬੋਲੀ ਹੈ, ਜਿਹੜੀ ਰੇਡੀਓ-ਟੀਵੀ ਵਲੋਂ ਪੰਜਾਬ ਦੀ ਕੇਂਦਰੀ ਜ਼ਬਾਨ ਮੰਨੀ ਗਈ ਹੈ। ਇਸ ਨੂੰ ਹੀ ਉਹ ਧੋਤੀ-ਮਾਂਜੀ ਪੰਜਾਬੀ ਸਮਝਦਾ ਹੈ। ਬਾਕੀ ਸਤਿਲੁਜ ਤੋਂ ਜਮਨਾ ਤਕ ਫੈਲੇ, ਮੁਕਾਬਲਤਨ ਜ਼ਿਆਦਾ ਖੁੱਲ੍ਹੇ-ਡੁੱਲ੍ਹੇ ਮਾਲਵੇ ਵਿਚਲੀਆਂ- ਢਾਹੀ, ਮਲਵਈ, ਪੁਆਧੀ, ਬਾਂਗਰੂ ਆਦਿ ਉਪ-ਭਾਸ਼ਾਵਾਂ ਜਾਂ ਲਹਿੰਦੀ ਦੇ ਵੱਖੋ-ਵੱਖਰੇ ਰੰਗ ਉਸ ਵਾਸਤੇ ਸਿਰਫ਼ ਸਥਾਨਕ ਲਹਿਜੇ ਹਨ, ਜਿਨ੍ਹਾਂ ਵਿਚਲਾ ਕੋਈ ਲੋਕਲ ਸ਼ਬਦ ਜੇ ਉਸ ਦੀ ਸਮਝ ਵਿਚ ਨਾ ਆਵੇ ਤਾਂ ਉਹ ਲੇਖਕ ਉੱਤੇ ਨੂੰ ਝਈਆਂ ਲੈ ਲੈ ਪੈਂਦਾ ਹੈ ਜਦੋਂ ਕਿ ਲੋੜ ਪੈਣ ਉੱਤੇ ਉਹ ਆਪ ਆਪਣੇ ਪਿੰਡ 'ਮੁਆਈ' ਜ਼ਿਲ੍ਹਾ ਜਲੰਧਰ ਵਿਚ ਬੋਲੇ ਜਾਣ ਵਾਲ਼ੇ ਕਈ ਮੂਲ਼ੋਂ ਪੇਂਡੂ ਸ਼ਬਦ ਵੀ ਵਰਤਣ ਤੋਂ ਸੰਕੋਚ ਨਹੀਂ ਕਰਦਾ।

ਆਪਣੇ ਹੱਡੀਂ ਹੰਢਾਏ ਤਜਰਬਿਆਂ ਬਾਰੇ ਉਹ ਪੂਰਾ ਥੀਸਿਸ ਲਿਖ ਸਕਦਾ ਹੈ। ਜੀਵਨ ਅਤੇ ਪੱਤਰਕਾਰੀ ਵਿਚਲੇ ਕੌੜੇ-ਕੁਸੈਲ਼ੇ ਅਨੁਭਵਾਂ ਬਾਰੇ ਉਹ ਆਪਣੀ ਲੰਬੀ ਦਰਦ-ਏ-ਦਾਸਤਾਨ ਲਿਖ ਰਿਹਾ ਹੈ। ਨਿੱਜੀ ਜ਼ਿੰਦਗੀ ਬਾਰੇ, ਫ਼ਿਲਮੀ ਹਸਤੀਆਂ ਬਾਰੇ, ਅਖ਼ਬਾਰਾਂ-ਰੇਡੀਓ-ਟੈਲੀਵਿਯਨ ਦੇ ਉੱਚੇ-ਨੀਵੇਂ ਅਹੁਦਿਆਂ ਉੱਪਰ ਵਰਤਦੇ-ਵਿਚਰਦੇ ਰਹੇ ਕਾਰਕੁਨਾਂ ਬਾਰੇ ਉਹ ਬੜੇ ਦਿਲਚਸਪ ਕਿੱਸੇ ਆਪਣੇ ਅੰਦਰ ਸੰਭਾਲ਼ੀ ਬੈਠਾ ਹੈ। ਜਦੋਂ ਉਹ, ਇਹ ਕਿੱਸੇ ਉਗਲ਼ਣ ਲੱਗਿਆ, ਪਤਾ ਨਹੀਂ, ਕਿਸ ਕਿਸ ਨੂੰ ਧਰ ਕੇ ਲਵੇਗਾ। ਰੱਬ ਖ਼ੈਰ ਕਰੇ! 'ਸਰੀਨਾਮਾ' ਇਸ ਘੁਮੱਕੜ ਜਿਊੜੇ ਦੀ ਸਰੀ-ਵੈਨਕੂਵਰ ਦੇ ਸਭਿਆਚਾਰ ਅਤੇ ਇਤਿਹਾਸ ਬਾਰੇ ਵੇਰਵੇ ਭਰਪੂਰ ਦਿਲਚਸਪ ਪੁਸਤਕ ਹੈ। ਉਹ ਹਰ ਵਿਸ਼ੇ ਬਾਰੇ, ਪੈਰ ਗੱਡ ਕੇ ਬਹਿਸ ਕਰ ਸਕਦਾ ਹੈ। ਇਸ ਵਿਚ ਉਸ ਨੂੰ ਕਾਲਜ ਦੇ ਦਿਨਾਂ ਤੋਂ ਤਜਰਬਾ ਹੈ। ਉਹ ਯੂਨੀਵਰਸਿਟੀ ਪੱਧਰ ਦੇ ਭਾਸ਼ਨ-ਮੁਕਾਬਲਿਆਂ ਵਿਚ ਗੱਜ-ਵੱਜ ਕੇ ਹਿੱਸਾ ਲੈਂਦਾ ਰਿਹਾ ਹੈ ਅਤੇ ਆਪਣੇ ਕਾਲਜ ਦੇ ਪ੍ਰੋਫੈਸਰਾਂ ਨਾਲ਼ ਵੀ 'ਭਿੜਦਾ-ਇੜਦਾ' ਰਿਹਾ ਹੈ। ਉਸ ਦੇ ਇਕ ਸੁਹਿਰਦ ਪ੍ਰੋਫੈਸਰ ਦੀ ਨਸੀਹਤ ਅਨੁਸਾਰ ਉਸ ਨੂੰ 'ਵਕੀਲ' ਬਣਨਾ ਚਾਹੀਦਾ ਸੀ, ਪਰ ਉਸ ਨੇ ਜਰਨਲਿਜ਼ਮ ਵਿਚ ਮਾਸਟਰ ਡਿਗਰੀ ਲੈਣ ਨੂੰ ਤਰਜੀਹ ਦਿੱਤੀ ਤੇ ਉਹ ਵੀ ਜਰਨਲਿਸਟ ਬਣ ਜਾਣ ਮਗਰੋਂ। ਵੈਸੇ, ਇਸ ਖੇਤਰ ਵਿਚ ਤਾਂ ਉਹ ਪਹਿਲਾਂ ਹੀ ਇਕ ਲੇਖੇ ਨਾਲ਼ 'ਪੀ-ਐੱਚ.ਡੀ.' ਹੈ। ਜਰਨਲਿਜ਼ਮ ਦੀਆਂ ਦੋ ਡਿਗਰੀਆਂ ਤਾਂ ਉਸ ਨੇ ਇਸ ਪੇਸ਼ੇ ਦੇ ਸਹਿਯੋਗੀਆਂ ਉੱਤੇ ਲੱਤ ਫੇਰਨ ਲਈ ਹੀ ਪਾਸ ਕੀਤੀਆਂ ਸਨ। ਉਹ ਕਿਸੇ ਐਰੇ-ਗੈਰੇ, ਨੱਥੂ-ਖੈਰੇ ਦੀ ਪਰਵਾਹ ਨਹੀਂ ਕਰਦਾ। ਮਿੱਤਰਚਾਰੇ ਬਾਰੇ ਉਸ ਦੀ ਧਾਰਨਾ ਹੈ:

ਅਦਬ ਸੇ ਆਰੀ ਦਰਿੰਦਾ-ਸਿਫ਼ਾਤ ਲੋਗੋਂ ਮੇਂ,
ਮੈਂ ਬੈਠਤਾ ਹੀ ਨਹੀਂ ਵਾਹਿਯਾਤ ਲੋਗੋਂ ਮੇਂ।
ਨਹੀਂ ਤਵੀਲ ਮਿਰੇ ਆਸ਼ਨਾਓਂ ਕੀ ਫ਼ਹਰਿਸਤ,
ਮੈਂ ਜਾਨਾ ਜਾਤਾ ਹੂੰ ਬਸ ਪਾਂਚ ਸਾਤ ਲੋਗੋਂ ਮੇਂ।

ਉਸ ਨੇ ਹੁਣ ਤਕ ਤਿੰਨ ਨਾਵਲ ਲਿਖੇ ਹਨ, ਕਿੰਨਿਆਂ ਦੀ ਹੀ ਲੰਬੀ ਲਿਸਟ ਅੱਗੇ ਬਣਾਈ ਬੈਠਾ ਹੈ। ਉਸ ਦੇ ਦੱਸਣ ਮੁਤਾਬਕ, ਨਾਵਲ ਲਿਖਣ ਤੋਂ ਕਿੰਨਾ ਅਰਸਾ ਪਹਿਲਾਂ ਉਸ ਨੂੰ ਸੰਭਾਵੀ ਰਚਨਾ ਦਾ ਨਾਉਂ ਸੁੱਝਦਾ ਹੈ ਅਤੇ ਨਾਮ ਅਧਾਰਿਤ ਨਾਵਲ, ਉਸ ਦੀ ਹੱਡ-ਬੀਤੀ ਜਾਂ ਜੱਗ-ਬੀਤੀ ਵਿਚੋਂ ਉੱਸਰਨਾ ਅਰੰਭ ਹੋ ਜਾਂਦਾ ਹੈ। ਨਾਵਲਨਿਗਾਰੀ ਬਾਰੇ ਉਸ ਦੀ ਆਪਣੀ ਥਿਊਰੀ ਹੈ। ਇਕਹਿਰੀ



ਕਹਾਣੀ ਸਿੱਧੀ ਤੁਰੀ ਜਾਵੇ। ਕਹਾਣੀ ਵਿਚ ਆਈ ਖੜੋਤ ਜਾਂ ਇਧਰਲਾ-ਓਧਰਲਾ ਵਿਸਥਾਰ ਉਸ ਨੂੰ ਨਹੀਂ ਭਾਉਂਦਾ। ਉਹ ਪਾਠਕ ਦੀ ਨਰਾਜ਼ਗੀ ਸਹੇੜਨ ਦੇ ਹੱਕ ਵਿਚ ਨਹੀਂ। ਉਸ ਲਈ ਨਾਵਲ ਖੁੱਲ੍ਹੇ ਦਰਿਆ ਦੇ ਪਾਟ ਵਾਲ਼ਾ ਕਦੇ ਵੀ ਨਹੀਂ, ਸਗੋਂ ਪਹਾੜੋਂ ਉਤਰਦੀ ਕੂਲ੍ਹ ਵਾਂਗ ਸਿੱਧਾ ਸਪਾਟ ਦੌੜਦਾ ਹੀ ਸੋਭਦਾ ਹੈ। ਕਿੰਨੇ ਸਬ ਪਲਾਟਾਂ ਵਿਚ ਅੜਿੱਕਾ ਬਣਦੇ ਕਿਸੇ ਪਾਤਰ ਨੂੰ ਪੜ੍ਹਦਾ, ਉਹ ਕਾਹ਼ਲਾ ਪੈਂਦਾ, ਬੁਰਾ-ਭਲਾ ਕਹਿਣ ਤੋਂ ਗੁਰੇਜ਼ ਨਹੀਂ ਕਰਦਾ। ਮੇਰੇ ਖਿਆਲ ਵਿਚ ਜੇ ਕਿਤੇ ਅਜਿਹਾ ਗਾਲੜੀ ਪਾਤਰ ਉਸ ਨੂੰ ਸੱਚਮੁੱਚ ਸਾਹਮਣੇ ਟੱਕਰ ਜਾਵੇ, ਉਹ ਉਸ ਦੀ 'ਗਿੱਦੜ-ਕੁੱਟ' ਕਰ ਕੇ ਅਕਾਊਪਣ ਦੇ ਸਾਰੇ ਬਦਲੇ ਲੈ ਲਵੇਗਾ। ਮੇਰੇ ਨਾਵਲ 'ਹੋਇਆ ਦੇਸ ਪਰਾਇਆ' ਦਾ ਕੇਂਦਰੀ ਪਾਤਰ ਸਰੂਪਾ ਨਸ਼ਿਆਂ ਤੇ ਖੇਤੀਬਾੜੀ ਵਿਚਲੀ 'ਮਿੱਸਮੈਨੇਜਮੈਂਟ' ਕਾਰਨ ਆਪਣਾ ਇਕ ਪੁੱਤਰ ਗਵਾ ਬੈਠਦਾ ਹੈ ਤੇ ਦੂਜਾ ਵੀ ਤਬਾਹੀ ਵਾਲੇ ਰਾਹ ਪਿਆ ਹੈ। ਅਜਿਹੇ ਮਾੜੇ ਹਾਲਾਤ ਦਾ ਸ਼ਿਕਾਰ ਸਰੂਪਾ ਲਗਾਤਾਰ ਬੋਲਦਾ, ਨਾਟਕੀਕਰਨ ਕਰਦੇ ਬਖ਼ਸ਼ਿੰਦਰ ਨੂੰ ਵਿਹੁ ਵਰਗਾ ਲੱਗਦਾ। ਉਹ ਮੁੜ-ਮੁੜ ਕਪਾਲ਼-ਫਟੇ, ਸਰੂਪੇ ਮਗਜ਼ਮਾਰ ਉੱਤੇ ਕਚੀਚੀਆਂ ਵੱਟਦਾ ਤਾਂ ਮੈਨੂੰ ਡਰ ਲੱਗਦਾ ਕਿਧਰੇ ਏਨਾ ਖਿਝਿਆ ਹੋਇਆ ਉਹ ਫ਼ੋਨ ਵਿਚੋਂ ਹੀ ਮੇਰੇ ਵੱਲ ਨਾ ਕੋਈ ਵਿਹੁ-ਵਿਲੁੱਸਾ ਤੀਰ ਛੱਡ ਦੇਵੇ। ਬੇਸ਼ੱਕ, ਉਸ ਦੀ ਆਪਣੀ ਹਰ ਰੌਚਕ ਅਤੇ ਪਾਠਕ ਨੂੰ ਅੱਗੇ ਹੀ ਅੱਗੇ ਧੂੰਹਦੀ, ਨਾਵਲੀ ਰਚਨਾ ਉੱਤੇ ਫਿਲਮ ਬਣਾਈ ਜਾ ਸਕਦੀ ਹੈ। ਉਹ ਹਰੇਕ ਨਾਵਲ ਵਿਚ ਆਪ ਚਸਕਾ ਲੈਣ ਦੇ ਹੱਕ ਵਿਚ ਨਹੀਂ, ਪਰ ਵਿਸ਼ਾ ਅਜਿਹਾ ਛੋਂਹਦਾ ਹੈ ਕਿ ਉਸ ਦੇ ਪਾਤਰ ਜਿਨਸੀ ਸੰਸਾਰ ਵੱਲ ਮੱਲੋ-ਮੱਲੀ ਧੱਕੇ ਤੁਰੇ ਜਾਂਦੇ ਪ੍ਰਤੀਤ ਹੁੰਦੇ। ਉਸ ਦਾ ਸਿਰਜਿਆ ਨਾਵਲੀ ਮਾਹੌਲ ਹੀ ਅਜਿਹੀ ਮੰਗ ਕਰਦਾ ਹੈ।

ਬਖ਼ਸ਼ਿੰਦਰ ਦਾ ਚੰਚਲ ਸੁਭਾਅ ਭਾਦੋਂ ਦੀ ਧੁੱਪ-ਛਾਂ ਵਰਗਾ ਹੈ ਜਿਸ ਵਿਚ ਤਿੱਖੀ ਤਪਸ਼ ਜ਼ਿਆਦਾ ਹੈ, ਲਿਸ਼ਕਦੀ ਧੁੱਪ ਵਿਚ ਘੁੰਮਦੀ ਟਾਵੀਂ-ਟਾਵੀਂ ਮੋਟੀ ਬੱਦਲੀ ਕਦੋਂ ਤਪਦੇ ਸੂਰਜ ਅੱਗੇ ਆ ਕੇ ਠੰਢ ਵਰਤਾਵੇ, ਨਿਸਚੇ ਨਾਲ਼ ਨਹੀਂ ਕਹਿ ਸਕਦੇ। ਉਹ ਫ਼ੋਨ ਕਰੇਗਾ, ਕੁਝ ਪੁੱਛਣ ਲਈ। ਜੇ ਫ਼ੋਨ ਚੁੱਕਣ ਵਿਚ ਰਤਾ ਦੇਰ ਹੋ ਜਾਵੇ, ਕੱਪੜਿਆਂ ਤੋਂ ਬਾਹਰ ਹੋ ਜਾਵੇਗਾ। ਉਸ ਦੀ ਮਾਰੀ ਸੀਟੀ ਦਾ ਜਵਾਬ, ਉਹ ਤੁਰਤ ਭਾਲ਼ਦਾ ਹੈ। ਇਸ ਤੋਂ ਬਾਅਦ ਜੇ ਸੁੱਖ ਰਹੇ ਤਾਂ ਫ਼ੋਨ ਉੱਤੇ ਗੱਲ ਸ਼ੁਰੂ ਹੋਵੇਗੀ, ਪਰ ਦੂਜੇ ਪਲ ਸਾਰਾ ਕੁਝ ਆਪ ਦੱਸਣ ਲੱਗ ਪਵੇਗਾ। ਕਹਿਣ ਤੋਂ ਭਾਵ ਹੈ, ਉਹ ਭਾਵੇਂ ਗੱਲ ਕਰੇ ਜਾਂ ਫ਼ੋਨ, ਸਾਹਮਣੇ ਵਾਲ਼ੇ ਤੋਂ ਗੱਲਬਾਤ ਦੀ ਗੇਂਦ ਤੁਰਤ-ਫੁਰਤ ਖੋਹ ਕੇ ਅੱਗੇ ਤੋਂ ਅੱਗੇ ਆਪ ਹੀ ਅਜਿਹੀ 'ਕੈਰੀ' ਕਰੇਗਾ ਕਿ 'ਆਰਟ ਔਫ ਕਨਵਰਸੇਸ਼ਨ' ਦਾ ਵੱਡਾ ਮਾਹਿਰ ਵੀ ਗੱਲਬਾਤ ਵਾਲ਼ੀ ਉਹ 'ਬਾਲ' ਉਸ ਤੋਂ ਮੁੜ ਕੇ ਖੋਹ ਨਹੀਂ ਸਕਦਾ। ਉਸ ਦੇ ਬੋਲਦਿਆਂ ਕੀ ਮਜਾਲ, ਅਗਲਾ ਵਿਚਾਲ਼ਿਓਂ ਟੋਕ ਜਾਵੇ। ਜੇ ਬਾਈਚਾਨਸ, ਆਪਾਂ ਅਜਿਹੇ ਨਾਜ਼ਕ ਮੌਕੇ ਕੁਝ ਦੱਸਣ ਦੀ ਗੁਸਤਾਖ਼ੀ ਕਰ ਬੈਠੀਏ ਤਾਂ ਵਾਲੀਵਾਲ਼ ਖੇਡਦੇ ਕਿਸੇ ਜ਼ਬਰਦਸਤ ਖਿਡਾਰੀ ਵਾਂਗ ਇੱਕ ਦਮ ਦੋਹਾਂ ਹੱਥਾਂ ਨਾਲ਼ ਉਸ ਵਲੋਂ ਭਰਵੀਂ 'ਵੌਲੀ' ਆਈ ਲਓ- 'ਏਹ ਗੱਲ ਮੈਂ ਕਦ ਪੁੱਛੀ ਐ? ਤੁਹਾਡੇ ਖਿਆਲ 'ਚ ਹੁਣ ਮੈਨੂੰ ਨਾਵਲ ਲਿਖਣਾ ਤੁਹਾਤੋਂ ਸਿੱਖਣਾ ਪਏਗਾ? ਤੁਸੀਂ ਪੱਤਰਕਾਰੀ ਕਰਨੀ ਵੀ ਮੈਨੂੰ ਸਿਖਾਓਗੇ? ਤੁਸੀਂ ਕੋਈ ਫਿਲਮ ਦੇਖੀ ਵੀ ਹੈ? ਤੈਨੂੰ ਸੁਆਹ ਤੇ ਖੇਹ ਜਾਣਕਾਰੀ ਹੈ। ਸਾਡੇ ਪੰਜਾਬੀ ਲੇਖਕ, ਚੱਜ ਦੇ ਦੇਸੀ-ਬਦੇਸੀ ਨਾਵਲ ਪੜ੍ਹਦੇ ਕਿੱਥੇ ਨੇ?' ਅਜਿਹੇ ਮੌਕੇ ਗੱਲ-ਕੱਥ ਵਿਚ ਸ਼ਾਮਲ ਅਜਿਹਾ ਮੂਕ ਸਰੋਤਾ ਬੇਵਕਤ ਟੋਕਾ-ਟਾਕੀ ਦਾ ਗੰਭੀਰ ਸਿੱਟਾ ਭੁਗਤਦਾ, ਮਨ ਹੀ ਮਨ ਗੁਰਬਾਣੀ ਦਾ ਇਹ ਵਾਕ ਉਚਾਰਨੋਂ ਨਹੀਂ ਰਹਿ ਸਕਦਾ:

ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥

ਦੇਖੋ ਜੀ, ਲੋਕ ਕਿਸੇ ਨੂੰ ਲੱਖ ਮੰਦਾ-ਚੰਗਾ ਆਖੀ ਜਾਣ, ਹਰੇਕ ਇਨਸਾਨ ਦੇ ਵੀ ਬੜੇ ਪਿਆਰੇ, ਦਿਲ ਨੇੜਲੇ ਸੱਜਨ-ਸਨੇਹੀ ਹੁੰਦੇ ਨੇ। ਬਖ਼ਸ਼ਿੰਦਰ ਤਾਂ ਫੇਰ ਸਾਡਾ ਹਰਫ਼ਨ ਮੌਲਾ ਕਲਾਕਾਰ ਹੈ। ਪੱਤਰਕਾਰੀ ਵਿਚ ਲੋਹੜੇ ਦੀ ਮੁਹਾਰਤ ਰੱਖਦਾ ਹੈ। ਆਪਣੀ ਧਾਰਨਾ ਅਨੁਸਾਰ, ਉਹ ਜਿੰਨਾ ਮਰਜ਼ੀ 'ਵਾਹਿਯਾਤ ਲੋਗਾਂ' ਤੋਂ ਕਿਨਾਰਾ ਕਰੀ ਜਾਵੇ, ਉਸ ਦੇ ਮਿੱਤਰਾਂ ਦਾ ਘੇਰਾ ਵੀ ਮੋਕ਼ਲਾ ਹੈ। ਜਰਨਲਿਜ਼ਮ ਵਿਚ ਗੁਣਾਂ ਦੀ ਗੁੱਥਲੀ ਹੋਣ ਕਰ ਕੇ ਹੀ ਉਹ ਕੁਹਾੜੇ-ਜੰਡਾਲ਼ੀ ਵਾਲ਼ੇ ਆਪਣੇ ਪਹਿਲੇ ਰੁਜ਼ਗਾਰਦਾਤਾ ਦਿਲਬਾਗ਼ ਸਿੰਘ ਗਿੱਲ ਦੇ ਮਨ ਪੁੜ ਗਿਆ ਸੀ। ਉਸ ਦਾ ਰੱਬ ਅਤੇ ਸਬੱਬ ਵਿਚ ਪੂਰਾ ਵਿਸ਼ਵਾਸ ਹੈ। ਗਿੱਲ ਸਾਹਿਬ ਨੂੰ ਮਿਲ਼ਣਾ ਵੀ ਇਕ ਸਬੱਬ ਬਣਿਆਂ। ਬੀ.ਏ. ਐੱਮ.ਏ. ਔਨਰਜ਼ ਅਤੇ ਉਰਦੂ ਵਿਚ ਸਰਟੀਫਿਕੇਟ ਹਾਸਲ ਕਰ ਕੇ ਬੇਰੁਜ਼ਗਾਰੀ ਹੰਢਾਉਂਦਾ, ਉਹ ਇਕ ਬੁੱਕ ਸਟਾਲ 'ਤੇ ਰਸਾਲੇ-ਕਿਤਾਬਾਂ ਫਰੋ਼ਲ ਰਿਹਾ ਸੀ, ਜਦੋਂ ਬੁੱਕ-ਸਟਾ਼ਲ ਦੇ ਮਾਲਕ ਨਾਲ਼ ਗੱਲੀਂ ਪਏ ਨੂੰ ਜੰਡਾਲ਼ੀ ਵਿਖੇ 'ਸੰਪਾਦਕ ਦੀ ਲੋੜ' ਬਾਰੇ ਪਤਾ ਲੱਗਿਆ ਤੇ ਉਹ ਝੱਟ ਪੱਟ 'ਅਣੂ' ਰਸਾਲੇ ਵਾਲ਼ੇ 'ਸਾਊ ਸ਼ੁਕੀਨ' ਸੁਰਿੰਦਰ ਕੈਲੇ ਨੂੰ ਜਾ ਮਿਲ਼ਿਆ ਜਿਸ, ਰਾਹੀਂ ਗਿੱਲ ਸਾਹਿਬ ਵਰਗਾ ਸੁਹਿਰਦ ਇਨਸਾਨ ਲੱਭ ਪਿਆ ਜਿਸ ਦੇ ਪਿੰਡ ਕੁਹਾੜਾ-ਜੰਡਾਲੀ ਤੋਂ ਨਿਕਲਦੇ, ਮੁਰਗੀ ਪਾਲਣ ਸੰਬੰਧੀ ਰਸਾਲੇ 'ਪੋਲਟਰੀ ਵਿਗਿਆਨ' ਦਾ ਉਹ ਇਕ ਫਰਮਾਬਰਦਾਰ ਤੇ ਸਫਲ ਸੰਪਾਦਕ ਰਿਹਾ ਹੈ। ਜਦੋਂ ਉਸ ਮੈਗਜ਼ੀਨ ਦੇ ਹਿੱਸੇਦਾਰਾਂ ਦੇ ਆਪਸੀ ਕਲੇਸ ਕਾਰਨ ਇਸ ਨੂੰ, ਉਹ ਜੌਬ ਛੱਡਣੀ ਪਈ ਤਾਂ ਗਿੱਲ ਸਾਹਿਬ ਨੇ ਗਲੇਡੂ ਭਰਦਿਆਂ ਆਖਿਆ ਸੀ, 'ਕਾਕਾ, ਤੇਰੀ ਦਿਆਨਤਦਾਰੀ ਤੇ ਕੰਮ ਕਰਨ ਦੀ ਮੁਹਾਰਤ, ਲਗਨ ਤੇ ਵਫ਼ਾਦਾਰੀ ਕਰ ਕੇ ਮੈਂ ਤੈਨੂੰ ਛੱਡਣਾ ਨਹੀਂ ਸੀ ਚਾਹੁੰਦਾ, ਪਰ ਕੀ ਕਰੀਏ ਮੇਰੀ ਮਜਬੂਰੀ ਹੈ, ਮੈਨੂੰ ਮੈਗਜ਼ੀਨ ਹੀ ਬੰਦ ਕਰਨਾ ਪੈ ਰਿਹਾ।' ਆਪਣੇ ਕਸਬੀ ਹੁਨਰ ਸਦਕਾ ਹੀ ਉਹ 'ਜੱਗ-ਬਾਣੀ' ਵਿਚ ਬਤੌਰ ਉਪ ਸੰਪਾਦਕ ਪੂਰੇ ਸਵਾ ਸਾਤਾਰਾਂ ਵਰ੍ਹੇ ਅੜਿਆ ਰਿਹਾ। ਜਿਹੜਾ ਕਾਰਜ, ਉਸ ਅਖ਼ਬਾਰ ਦੇ ਮਾਲਕ ਤੇ ਉਸ ਦੇ ਮੁੰਡੇ, ਅਸੰਭਵ ਸਮਝਦੇ, ਬਖ਼ਸ਼ਿੰਦਰ ਉਨ੍ਹਾਂ ਦਾ ਉਹ ਅੜਿਆ ਗੱਡਾ ਵੀ ਕੱਢ ਕੇ ਦਿਖਾ ਦਿੰਦਾ। ਉਹ ਬੜਾ ਹੁੱਬ ਕੇ ਦੱਸਦਾ ਹੈ ਕਿ ਜਦੋਂ 'ਪੰਜਾਬੀ ਟ੍ਰਿਬਿਊਨ' ਵਿਚ ਬਤੌਰ ਅਸਿਸਟੈਂਟ ਸੰਪਾਦਕ ਉਸ ਦੀ ਚੋਣ ਹੋਈ ਤਾਂ ਇੰਟਰਵਿਊ ਦੌਰਾਨ ਉਸ ਨੇ ਅਖ਼ਬਾਰ ਦੀਆਂ ਸਿਫ਼ਤਾਂ ਕਰਨ ਦੀ ਬਜਾਏ, ਇਸ ਵਿਚਲੀਆਂ ਕਮੀਆਂ ਦੱਸੀਆਂ ਸਨ, ਜਿਨ੍ਹਾਂ ਨੂੰ ਦੂਰ ਕਰਨ ਦੇ ਉਹ ਸਮਰੱਥ ਸੀ। ਉਸ ਦੇ ਢੁੱਕਵੇਂ ਜਵਾਬਾਂ ਤੋਂ ਕਾਇਲ ਹੋਈ ਇੰਟਰਵਿਊ ਕਮੇਟੀ ਨੇ ਉਸ ਨੂੰ ਅਗੇਤੀਆਂ ਪੰਜ ਤਰੱਕੀਆਂ ਦੇ ਕੇ, 'ਪੰਜਾਬੀ ਟ੍ਰਿਬਿਊਨ' ਵਿਚ ਰੱਖਿਆ ਸੀ। ਉਹ ਮੌਕੇ ਦੇ ਸੰਪਾਦਕ ਹਰਭਜਨ ਹਲਵਾਰਵੀ ਸਾਹਿਬ ਦਾ ਵੀ ਜੰਡਾਲੀ ਵਾਲ਼ੇ ਦਿਲਬਾਗ਼ ਸਿੰਘ ਗਿੱਲ ਜਿੰਨਾ ਹੀ ਕਦਰਦਾਨ ਹੈ। ਸਭ ਤੋਂ ਪਹਿਲੀ ਸਰਵਿਸ ਉਸ ਨੇ ਕਿਸੇ ਅੰਗਰੇਜ਼ੀ ਸਕੂਲ ਵਿਚ ਕੀਤੀ ਸੀ, ਜਿੱਥੇ ਉਹ ਮਿਹਨਤੀ ਟੀਚਰ ਸਾਬਿਤ ਹੋਇਆ। ਬੇਸ਼ੱਕ ਉੱਥੇ ਇਕ ਕੰਮਚੋਰ ਜਵਾਕ ਦੇ, ਉਸ ਤੋਂ ਥੱਪੜ ਜੜ ਹੋ ਗਿਆ, ਜਿਸ ਦਾ ਸਕੂਲ ਮਾਲਕਣ ਨੇ ਬੁਰਾ ਨਹੀਂ ਸੀ ਮਨਾਇਆ।

ਬੇਸੋਝ ਅਵਸਥਾ ਵਿਚ ਪਿਤਾ ਦਾ ਸਾਇਆ ਸਿਰ ਤੋਂ ਹਟ ਜਾਣ ਕਰ ਕੇ ਉਸ ਨੂੰ, ਆਪਣੇ ਨੇੜ-ਸਕਿਆਂ ਤੋਂ ਵਿਰਾਸਤੀ ਹੱਕ ਵੀ, ਗਰਮੀ ਦਿਖਾ ਕੇ ਲੈਣੇ ਪਏ ਸਨ। ਤਬੀਅਤ ਵਿਚਲੀ ਕਾਹ਼ਲ, ਬੇਚੈਨੀ ਤੇ ਬੇਬਾਕੀ ਉਸ ਦੇ ਸੁਭਾਅ ਦਾ ਹਿੱਸਾ ਹਨ। ਉਸ ਦੇ ਕਥਨ ਅਨੁਸਾਰ, ਮਸ਼ਹੂਰ

## ਸ਼ਬਦ ਚਿੱਤਰ

ਸੰਗੀਤਕਾਰ ਜਸਵੰਤ ਭੰਵਰਾ ਦਾ ਉਹ ਵੱਡਾ ਪ੍ਰਸ਼ੰਸਕ ਹੈ ਜੋ ਉਸ ਨੂੰ 'ਕ੍ਰੋਧੀਆ ਓਏ ਕ੍ਰੋਧੀਆ' ਆਖ ਬੁਲਾਉਂਦੇ। ਬਈ, ਕੀ ਕਰੀਏ। ਆਖ਼ਰ ਸੁਭਾਅ ਤਾਂ ਹਰ ਕਿਸੇ ਦਾ ਆਪਣਾ ਹੁੰਦਾ ਹੈ:

'ਬਿਰਖੈ ਹੇਠਿ ਸਭਿ ਜੰਤ ਇਕਠੇ॥ ਇਕਿ ਤਤੇ ਇਕ ਬੋਲਨਿ ਮਿਠੇ॥'

ਉਹ ਦੱਸਦਾ ਹੈ, 'ਜਦੋਂ ਮੈਂ ਜੰਮਿਆਂ, ਰੋਇਆ ਨਹੀਂ। ਬੇਸੁੱਧ ਪਈ ਮੇਰੀ ਮਾਂ ਕੋ਼ਲ ਹਾਜ਼ਰ ਤ੍ਰੀਮਤਾਂ ਨੇ ਸਮਝਿਆ, ਮੁੰਡਾ ਬੇਜਾਨ ਹੈ। ਮੇਰੀ ਤਾਈ ਨੇ ਮੈਨੂੰ ਧਰਤੀ 'ਤੇ ਪਾਇਆ। ਰੋਟੀ-ਟੁੱਕ ਪਕਾਉਣ ਵਾਲ਼ਾ ਤਵਾ ਤੱਤਾ ਕੀਤਾ ਤੇ ਮੇਰਾ ਮਾਂ ਨਾਲ਼ੋਂ ਕੱਟਿਆ ਹੋਇਆ ਨਾੜੂਆ ਉਸ ਤਪਦੇ ਤਵੇ ਨਾਲ਼ ਛੁਹਾਉਣ ਦੀ ਦੇਰ ਸੀ ਕਿ ਮੈਂ ਚੀਕ ਮਾਰੀ। ਮੈਂ ਜਿਊਂਦਾ ਹੋ ਗਿਆ।' ਉਸ ਤਵੇ ਦਾ ਤੱਤਾਪਣ ਸਾਡੇ ਇਸ ਦਾਨਸ਼ਵਰ ਦੇ ਧੁਰ ਅੰਦਰ ਸਮਾ ਗਿਆ। ਤਬੀਅਤ ਵਿਚਲੀ ਤਲਖ਼ੀ ਦੇ ਬਾਵਜੂਦ ਉਸ ਦੀ ਹਿੱਕ ਅੰਦਰ ਇਕ ਦਇਆਵਾਨ ਦਿਲ ਵੀ ਧੜਕਦਾ ਹੈ। ਉਹ ਕਿਸੇ ਦਾ ਬੁਰਾ ਨਹੀਂ ਚਿਤਵਦਾ, ਬੁਰਾ ਕਰਨਾ ਤਾਂ ਦੂਰ ਰਿਹਾ। ਆਪਣੇ ਰੌਂਅ ਨਿਹਾਲ ਹੋਇਆ ਆਖੇਗਾ:

ਬੁਰੇ ਨਾਲ਼ ਸਭ ਬੁਰਾ ਕਰੇਂਦੇ,
ਮਾਫ਼ ਕਰਨ ਸਿਆਣੇ
ਬੁਰੇ ਨਾਲ਼ ਨੇਕੀ ਕਰਨੀ,
ਇਹ ਗੁਰੂ ਨਾਨਕ ਜਾਣੇ।

ਇਉਂ ਉਹ ਧਰਮੀ-ਕਰਮੀ ਪੁਰਸ਼ ਹੈ ਪਰ ਹੱਠ-ਧਰਮੀ ਬਿਲਕੁਲ ਨਹੀਂ। ਨਾਸਤਿਕਤਾ ਹੰਢਾਉਣ ਤੇ ਪ੍ਰਚਾਰਨ ਵਾਲ਼ੇ ਅਤੇ 'ਵਤਨ' ਰਸਾਲੇ ਦੇ ਸੰਪਾਦਕ ਸਾਧੂ ਬਿਨਿੰਗ ਨੂੰ ਜਦੋਂ ਸਰੀ ਵਿਖੇ ਕੋਈ ਵੱਡਾ ਐਵਾਰਡ ਮਿਲ਼ਿਆ ਤਾਂ ਬਖ਼ਸ਼ਿੰਦਰ ਨੇ ਮਾਤ ਬੋਲੀ ਪੰਜਾਬੀ ਨੂੰ ਸਮਰਪਿਤ ਉਸ ਹਸਤੀ ਬਾਰੇ ਜੋ ਆਰਟੀਕਲ ਲਿਖਿਆ, ਉਸ ਦੀ ਪਹਿਲੀ ਸਤਰ ਸੀ, 'ਸਾਧੂ ਬਿਨਿੰਗ ਬੇਸ਼ੱਕ ਰੱਬ ਨੂੰ ਬਿਲਕੁਲ ਨਹੀਂ ਮੰਨਦਾ ਪਰ ਸੱਚੇ ਰੱਬ ਦੀ ਉਸ 'ਤੇ ਅਪਾਰ ਕਿਰਪਾ ਹੈ।' ਪਹਿਲੀ ਨਜ਼ਰੇ ਵੇਖਣ ਸੁਣਨ ਨੂੰ ਖਿੰਘਰ ਜਿਹਾ ਖੁਰਦਰਾ ਲੱਗਦਾ ਅਤੇ ਛੇੜੇ ਤੋਂ ਉੱਖੜੀ ਕੁਹਾੜੀ ਵਾਂਗ ਬੁੜ੍ਹਕਦਾ, ਸਾਡਾ ਇਹ ਕਲਮਕਾਰ ਜ਼ਾਤੀ ਤੌਰ ਉੱਤੇ ਨੇੜੇ ਹੋਇਆਂ ਬੇਹੱਦ ਸਲੀਕੇਦਾਰ, ਭਾਵਕ ਤੇ ਜਜ਼ਬਾਤੀ ਜਿਊੜਾ ਸਾਬਤ ਹੁੰਦਾ ਹੈ। ਸਾਕਾਦਾਰੀ ਵਿਚ ਖਾਧੇ ਕਿਸੇ ਜਜ਼ਬਾਤੀ ਧੋਖੇ ਨੂੰ ਉਹ ਕਿਵੇਂ ਪ੍ਰਗਟਾਉਂਦਾ ਹੈ, ਉਸ ਦੇ ਇਸ ਕਾਵਿ ਬੰਦ ਤੋਂ ਸਪਸ਼ਟ ਹੋ ਜਾਂਦਾ ਹੈ:

'ਆਪਣੇ ਲਹੂ ਨਾ' ਪੂਰਾ ਕੀਤਾ,
ਜਿਸ ਦੀਆਂ ਤਸਵੀਰਾਂ ਨੂੰ।
ਓਸੇ ਨੇ ਕਾਲਖ਼ ਮਲ਼ ਦਿੱਤੀ,
ਬਣਦੇ ਹੀ ਤਕਦੀਰਾਂ ਨੂੰ।
ਰੂਹ ਦੇ ਉੱਤੇ ਲਿਖਿਆ ਤਾਂ ਵੀ,
ਓਸੇ ਦਾ ਹੀ ਨਾਂ।
ਹਾਉਕੇ ਜਿੰਨੀ ਹੀ ਉਮਰਾ ਸੀ,
ਸਾਡੇ ਲਈ ਤਾਂ ਰੰਗਾਂ ਦੀ।
ਟੁੱਟ ਸਕੀ ਨਾ ਬੇੜੀ ਸਾਥੋਂ,
ਕਚਕੜਿਆਂ ਤੇ ਵੰਗਾਂ ਦੀ।
ਮੰਦਰ ਦੇ ਵਿਚ ਖ਼ਾਲੀ ਪਈ ਏ,
ਮੂਰਤ ਵਾਲ਼ੀ ਥਾਂ।'

ਅਤਿ ਜ਼ਜਬਾਤੀ ਬਖ਼ਸ਼ਿੰਦਰ ਆਪਣੇ ਸਿਰਜੇ ਕਿਸੇ ਪਾਤਰ ਦੀ ਹਾਲਤ ਉੱਤੇ ਝੱਟ ਰੋ ਪੈਂਦਾ ਹੈ। ਬੇਸ਼ੱਕ, ਪਹਿਲੀ ਨਜ਼ਰ ਜਾਂ ਪਹਿਲਾ ਬੋਲ ਸੁਣਦਿਆਂ, ਉਹ ਬੜਾ 'ਕੈੜਾ ਤੇ ਅੜਬੈੜਾ' ਜਾਪਦਾ ਹੈ, ਪਰ ਅਸਲ ਵਿਚ ਅਜਿਹੀ ਗੱਲ ਨਹੀਂ ਹੈ। ਜੇ ਉਸ ਦੇ ਤੀਬਰ ਗਤੀ ਵਿਖਿਆਨ ਨੂੰ ਸਰੋਤਾ ਵਿਚਾਲ਼ਿਓਂ ਟੋਕਣ ਦੀ ਗੁਸਤਾਖ਼ੀ ਨਾ ਕਰੇ ਤਾਂ ਉਹ ਸਾਹਮਣੇ ਵਾਲ਼ੇ ਦੀ ਗੱਲ ਬੜੇ ਸਬਰ ਨਾਲ਼ ਸੁਣਨ ਦਾ ਦਿਲ-ਗੁਰਦਾ ਵੀ ਰੱਖਦਾ ਹੈ। ਉਸ ਦੇ ਧੁਰ ਅੰਦਰ ਵੀ ਇਕ ਦੋਸਤ-ਅਭਿਲਾਸ਼ੀ, ਸੁਹਿਰਦ ਇਨਸਾਨ ਅਤੇ ਕੋਮਲ ਭਾਵੀ ਸ਼ਾਇਰ ਦਾ ਵਾਸਾ ਹੈ। ਸ਼ਾਇਦ ਇਸੇ ਗੁਣ ਸਦਕਾ, ਉਹ ਭਾਵ-ਭਿੰਨੇ ਗੀਤਾਂ ਦਾ ਰਚਣਹਾਰਾ ਵੀ ਹੈ ਕਿਉਂ ਕਿ ਕਵਿਤਾ ਬਿਰਹੋਂ-ਕੁੱਠੇ ਦਿਲਾਂ ਦੀ ਜ਼ਬਾਨ ਹੀ ਤਾਂ ਹੁੰਦੀ ਹੈ। 'ਮੌਨ ਅਵਸਥਾ ਦੇ ਸੰਵਾਦ' ਉਸ ਦੀ ਕਾਵਿ ਪੁਸਤਕ ਹੈ। ਉਸ ਦੀ ਦਿਲ ਨੂੰ ਛੋਹਣ ਵਾਲ਼ੀ ਸ਼ਾਇਰੀ ਵਿਚੋਂ ਨਮੂਨੇ ਵਜੋਂ ਇਕ ਹੋਰ ਬੰਦ ਹਾਜ਼ਰ ਹੈ:

ਤਲੀ 'ਤੇ ਧਰਿਆ ਪਾਰਾ ਹੈ ਬਖ਼ਸ਼ਿੰਦਰ।
ਪਾਰੇ ਤੋਂ ਵੀ ਭਾਰਾ ਹੈ ਬਖ਼ਸ਼ਿੰਦਰ।
ਚੰਨ ਬਣਨਾ ਉਸ ਤੋਂ ਕਈ ਸਿੱਖੇ,
ਆਪੂੰ ਟੁੱਟਿਆ ਤਾਰਾ ਹੈ ਬਖ਼ਸ਼ਿੰਦਰ।
ਜਿਲਦ ਬੜੀ ਉਂਝ ਰੁੱਖੀ ਜਾਪੇ,
ਪੜ੍ਹੋ ਤਾਂ ਬੜਾ ਕਰਾਰਾ ਹੈ ਬਖ਼ਸ਼ਿੰਦਰ

ਖ਼ੈਰ ਤੁਸੀਂ ਜੋ ਮਰਜ਼ੀ ਆਖੋ,
ਉਂਝ ਤਾਂ ਯਾਰ ਪਿਆਰਾ ਹੈ ਬਖ਼ਸ਼ਿੰਦਰ।

# ਨਗਰ ਪਾਲਿਕਾ ਜ਼ੀਰਕਪੁਰ ਦੀ ਕਹਾਣੀ, ਕੱਢਦੀ ਨੀ ਸੁਵਿਧਾ ਸੈਂਟਰ ਦਾ ਪਾਣੀ

## ਆਰ.ਟੀ.ਆਈ. ਜ਼ਰੀਏ ਜਾਣਕਾਰੀ ਦੇਣ ਤੋਂ ਵੀ ਇਨਕਾਰੀ; ਵਿਧਾਇਕ ਰੰਧਾਵਾ ਦੀ ਅਰਜ਼ੀ ਤਿੰਨ ਸਾਲਾਂ ਤੋਂ ਦੱਬੀ!



ਕੁਲਦੀਪ ਧਨੌਲਾ
ਫੋਨ: 94642-91023

ਪੰਜਾਬ ਸਰਕਾਰ ਦੇ ਯਾਨੀ ਚੰਡੀਗੜ੍ਹ ਦੇ ਸਭ ਤੋਂ ਨੇੜੇ ਨਗਰ ਪਾਲਿਕਾ ਜ਼ੀਰਕਪੁਰ ਪੈਂਦੀ ਹੈ, ਜਿਸ ਦੇ ਦਫ਼ਤਰ ਵਿਚ ਹੀ ਤਹਿਸੀਲਦਾਰ ਦਾ ਦਫ਼ਤਰ, ਨਾਲ ਹੀ ਸ਼ਮਸ਼ਾਨਘਾਟ (ਸਿਵੇ) ਅਤੇ ਸਾਹਮਣੇ ਥਾਣਾ ਹੋਣ ਕਰਕੇ ਅਫ਼ਸਰਸ਼ਾਹੀ ਅਤੇ ਲੋਕਾਂ ਦਾ ਤਾਂਤਾ ਲੱਗਿਆ ਰਹਿੰਦਾ ਹੈ। ਇੱਥੇ ਅਫ਼ਸਰ ਵੀ 'ਪਹੁੰਚ' ਵਾਲੇ ਹੀ ਲਗਦੇ ਹਨ ਤੇ ਸਾਰੇ ਪੰਜਾਬ ਨਾਲੋਂ ਸਰਕਾਰ ਨੂੰ ਵੱਧ ਆਮਦਨ ਹੁੰਦੀ ਹੈ। ਸ਼ਾਇਦ ਇਸੇ ਕਾਰਨ ਨਗਰ ਪਾਲਿਕਾ ਦੇ ਦਫ਼ਤਰ ਦੀਆਂ ਕੰਧਾਂ ਸਫ਼ਾਈ ਸਬੰਧੀ ਲਿਖੇ ਸਲੋਗਨਾਂ ਨਾਲ ਭਰੀਆਂ ਪਈਆਂ ਹਨ। ਜਿਹੜਾ ਬੰਦਾ ਪਹਿਲੀ ਵਾਰ ਇਹਦੇ ਦਫ਼ਤਰ ਦੇ 'ਦਰਸ਼ਨ' ਕਰਦਾ ਹੈ ਤਾਂ ਉਹ ਦੰਗ ਰਹਿ ਜਾਂਦਾ ਹੈ ਤੇ ਸੋਚਦਾ ਹੈ, ਜੇ ਦਫ਼ਤਰ ਦੀ ਐਨੀ ਸ਼ਾਨ ਹੈ, ਤਾਂ ਸ਼ਹਿਰ ਦਾ ਵੀ ਰੱਖ-ਰਖਾਓ ਵਧੀਆ ਹੋਵੇਗਾ। ਪਰ ਇਹ ਸਭ ਕੁਝ ਇਸ ਦੀ ਚਾਰਦੀਵਾਰੀ ਤਕ ਹੀ ਸੀਮਤ ਹੈ।

ਆਓ ਇਸ ਦੀ ਉਲਟੀ ਯਾਨੀ ਅਸਲੀ ਤਸਵੀਰ ਦਿਖਾਈਏ। ਇਹਦੇ ਇਕਲੌਤੇ ਸੁਵਿਧਾ ਸੈਂਟਰ (ਲੋਹਗੜ੍ਹ) ਚੱਲੀਏ। ਆਪਣੀ ਐਨਕ ਦੇ ਸ਼ੀਸ਼ੇ ਸਾਫ਼ ਕਰਕੇ ਦੇਖੋ, ਜਿਸ ਦੇ ਐਨਕ ਨਹੀਂ ਲੱਗੀ, ਉਹ ਇਕ-ਦੋ ਵਾਰ ਆਪਣੀਆਂ ਅੱਖਾਂ ਜ਼ਰੂਰ ਝਪਕੇਗਾ ਤੇ ਸੋਚੇਗਾ ਕਿ ਸੱਚਮੁੱਚ ਇਹ ਇਸੇ ਨਗਰ ਪਾਲਿਕਾ ਦਾ ਹੀ ਇਕ ਅੰਗ ਹੈ! ਸਭ ਤੋਂ ਪਹਿਲਾਂ ਇਸ ਦਾ ਕਈ ਸਾਲਾਂ ਤੋਂ ਟੁੱਟਿਆ ਗੇਟ, ਜਿਹੜਾ ਕਦੇ ਬੰਦ ਹੀ ਨਹੀਂ ਹੁੰਦਾ, ਮੂੰਹ ਚਿੜਾਉਂਦਾ ਹੈ। ਜਦੋਂ ਇਸ ਗੇਟ ਥਾਈਂ ਅੰਦਰ ਲੰਘੋਗੇ ਤਾਂ ਚਾਰਦੀਵਾਰੀ ਦੇ ਸੱਜੇ ਹੱਥ ਲੋਕਾਂ ਦੀ 'ਸਹੂਲਤ' ਲਈ ਖੜ੍ਹੀ ਕੀਤੀ ਖੁੱਲ੍ਹੇ ਡਾਲੇ ਵਾਲੀ ਕੂੜੇ ਵਾਲੀ ਟਰਾਲੀ 'ਜੀ ਆਇਆਂ ਨੂੰ' ਕਹਿੰਦੀ ਜਾਪੇਗੀ, ਜਿਸ ਨੂੰ ਖੜ੍ਹੀ ਕਰਨ ਵਾਲਾ ਕਰਿੰਦਾ ਇਸ ਨੂੰ ਟਰੈਕਟਰ ਨਾਲੋਂ ਅਲੱਗ ਕਰਨ ਵੇਲੇ ਇਸ ਦੀ ਹੁੱਕ ਕੱਢਦਾ ਹੈ, ਕਿਉਂਕਿ ਗੇਟ ਟੁੱਟਿਆ ਹੋਣ ਕਾਰਨ ਟਰਾਲੀ ਕਿਸੇ ਦੇ ਵੀ ਟਰੈਕਟਰ ਨਾਲ 'ਫ਼ਰਾਰ' ਹੋ ਸਕਦੀ ਹੈ। ਇਹ ਕੰਮ ਕਰਕੇ ਉਹ ਸਿਰਹਾਣੇ ਬਾਂਹ ਦੇ ਕੇ ਚੈਨ ਦੀ ਨੀਂਦ ਸੌਂਦਾ ਹੋਵੇਗਾ।

ਕੂੜੇ ਵਾਲੀ ਟਰਾਲੀ ਦੇ 'ਦਰਸ਼ਨ' ਕਰਨ ਬਾਅਦ ਜਦੋਂ ਤੁਸੀਂ ਖੱਬੇ ਹੱਥ ਨਜ਼ਰ ਮਾਰੋਗੇ ਤਾਂ ਸਾਹਮਣੇ ਟਿਊਬਵੈੱਲ ਨਜ਼ਰ ਆਵੇਗਾ। ਇਸ ਤੋਂ ਬਾਅਦ ਤੁਸੀਂ ਸਾਹਮਣੇ ਬਣੇ ਸੁਵਿਧਾ ਸੈਂਟਰ ਤੋਂ 'ਸੁਵਿਧਾ' ਹਾਸਲ ਕਰ ਸਕਦੇ ਹੋ। ਇਸ ਦੇ ਅੰਦਰ ਥਾਂ ਦੀ ਤੰਗੀ ਹੋਣ ਕਾਰਨ ਜੇ ਬੈਠਣ ਲਈ ਕੁਰਸੀ ਨਹੀਂ ਮਿਲਦੀ ਤਾਂ ਆਪਣੀ ਵਾਰੀ ਦੀ ਉਡੀਕ ਕਰਨ ਲਈ ਨਾਲ ਬਣੇ ਘਰਾਂ ਦੀਆਂ ਕੰਧਾਂ ਦੀ ਓਟ ਵਿਚ ਖੜ੍ਹਨਾ ਪੈਂਦਾ ਹੈ। ਸੁਵਿਧਾ ਸੈਂਟਰ ਦੇ ਸੱਜੇ ਹੱਥ ਉੱਚੀ ਥਾਂ 'ਤੇ ਇਕ ਸ਼ੈੱਡ ਬਣਿਆ ਹੋਇਆ ਹੈ, ਜਿੱਥੇ ਲੋਕ ਵਿਆਹ-ਸ਼ਾਦੀਆਂ ਵਗ਼ੈਰਾ ਵੀ ਕਰਦੇ ਹਨ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਇਕ ਵਾਰ ਨਗਰ ਪਾਲਿਕਾ ਦੇ ਕਾਰਜਸਾਧਕ ਅਫ਼ਸਰ (ਈ.ਓ.) ਵੱਲੋਂ ਐਨੀਆਂ ਸਮੱਸਿਆਵਾਂ ਵਿਚ ਘਿਰੇ ਇਸ ਸੁਵਿਧਾ ਸੈਂਟਰ ਵਿਚ ਸਥਾਨਕ ਨਿਵਾਸੀਆਂ ਨਾਲ ਗਿੱਲੇ-ਸੁੱਕੇ ਕੂੜੇ ਨੂੰ ਅਲੱਗ-ਅਲੱਗ ਰੱਖਣ ਸਬੰਧੀ ਮੀਟਿੰਗ ਕੀਤੀ ਗਈ ਸੀ ਪਰ ਲੋਕਾਂ ਦੀ ਆਸ ਦੇ ਉਲਟ ਈ.ਓ. ਸਾਹਿਬ ਨੂੰ ਸੁਵਿਧਾ ਸੈਂਟਰ ਵਿਚ ਖੜ੍ਹੀ ਨਾ ਕੂੜੇ ਵਾਲੀ ਟਰਾਲੀ ਨਜ਼ਰ ਆਈ ਤੇ ਨਾ ਹੀ ਇਸ ਦੇ ਗੇਟ ਦਾ ਟੁੱਟਿਆ ਸ਼ਮੂਲਾ। ਉਹ ਲੋਕਾਂ ਨੂੰ ਸਫ਼ਾਈ ਸਬੰਧੀ ਜਾਗਰੂਕ ਕਰਕੇ ਆਪਣੀ 'ਡਿਊਟੀ ਨਿਭਾ' ਕੇ ਤੁਰਦੇ ਬਣੇ।





ਜ਼ੀਰਕਪੁਰ ਥਾਂ-ਥਾਂ ਮੋੜਾਂ ਵਿਚ ਲੱਗੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੇ ਦਫ਼ਤਰ ਬਾਰੇ ਬੋਰਡ।



ਆਹ! ਹਾਲ ਹੁੰਦੈ ਮੀਂਹ ਦੇ ਦਿਨਾਂ ਵਿਚ ਜ਼ੀਰਕਪੁਰ (ਲੋਹਗੜ੍ਹ) ਦੇ ਇਕਲੌਤੇ ਸੁਵਿਧਾ ਸੈਂਟਰ ਦਾ।

ਜਿਸ ਪਾਸੇ ਟਿਊਬਵੈੱਲ ਲਾਇਆ ਗਿਆ ਹੈ, ਇਹ ਥਾਂ ਬਹੁਤ ਹੀ ਨੀਵੀਂ ਹੈ, ਜਿਸ ਕਰਕੇ ਇਥੇ ਮੀਂਹ ਦਾ ਪਾਣੀ ਇਕੱਠਾ ਹੋ ਕੇ ਟੋਭੇ ਦਾ ਰੂਪ ਧਾਰ ਜਾਂਦਾ ਹੈ ਪਰ ਨਿਕਾਸੀ ਪ੍ਰਬੰਧ ਨਾ ਕਰਨ ਕਾਰਨ ਪਾਣੀ ਕਈ-ਕਈ ਦਿਨ ਖੜ੍ਹਾ ਰਹਿੰਦਾ ਹੈ। ਨਾਲ ਲਗਦੇ ਘਰਾਂ ਵਿਚ ਸਲ੍ਹਾਬ ਤਕ ਆ ਜਾਂਦੀ ਹੈ ਅਤੇ ਮੱਛਰ, ਮੱਖੀਆਂ ਦੀ ਵੀ ਭਰਮਾਰ ਹੋ ਜਾਂਦੀ ਹੈ ਪਰ ਨਗਰ ਪਾਲਿਕਾ ਦੇ ਅਧਿਕਾਰੀਆਂ ਨੂੰ ਇਹ ਕੁਝ ਨਜ਼ਰ ਨਹੀਂ ਆਉਂਦਾ।



ਵਿਧਾਇਕ ਰੰਧਾਵਾ ਵੱਲੋਂ ਤਿੰਨ ਵਰ੍ਹੇ ਪਹਿਲਾਂ (23 ਜਨਵਰੀ, 2023 ਨੂੰ) ਈ.ਓ. ਜ਼ੀਰਕਪੁਰ ਨੂੰ ਭੇਜੀ ਅਰਜ਼ੀ, ਜਿਸ 'ਤੇ ਹਾਲੇ ਤਕ ਕੋਈ ਕਾਰਵਾਈ ਨਹੀਂ ਹੋਈ।

ਇਸ ਸਬੰਧੀ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਸਥਾਨਕ ਲੋਕਾਂ ਵੱਲੋਂ ਸਮੱਸਿਆ ਬਾਰੇ ਲਿਖੀ ਇਕ ਅਰਜ਼ੀ 23 ਜਨਵਰੀ, 2023 ਨੂੰ ਮਾਰਕ ਕਰਕੇ ਈ.ਓ. ਸਾਹਿਬ ਨੂੰ ਭੇਜੀ ਸੀ, ਜਿਸ ਦਾ ਡਾਇਰੀ ਨੰਬਰ 143 ਸੀ, ਉਨ੍ਹਾਂ ਇਸ ਦਾ ਛੇਤੀ ਹੀ ਹੱਲ ਕਰਨ ਬਾਰੇ ਭਰੋਸਾ ਦਿੱਤਾ ਸੀ ਪਰ ਇਸ 'ਤੇ ਹਾਲੇ ਤਕ ਅਮਲ ਨਹੀਂ ਹੋਇਆ। ਆਉਣ ਵਾਲੀ 23 ਜਨਵਰੀ, 2026 ਨੂੰ ਇਸ ਭਰੋਸੇ ਨੂੰ ਤੀਜਾ ਵਰ੍ਹਾ ਲੱਗ ਜਾਣਾ ਹੈ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਕੰਮ ਤਾਂ ਕੀ ਕਰਨਾ ਸੀ, ਸਗੋਂ ਇਸ ਸਬੰਧੀ ਆਰ.ਟੀ.ਆਈ. ਜ਼ਰੀਏ ਮੰਗੀ ਜਾਣਕਾਰੀ ਦਾ ਵੀ ਜਵਾਬ ਨਹੀਂ ਦਿੱਤਾ ਗਿਆ।

ਓਧਰ, ਵਿਧਾਇਕ ਸਾਹਿਬ ਨੇ ਆਪਣੇ ਦਸਤਖ਼ਤ ਕਰਕੇ, ਮੋਹਰ ਲਾ ਕੇ ਆਪਣਾ 'ਫ਼ਰਜ਼' ਨਿਭਾ ਦਿੱਤਾ? ਕੀ ਵਿਧਾਇਕ ਸਾਹਿਬ ਲੋਕਾਂ ਨੇ ਸਿਰਫ਼ ਦਸਤਖ਼ਤ ਕਰਨ ਤੇ ਮੋਹਰ ਲਾਉਣ ਖ਼ਾਤਰ ਹੀ ਚੁਣੇ ਹਨ? ਜ਼ੀਰਕਪੁਰ ਦੇ ਅਨੇਕਾਂ ਮੋੜਾਂ ਉਤੇ ਉਨ੍ਹਾਂ ਦੇ ਦਫ਼ਤਰ ਸਬੰਧੀ ਵੱਡੇ-ਵੱਡੇ ਬੋਰਡ ਲੱਗੇ ਹੋਏ ਹਨ। ਲੋਕ ਇਹ ਬੋਰਡ ਪੜ੍ਹ ਕੇ ਉਥੇ ਜਾਂਦੇ ਹਨ। ਸਟਾਫ਼ ਵੀ ਰੱਖਿਆ ਹੋਇਆ ਹੈ ਤੇ ਹਰ ਅਰਜ਼ੀ ਰਜਿਸਟਰ ਵਿਚ ਦਰਜ ਹੁੰਦੀ ਹੈ। ਜੇ ਬਾਅਦ ਵਿਚ ਵਿਧਾਇਕ ਸਾਹਿਬ ਜਾਂ ਉਨ੍ਹਾਂ ਦੇ ਸਟਾਫ਼ ਵੱਲੋਂ ਸਬੰਧਤ ਅਧਿਕਾਰੀ ਨੂੰ ਇਸ ਸਬੰਧੀ ਕੁਝ ਪੁੱਛਣਾ ਹੀ ਨਹੀਂ, ਫੇਰ ਕੀ ਇਹ ਸਾਰਾ ਕੁਝ 'ਲੋਕ ਦਿਖਾਵੇ' ਲਈ ਹੈ? ਇਹ ਸਭ ਦੇਖ ਕੇ ਮੈਨੂੰ ਮੁੱਖ ਮੰਤਰੀ ਦੀ ਇਕ ਕੈਸੇਟ ਚੇਤੇ ਆ ਗਈ, ਜਿਸ ਵਿਚ ਉਹ ਕਹਿੰਦੇ ਹਨ ਜੇ ਸਾਡੇ ਕੰਮ ਹੀ ਨੀ ਹੋਣੇ ਫੇਰ ਐਲ.ਏ. (ਐਮ.ਐਲ.ਏ.) ਚੁਣਨ ਦਾ ਫ਼ਾਇਦਾ ਕੀ ਹੋਇਆ? ਇਹ ਗੱਲ ਰੰਧਾਵਾ ਸਾਹਿਬ 'ਤੇ ਢੁਕਦੀ ਹੈ!

ਮੁੱਖ ਮੰਤਰੀ ਸਾਹਿਬ ਜੇ ਚੰਡੀਗੜ੍ਹ ਦੇ ਸਭ ਤੋਂ ਨੇੜਲੀ ਨਗਰ ਪਾਲਿਕਾ, ਜ਼ੀਰਕਪੁਰ ਦਾ ਇਹ ਹਾਲ ਹੈ, ਫੇਰ ਅਬੋਹਰ-ਫ਼ਾਜ਼ਿਲਕਾ ਦਾ ਤਾਂ ਰੱਬ ਹੀ ਰਾਖਾ ਹੈ।

### ਟਰੰਪ ਨੇ ਅਮਰੀਕਾ ਨੂੰ ਬਣਾਇਆ ਸਰਕਸ

ਇਰਾਨ ਉਤੇ ਟਰੰਪ ਦਾ ਹਮਲਾ ਇਰਾਨ ਦਾ ਕਿੰਨਾ ਨੁਕਸਾਨ ਕਰਦਾ ਹੈ, ਇਹ ਬਾਅਦ ਦੀ ਗੱਲ ਹੈ। ਪਰ ਸੋਸ਼ਲ ਮੀਡੀਏ 'ਤੇ ਮਜ਼ਾਕ ਉਡਾ-ਉਡਾ ਈਰਾਨ ਨੇ ਜਿਵੇਂ ਸੰਸਾਰ ਦੇ ਸਭ ਤੋਂ ਸ਼ਕਤੀਸ਼ਾਲੀ ਸਮਝੇ ਜਾਣ ਵਾਲੇ ਮੁਲਕ ਅਮਰੀਕਾ ਦਾ ਨੁਕਸਾਨ ਕੀਤਾ ਹੈ, ਉਹ ਆਪਣੇ ਆਪ ਵਿਚ ਇੱਕ ਇਤਿਹਾਸ ਹੈ। ਇੱਕ ਵਾਰ ਫੇਰ ਸਾਬਿਤ ਹੋ ਗਿਆ ਹੈ, ਜੇ ਜੋਕਰ ਕੁਰਸੀ 'ਤੇ ਬੈਠ ਜਾਵੇ ਤਾਂ ਦੇਸ਼ ਇੱਕ ਸਰਕਸ ਬਣ ਜਾਂਦਾ ਹੈ ਤੇ ਕੋਈ ਸ਼ੱਕ ਨਹੀਂ, ਇੱਕ ਵਾਰ ਤਾਂ ਟਰੰਪ ਨੇ ਅਮਰੀਕਾ ਨੂੰ ਸਰਕਸ ਬਣਾ ਦਿੱਤਾ ਹੈ। ਈਰਾਨ ਦੇ ਕੁਝ ਪੰਚ ਮੁਲਾਹਜ਼ਾ ਫ਼ਰਮਾਓ!

ਟਰੰਪ ਨੇ ਹੋਰਮੁਜ਼ ਖੋਲ੍ਹਣ ਲਈ ਧਮਕੀ ਦਿੱਤੀ ਤਾਂ ਪਹਿਲਾਂ ਈਰਾਨ ਦੀ ਅੰਬੈਸੀ ਨੇ ਲਿਖਿਆ, 'ਟੇਕ ਇਟ ਇਜ਼ੀ ਟਾਈਗਰ। ਕੀਪ ਯੂ ਕੂਲ!' ਜ਼ਿੰਬਾਵੇ ਵਿਚ ਸਥਿਤ ਈਰਾਨ ਅੰਬੈਸੀ ਨੇ ਲਿਖਿਆ, 'ਚਾਬੀ ਗੁਆਚ ਗਈ!' ਸਾਊਥ ਅਫ਼ਰੀਕਾ ਸਥਿਤ ਅੰਬੈਸੀ ਨੇ ਮਜ਼ਾਕ ਕੀਤਾ, 'ਸ਼ਸ਼ਸ਼! ਚਾਬੀ ਗੁਲਦਸਤੇ ਹੇਠ ਪਈ ਹੈ ਤੇ ਦੋਸਤਾਂ ਲਈ ਹੈ।'

ਟਰੰਪ ਨੇ ਫੇਰ ਧਮਕੀ ਦਿੱਤੀ, 'ਮੰਗਲਵਾਰ ਸ਼ਾਮ 8 ਵਜੇ।' ਅੱਗੋਂ ਅੰਬੈਸੀ ਦਾ ਜਵਾਬ ਆਇਆ, '8 ਵਜੇ ਵਧੀਆ ਟਾਈਮ ਨਹੀਂ। ਕੀ ਤੁਸੀਂ ਇਸਨੂੰ ਰਾਤ ਜਾਂ ਦਿਨ ਦੇ ਇੱਕ ਤੋਂ ਦੋ ਦੇ ਵਿਚਕਾਰ ਕਰ ਸਕਦੇ ਹੋ? ਇਸ ਪਾਸੇ ਧਿਆਨ ਦੇਣ ਲਈ ਸ਼ੁਕਰੀਆ।' ਕੋਈ ਜਵਾਬ ਨਾ ਆਇਆ ਤਾਂ ਅੰਬੈਸੀ ਨੇ ਫੇਰ ਲਿਖਿਆ, 'ਟਰੰਪ ਗੱਲ ਕਰ! ਅਸੀਂ ਬੋਰ ਹੋ ਰਹੇ ਹਾਂ!'

ਪਰ ਐਪਿਕ ਵਿਅੰਗ ਤਾਂ ਨਿਰੀ ਈਰਾਨ ਦੀ ਡਿਪਲੋਮੈਟਿਕ ਜਿੱਤ ਨੂੰ ਦਰਸਾਉਂਦਾ ਹੈ ਕਿ ਕਿਵੇਂ ਉਨ੍ਹਾਂ ਨੇ ਅਮਰੀਕਾ ਨੂੰ ਬਾਕੀ ਸੰਸਾਰ ਤੋਂ ਵੱਖ ਕਰ ਦਿੱਤਾ। ਜਦੋਂ ਟਰੰਪ ਨੇ ਲਿਖਿਆ, ਹੋਰਮੁਜ਼ ਖੋਲ੍ਹੋ ਤਾਂ ਸਾਊਥ ਅਫਰੀਕਾ ਸਥਿਤ ਅੰਬੈਸੀ ਨੇ ਅੱਗੋਂ ਮੀਮ ਬਣਾਇਆ:

ਟਰੰਪ: ਹੋਰਮੁਜ਼ ਖੋਲ੍ਹੋ!
ਭਾਰਤ: ਕੀ ਇਹ ਬੰਦ ਹੈ?
ਪਾਕਿਸਤਾਨ: ਬੰਦ ਹੈ?
ਰੂਸ : ਹੈਰਾਨੀ ਹੈ!
ਸਾਊਥ ਅਫ਼ਰੀਕਾ: ਪਰ ਇਹ ਤਾਂ ਖੁੱਲ੍ਹੀ ਹੈ!
ਫਰਾਂਸ: ਲੱਗਦਾ ਤਾਂ ਨਹੀਂ ਕਿ ਬੰਦ ਹੈ!
ਚੀਨ: ਖੁੱਲ੍ਹੀ ਹੈ! ਅਸੀਂ ਹੁਣੇ ਲੰਘੇ ਉਥੋਂ!

-ਪਾਲੀ ਭੁਪਿੰਦਰ

# ਕਿਰਤ ਅਤੇ ਸਵੈਮਾਣ



ਡਾ. ਇਕਬਾਲ ਸਿੰਘ ਸਕਰੌਦੀ
ਫੋਨ: 84276-85020

ਪ੍ਰਿੰਸੀਪਲ ਸੁਰਿੰਦਰ ਕੌਰ ਨੇ ਪਿਛਲੇ ਸਾਲ ਇਸ ਵੱਡੇ ਕਸਬੇ ਦੇ ਲੜਕੀਆਂ ਦੇ ਸਰਕਾਰੀ ਸਕੂਲ ਵਿਚ ਜੁਆਇਨ ਕੀਤਾ ਸੀ। ਉਦੋਂ ਤੋਂ ਹੀ ਸਕੂਲ ਦੇ ਜਿਵੇਂ ਭਾਗ ਜਾਗ ਪਏ ਹੋਣ। ਸਕੂਲ ਦੇ ਅਧਿਆਪਕਾਂ, ਨਾਨ-ਟੀਚਿੰਗ ਸਟਾਫ਼, ਸਫ਼ਾਈ ਕਰਮਚਾਰੀਆਂ, ਮਿਡ ਡੇਅ ਮੀਲ ਵਰਕਰਾਂ ਅਤੇ ਵਿਦਿਆਰਥਣਾਂ ਵਿਚ ਨਵਾਂ ਉਤਸ਼ਾਹ ਉਮੜਿਆ ਦਿਖਾਈ ਦਿੰਦਾ ਸੀ। ਸਕੂਲ ਦੇ ਵਧੀਆ ਅਨੁਸ਼ਾਸਨ ਦੀ ਗੱਲ ਪਿੰਡ ਦੇ ਹਰ ਗਲੀ-ਮੁਹੱਲੇ, ਸੱਥ ਅਤੇ ਘਰ-ਘਰ ਹੋ ਰਹੀ ਸੀ। ਵਿਦਿਆਰਥਣਾਂ ਦਿਨੋਂ-ਦਿਨ ਨਵੀਆਂ ਮੰਜ਼ਿਲਾਂ ਸਰ ਕਰ ਰਹੀਆਂ ਸਨ।

ਨਵੀਂ ਆਈ ਪ੍ਰਿੰਸੀਪਲ ਸੁਰਿੰਦਰ ਕੌਰ ਨੇ ਆਪਣੇ ਸਟਾਫ਼ ਨਾਲ ਮਿਲ ਕੇ ਪੜ੍ਹਾਈ ਦੇ ਨਾਲ-ਨਾਲ ਕੁੜੀਆਂ ਨੂੰ ਖੇਡਾਂ, ਸਾਹਿਤਕ, ਸੱਭਿਆਚਾਰਕ ਅਤੇ ਕਲਾਤਮਿਕ ਸਰਗਰਮੀਆਂ, ਭਾਸ਼ਣ-ਕੁਇਜ਼ ਮੁਕਾਬਲਿਆਂ, ਸੁੰਦਰ ਲਿਖਾਈ, ਪੇਂਟਿੰਗ, ਕਵਿਤਾ ਉਚਾਰਨ ਮੁਕਾਬਲਿਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ ਉਹ ਗਾਹੇ-ਬਗਾਹੇ ਕੁੜੀਆਂ ਨੂੰ ਆਪਣੇ ਹੱਥੀਂ ਕੰਮ ਕਰਨ ਲਈ ਉਤਸ਼ਾਹਿਤ ਕਰਦੀ ਰਹਿੰਦੀ ਸੀ।

ਸਕੂਲ ਦੇ ਬਦਲੇ ਉਸਾਰੂ ਮਾਹੌਲ ਨੂੰ ਵੇਖਦਿਆਂ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਰਿਟਾਇਰਡ ਫ਼ੌਜੀ ਰਾਵਲ ਸਿੰਘ ਅਤੇ ਮੈਂਬਰਾਂ, ਪਿੰਡ ਦੀ ਸਰਪੰਚ ਬੀਬੀ ਪਰਮਿੰਦਰ ਕੌਰ ਧਾਲੀਵਾਲ, ਪਤਵੰਤੇ ਸੱਜਣਾਂ ਅਤੇ ਸਕੂਲ ਵਿਚ ਪੜ੍ਹਦੀਆਂ ਵਿਦਿਆਰਥਣਾਂ ਦੇ ਮਾਪਿਆਂ ਨੇ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਕਿ ਤਰੱਕੀ ਦੇ ਰਾਹ 'ਤੇ ਚੱਲਦੇ ਸਕੂਲ ਨੂੰ ਹਰ ਤਰ੍ਹਾਂ ਦੀ ਆਰਥਿਕ ਮੱਦਦ ਪੰਚਾਇਤ ਵੱਲੋਂ ਦਿੱਤੀ ਜਾਵੇ। ਪਿੰਡ ਦੇ ਪਤਵੰਤੇ ਸੱਜਣਾਂ ਅਤੇ ਦਾਨੀਆਂ ਵੱਲੋਂ ਵੀ ਸਕੂਲ ਦੀ ਵੱਧ ਤੋਂ ਵੱਧ ਆਰਥਿਕ ਮੱਦਦ ਪਹਿਲ ਦੇ ਅਧਾਰ 'ਤੇ ਕੀਤੀ ਜਾਣ ਲੱਗੀ।

ਹੁਣ ਸਵੇਰ ਦੀ ਸਭਾ ਵਿਚ ਸ਼ਬਦ ਗਾਇਣ, ਰਾਸ਼ਟਰੀ ਗਾਣ, ਅੱਜ ਦਾ ਵਿਚਾਰ, ਖ਼ਬਰਾਂ, ਐਕਸਰਸਾਈਜ਼ ਕਰਵਾਉਣ ਤੋਂ ਇਲਾਵਾ ਸਕੂਲ ਦੀਆਂ ਵਿਦਿਆਰਥਣਾਂ ਅਤੇ ਅਧਿਆਪਕ ਵੱਖੋ-ਵੱਖਰੇ ਵਿਸ਼ਿਆਂ 'ਤੇ ਆਪੋ ਆਪਣੇ ਵਿਚਾਰ ਦਿੰਦੇ। ਇੱਕ ਦਿਨ ਸਵੇਰ ਦੀ ਸਭਾ ਲੱਗੀ ਹੋਈ ਸੀ। ਪ੍ਰਿੰਸੀਪਲ ਨੇ ਸਟਾਫ਼ ਮੈਂਬਰਜ਼ ਅਤੇ ਵਿਦਿਆਰਥਣਾਂ ਨੂੰ ਸੰਬੋਧਿਤ ਹੁੰਦਿਆਂ ਆਖਿਆ- 'ਗੁਰਬਾਣੀ ਦਾ ਕਥਨ ਹੈ, 'ਆਪਣੇ ਹੱਥੀਂ ਆਪਣਾ, ਆਪੇ ਹੀ ਕਾਜ ਸਵਾਰੀਐ।' ਅਰਥਾਤ ਸਾਨੂੰ ਆਪਣਾ ਕੰਮ ਆਪਣੇ ਹੱਥੀਂ ਆਪ ਹੀ ਕਰਨਾ ਚਾਹੀਦਾ ਹੈ। ਪਰੰਤੂ ਅਸੀਂ ਆਪਣੇ ਆਲੇ-ਦੁਆਲੇ ਦੇਖ ਰਹੇ ਹਾਂ ਕਿ ਅੱਜ ਬਹੁਤੇ ਲੋਕ ਹੱਥੀਂ ਕੰਮ ਕਰਨ ਤੋਂ ਝਿਜਕਦੇ ਹਨ। ਉਹ ਸ਼ਰਮ ਮਹਿਸੂਸ ਕਰਦੇ ਹਨ। ਆਮ ਤੌਰ 'ਤੇ ਲੋਕਾਂ ਦੀ ਇਹ ਵਿਚਾਰਧਾਰਾ ਬਣ ਗਈ ਹੈ ਕਿ ਜੇ ਅਸੀਂ ਛੋਟੇ-ਮੋਟੇ ਕੰਮ ਕਰਾਂਗੇ ਤਾਂ ਲੋਕ ਕੀ ਕਹਿਣਗੇ? ਸੋ ਪਿਆਰੀ ਵਿਦਿਆਰਥਣੋਂ, ਸਾਨੂੰ ਕੋਈ ਵੀ ਕੰਮ ਕਰਦਿਆਂ ਕਦੀ ਵੀ ਝਿਜਕ ਜਾਂ ਸ਼ਰਮ ਮਹਿਸੂਸ ਨਹੀਂ ਕਰਨੀ ਚਾਹੀਦੀ। ਦੂਜੀ ਗੱਲ ਇਹ ਕਿ ਕੱਲ੍ਹ ਨੂੰ ਆਪਣੇ ਸਕੂਲ ਵਿਚ ਇੱਕ ਮੁਕਾਬਲਾ ਰੱਖਿਆ ਗਿਆ ਹੈ, ਜਿਸ ਵਿਚ ਸਭ ਤੋਂ ਸੋਹਣੇ ਹੱਥਾਂ ਵਾਲੀ ਲੜਕੀ ਦੀ ਚੋਣ ਕੀਤੀ ਜਾਵੇਗੀ।'

ਅਗਲੇ ਦਿਨ ਬਹੁਤ ਸਾਰੀਆਂ ਵਿਦਿਆਰਥਣਾਂ ਆਪਣੇ ਹੱਥਾਂ 'ਤੇ ਮਹਿੰਦੀ ਦੇ ਵੱਖ-ਵੱਖ ਸੁੰਦਰ ਡਿਜ਼ਾਇਨ ਬਣਾ ਕੇ ਆਈਆਂ। ਕਈਆਂ ਨੇ ਤਾਂ ਨਹੁੰਆਂ 'ਤੇ ਨੇਲ-ਪਾਲਿਸ਼ ਲਾ ਕੇ ਅਤੇ ਹੱਥਾਂ ਦਾ ਹੋਰ ਹਾਰ ਸ਼ਿੰਗਾਰ ਵੀ ਕੀਤਾ ਹੋਇਆ ਸੀ। ਜਦੋਂ ਮੁਕਾਬਲਾ ਸ਼ੁਰੂ ਹੋਇਆ ਤਾਂ ਪ੍ਰਿੰਸੀਪਲ ਅਤੇ ਦੋ ਸੀਨੀਅਰ ਅਧਿਆਪਕਾਵਾਂ ਮੈਡਮ ਮਾਲਵਿੰਦਰ ਕੌਰ ਅਤੇ ਹੁਸਨਪ੍ਰੀਤ ਕੌਰ ਨੇ ਸਾਰੀਆਂ ਵਿਦਿਆਰਥਣਾਂ ਦੇ ਹੱਥਾਂ ਨੂੰ ਬੜੀ ਨੀਝ ਨਾਲ ਵੇਖਿਆ।

ਉਨ੍ਹਾਂ ਲੜਕੀਆਂ ਵਿਚ ਪਿੰਡ ਵਿਚ ਦਿਹਾੜੀ ਕਰਕੇ ਆਪਣਾ ਗੁਜ਼ਾਰਾ ਕਰਦੇ ਬਾਬੂ ਰਾਮ ਦੀ ਧੀ ਸਾਧਨਾ ਵੀ ਸੀ। ਜਿਸ ਕੋਲ ਮਹਿੰਦੀ ਖ਼ਰੀਦਣ ਜੋਗੇ ਪੈਸੇ ਹੀ ਨਹੀਂ ਸਨ। ਉਸ ਕੋਲ ਤਾਂ ਹੱਥਾਂ 'ਤੇ ਮਹਿੰਦੀ ਲਾਉਣ ਦਾ ਸਮਾਂ ਹੀ ਨਹੀਂ ਸੀ। ਉਹ ਹਰ ਰੋਜ਼ ਸਕੂਲ ਆਉਣ ਤੋਂ ਪਹਿਲਾਂ ਪਿੰਡ ਦੇ ਸਰਦਾਰ ਇੰਦਰਜੀਤ ਸਿੰਘ ਧਾਲੀਵਾਲ ਦੇ ਘਰ ਦਾ ਗੋਹਾ ਕੂੜਾ ਸੁੱਟਦੀ ਸੀ। ਪਾਥੀਆਂ ਪੱਥਣ ਦਾ ਕੰਮ ਕਰਦੀ ਸੀ। ਫ਼ੇਰ ਕਿਤੇ ਉਹ ਮਾੜਾ-ਮੋਟਾ ਨਹਾ ਕੇ ਸਕੂਲ ਅੱਪੜਦੀ ਸੀ। ਜਦੋਂ ਸਾਧਨਾ ਦੀ ਵਾਰੀ ਆਈ ਤਾਂ ਦੂਸਰੀਆਂ ਕੁੜੀਆਂ ਉਸ ਦੇ ਹੱਥ ਵੇਖ ਕੇ ਹੱਸਣ ਲੱਗ ਪਈਆਂ।

ਦੋਵਾਂ ਅਧਿਆਪਕਾਵਾਂ ਵੱਲੋਂ ਸਾਰੀਆਂ ਕੁੜੀਆਂ ਦੇ ਹੱਥਾਂ ਨੂੰ ਬੜੇ ਹੀ ਗਹੁ ਨਾਲ ਦੇਖਿਆ ਗਿਆ। ਆਖ਼ਰ ਵਿਚ ਜਦੋਂ ਮੁਕਾਬਲੇ ਦਾ ਨਤੀਜਾ ਐਲਾਨਣ ਦਾ ਸਮਾਂ ਆਇਆ ਤਾਂ ਪ੍ਰਿੰਸੀਪਲ ਸੁਰਿੰਦਰ ਕੌਰ ਨੇ ਸਾਧਨਾ ਨੂੰ ਜੇਤੂ ਐਲਾਨਦਿਆਂ ਕਿਹਾ- 'ਹੱਥ ਉਹੀ ਸੋਹਣੇ ਹੁੰਦੇ ਹਨ, ਜਿਹੜੇ ਕਿਰਤ ਕਰਦੇ ਹਨ। ਭਲਾਂ ਜਿਹੜੇ ਹੱਥ ਕਿਰਤ ਹੀ ਨਹੀਂ ਕਰਦੇ, ਉਹ ਸੁੰਦਰ ਕਿਵੇਂ ਹੋ ਸਕਦੇ ਹਨ? ਸਾਡੇ ਸਕੂਲ ਦੀ ਨੌਵੀਂ ਸ਼੍ਰੇਣੀ ਵਿਚ ਪੜ੍ਹਦੀ ਸਾਧਨਾ ਨੇ ਆਪਣੇ ਮੰਮੀ-ਡੈਡੀ ਦੇ ਕੰਮ ਵਿਚ ਹੱਥ ਵਟਾਉਂਦਿਆਂ ਆਪਣੇ ਹੱਥਾਂ ਨੂੰ ਕਿਰਤ ਕਰਕੇ ਬਹੁਤ ਹੀ ਖ਼ੂਬਸੂਰਤ, ਆਕਰਸ਼ਕ ਅਤੇ ਸੋਹਣੇ ਬਣਾਇਆ ਹੈ। ਇਸ ਲਈ ਬੇਟੀਓ, ਸਾਨੂੰ ਸਾਰਿਆਂ ਨੂੰ ਬਗ਼ੈਰ ਕੋਈ ਸ਼ਰਮ ਕੀਤਿਆਂ ਆਪਣੇ ਕੰਮ ਖ਼ੁਦ ਆਪਣੇ ਹੱਥੀਂ ਕਰਨੇ ਚਾਹੀਦੇ ਹਨ। ਜਿਹੜੇ ਲੋਕ ਆਪਣੇ ਕੰਮ ਆਪਣੇ ਹੱਥੀਂ ਕਰਦੇ ਹਨ, ਉਹ ਉਸ ਕੰਮ ਵਿਚ ਆਪਣੀ ਪੂਰੀ ਊਰਜਾ ਲਗਾਉਂਦੇ ਹਨ, ਪੂਰਾ ਧਿਆਨ ਵੀ ਲਾਉਂਦੇ ਹਨ, ਉਹੀ ਲੋਕ ਜੀਵਨ ਵਿਚ ਹਮੇਸ਼ਾਂ ਕਾਮਯਾਬ ਹੁੰਦੇ ਹਨ। ਇਸ ਦੇ ਨਾਲ-ਨਾਲ ਹੱਥੀਂ ਕੰਮ ਕਰਨ ਨਾਲ ਉਹ ਕਈ ਬਿਮਾਰੀਆਂ ਤੋਂ ਵੀ ਬਚੇ ਰਹਿੰਦੇ ਹਨ। ਕਿਉਂਕਿ ਉਨ੍ਹਾਂ ਦਾ ਸਰੀਰ ਹਮੇਸ਼ਾਂ ਹਰਕਤ ਵਿਚ ਰਹਿੰਦਾ ਹੈ। ਆਪਾਂ ਸਾਰੇ ਜਾਣਦੇ ਹਾਂ ਕਿ ਚੱਲਣਾ ਹੀ ਜ਼ਿੰਦਗੀ ਹੈ। ਰੁਕਣਾ ਜਾਂ ਖਲ੍ਹੋਣਾ ਤਾਂ ਬਿਮਾਰੀ ਦਾ ਘਰ ਹੈ। ਇਸ ਪ੍ਰਕਾਰ ਆਪਣੇ ਕੰਮ ਹੱਥੀਂ ਕਰਨ ਵਾਲੇ ਲੋਕ ਹਮੇਸ਼ਾਂ ਤੰਦਰੁਸਤ ਰਹਿੰਦੇ ਹਨ। ਉਹ ਤੰਦਰੁਸਤੀ ਅਤੇ ਚੰਗੀ ਸਿਹਤ ਕਾਰਨ ਵਿਹਲੜਾਂ ਨਾਲੋਂ ਤੰਦਰੁਸਤ ਭਰੀ ਲੰਮੀ ਜ਼ਿੰਦਗੀ ਜਿਉਂਦੇ ਹਨ। ਹੱਥੀਂ ਕੰਮ ਕਰਨ ਵਾਲੇ ਮਨੁੱਖਾਂ ਦੀ ਸੋਚ ਅਸਮਾਨ ਜਿੰਨੀ ਵਿਸ਼ਾਲ ਅਤੇ ਉੱਚੀ ਹੋ ਜਾਂਦੀ ਹੈ। ਉਨ੍ਹਾਂ ਵਿਚ ਹਮਦਰਦੀ, ਦਲੇਰੀ, ਵਿਸ਼ਵਾਸ, ਬਹਾਦਰੀ ਜਿਹੇ ਗੁਣ ਸਹਿਜ ਸੁਭਾਅ ਹੀ ਆ ਜਾਂਦੇ ਹਨ। ਹੱਥੀਂ ਕੀਤੀ ਕਿਰਤ ਕਮਾਈ ਸਾਨੂੰ ਹਮੇਸ਼ਾ ਸੰਤੁਸ਼ਟੀ ਅਤੇ ਖ਼ੁਸ਼ੀ ਦਿੰਦੀ ਹੈ। ਜਿਹੜੇ ਇਨਸਾਨ ਆਪਣੇ ਹੱਥੀਂ ਆਪਣੇ ਕੰਮ ਖ਼ੁਦ ਹੀ ਸਵਾਰ ਲੈਂਦੇ ਹਨ, ਉਨ੍ਹਾਂ ਨੂੰ ਕੰਮ ਕਰਵਾਉਣ ਲਈ ਦੂਜਿਆਂ ਵੱਲ ਵੇਖਣ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ। ਉਹ ਕੌਮ, ਸਮਾਜ, ਦੇਸ਼ ਅਤੇ ਸਟੇਟਰ ਹਮੇਸ਼ਾਂ ਖ਼ੁਸ਼ਹਾਲ ਹੁੰਦੇ ਹਨ, ਜਿਸ ਦੇ ਨਾਗਰਿਕ ਆਪਣੇ ਕੰਮ ਹੱਥੀਂ ਕਰਨਾ ਜਾਣਦੇ ਹਨ।'

ਅੰਤ ਵਿਚ ਸਾਧਨਾ ਨੂੰ ਸਟੇਜ 'ਤੇ ਬੁਲਾਇਆ ਗਿਆ। ਪ੍ਰਿੰਸੀਪਲ ਸੁਰਿੰਦਰ ਕੌਰ ਨੇ ਉਸ ਦੇ ਗਲ ਵਿਚ ਗੋਲਡ ਮੈਡਲ ਪਾਇਆ। ਸਾਰੀਆਂ ਵਿਦਿਆਰਥਣਾਂ ਅਤੇ ਅਧਿਆਪਕਾਂ ਨੇ ਬੜੇ ਜ਼ੋਰ ਨਾਲ ਤਾੜੀਆਂ ਵਜਾ ਕੇ ਸਾਧਨਾ ਦਾ ਭਰਪੂਰ ਸੁਆਗਤ ਕੀਤਾ। ਮੰਚ ਤੋਂ ਉਤਰਦੀ ਸਾਧਨਾ ਦੀਆਂ ਅੱਖਾਂ ਵਿਚਲੀ ਚਮਕ ਨੇ ਉਸ ਨੂੰ ਹੋਰ ਵੀ ਵਧੇਰੇ ਸਵੈ-ਮਾਣ ਨਾਲ ਭਰ ਦਿੱਤਾ ਸੀ।



# ਚਰਨਜੀਤ ਸਿੰਘ ਪੰਨੂ ਦੇ ਨਾਵਲ 'ਤਿੜਕੇ ਚਿਹਰੇ' ਦੀ ਦ੍ਰਿਸ਼ਟੀ

ਚਰਨਜੀਤ ਸਿੰਘ ਪੰਨੂ ਬਹੁ-ਪੱਖੀ ਸ਼ਖ਼ਸੀਅਤ ਦਾ ਮਾਲਕ ਹੈ, ਉਸ ਦੇ ਜੁੱਸੇ ਅੰਦਰ ਕਈ ਪ੍ਰਕਾਰ ਦੀਆਂ ਰਚਨਾਤਮਿਕ ਸ਼ਕਤੀਆਂ ਸਮਾਈਆਂ ਹੋਈਆਂ ਹਨ। ਕਵਿਤਾ, ਕਹਾਣੀ, ਨਾਵਲ, ਪੱਤਰਕਾਰੀ, ਸਫ਼ਰਨਾਮਾ ਆਦਿ ਸਾਹਿਤ ਦੇ ਭਿੰਨ-ਭਿੰਨ ਰੂਪਾਂ ਵਿਚ ਉਹ ਆਪਣੀ ਰਚਨਾਤਮਿਕ ਊਰਜਾ ਪੇਸ਼ ਕਰ ਸਕਦਾ ਹੈ। ਮੈਂ ਹੈਰਾਨ ਹਾਂ ਕਿ ਉਹ ਇਕੋ ਵੇਲੇ ਏਨੇ ਸਾਰੇ ਸਾਹਿਤਕ ਰੂਪਾਂ ਨਾਲ ਕਿਵੇਂ ਬਰ ਮੇਚ ਲੈਂਦਾ ਹੈ!

ਇਸ ਪ੍ਰਸ਼ਨ ਦੀ ਤਾਕ ਵਿਚ ਮੈਨੂੰ ਇਹ ਉੱਤਰ ਝਬਦੇ ਸੁਣਾਈ ਦਿੰਦਾ ਹੈ ਕਿ ਵੇਖਣ ਨੂੰ ਭਾਵੇਂ ਉਹ ਸਾਦ-ਮੁਰਾਦੀ ਹਸਤੀ ਵਜੋਂ ਨਜ਼ਰ ਆਉਂਦੈ ਪਰ ਅਸਲ ਵਿਚ ਉਸ ਦੇ ਧੁਰ ਅੰਦਰ ਜ਼ਿੰਦਗੀ ਦਾ ਵਿਸ਼ਾਲ ਅਨੁਭਵ ਹੈ। ਇਸ ਅਨੁਭਵ ਦੀ ਹੀ ਜਾਦੂਮਈ ਸਮਰੱਥਾ ਹੈ ਜੋ ਕਦੇ ਕਵਿਤਾ ਤੇ ਕਦੇ ਕਹਾਣੀ ਕਹਿਣ, ਕਦੇ ਸਫ਼ਰ ਦੀ ਦਾਸਤਾਨ ਪੇਸ਼ ਕਰਨ, ਕਦੇ ਆਲੇ-ਦੁਆਲੇ ਵਿਚ ਬੀਤੀਆਂ ਘਟਨਾਵਾਂ ਨੂੰ ਮੀਡੀਆ ਰਾਹੀਂ ਅਵਾਮ ਤਕ ਪੁਚਾਉਣ ਅਤੇ ਕਦੇ ਆਪਣੇ



ਡਾ. ਸੁਹਿੰਦਰ ਬੀਰ

ਤਨ, ਮਨ 'ਤੇ ਹੰਢਾਈਆਂ ਦੁੱਖ-ਸੁੱਖ ਦੀਆਂ ਅਵਸਥਾਵਾਂ ਨੂੰ ਗਲਪੀ ਵਿਧੀ ਰਾਹੀਂ ਪੇਸ਼ ਕਰਨ ਦਾ ਸਬੱਬ ਬਣਾਉਂਦਾ ਹੈ। ਇਸ ਕੋਸ਼ਿਸ਼ ਵਿਚ ਉਸ ਦਾ ਨਜ਼ਰੀਆ ਹਮੇਸ਼ਾ ਉਸਾਰੂ, ਉਤਸ਼ਾਹਮਈ ਅਤੇ ਸਕਾਰਾਤਮਕ ਬਣਿਆ ਰਹਿੰਦਾ ਹੈ।

ਅੱਜ-ਕੱਲ੍ਹ ਚਰਨਜੀਤ ਪੰਨੂ ਅਮਰੀਕਾ ਦਾ ਨਾਗਰਿਕ ਹੈ ਅਤੇ ਪਿਛਲੇ 20-21 ਸਾਲਾਂ ਤੋਂ ਪਰਵਾਸੀ ਜੀਵਨ ਬਤੀਤ ਕਰ ਰਿਹਾ ਹੈ। ਪਰਵਾਸ ਪਹਿਲਾਂ ਬਹੁਤ ਕਾਲਪਨਿਕ ਅਤੇ ਰੌਚਕ ਪ੍ਰਤੀਤ ਹੁੰਦਾ ਹੈ ਪਰ ਤਨ, ਮਨ 'ਤੇ ਹੰਢਾਏ ਪਰਵਾਸੀ ਅਨੁਭਵ ਦੌਰਾਨ ਉਨ੍ਹਾਂ ਨੂੰ ਆਪਣੇ ਵਤਨ ਦੀ ਸਿੱਕ ਤੀਬਰਤਾ ਨਾਲ ਸਤਾਉਣ ਲੱਗਦੀ ਹੈ। ਪੰਜਾਬੀ ਪਰਵਾਸੀਆਂ ਦਾ ਸਰੀਰ ਪਰਵਾਸ ਵਿਚ ਤੇ ਮਨ ਪੰਜਾਬ 'ਚ ਹੀ ਟਿਕਿਆ ਰਹਿੰਦਾ ਹੈ। ਪੰਜਾਬ ਦੀ ਧਰਤੀ 'ਤੇ ਜੋ ਹੋ ਰਿਹਾ ਹੁੰਦਾ ਹੈ, ਉਹ ਪਲ-ਪਲ ਉਸ ਦੀ ਨਜ਼ਰਸਾਨੀ ਕਰਦੇ ਨਜ਼ਰ ਆਉਂਦੇ ਹਨ। ਉਹ ਪੂਰੀ ਸੰਵੇਦਨਸ਼ੀਲਤਾ ਨਾਲ ਆਪਣੇ ਵਤਨ ਨਾਲ ਇਕਮਿਕ ਰਹਿੰਦੇ ਹਨ।

ਮੈਂ ਹਥਲੇ ਲੇਖ ਵਿਚ ਚਰਨਜੀਤ ਸਿੰਘ ਪੰਨੂ ਦੀ ਜਿਸ ਰਚਨਾ ਬਾਰੇ ਆਪਣੀ ਬਿਰਤੀ ਇਕਾਗਰ ਕਰਨੀ ਹੈ, ਉਹ 2002 ਵਿਚ ਉਸਦਾ ਲਿਖਿਆ ਨਾਵਲ 'ਤਿੜਕੇ ਚਿਹਰੇ' ਹੈ। ਪੰਨੂ 2005 ਵਿਚ ਅਮਰੀਕਾ ਆਉਂਦਾ ਹੈ, ਸੋ ਇਹ ਨਾਵਲ ਕਿਸੇ ਤਰ੍ਹਾਂ ਵੀ ਪਰਵਾਸੀ ਜੀਵਨ ਦੇ ਅਨੁਭਵ ਨਾਲ ਸੰਬੰਧਿਤ ਨਹੀਂ ਹੈ। ਇਸ ਵਿਚ ਜਿਸ ਵਰਤਾਰੇ ਉੱਪਰ ਫੋਕਸ ਕੀਤਾ ਗਿਆ ਹੈ ਜਾਂ ਜਿਸ ਟਾਰਗੇਟ ਨੂੰ ਲੇਖਕ ਨੇ ਆਪਣੀ ਤੀਸਰੀ ਅੱਖ ਰਾਹੀਂ ਵੇਖਣ ਦਾ ਯਤਨ ਕੀਤਾ ਹੈ, ਉਹ ਪੰਜਾਬ ਦੇ ਸਰਕਾਰੀ ਦਫ਼ਤਰਾਂ ਦੇ ਅਮਲਾ ਸ਼ਾਖਾ ਨਾਲ ਸੰਬੰਧਿਤ ਹੈ। ਭਾਵੇਂ ਨਾਵਲਕਾਰ ਨੇ ਕਿਸੇ ਇੱਕ ਦਫ਼ਤਰ ਦੀ ਕਰਮ ਭੂਮੀ ਨੂੰ ਹੀ ਆਧਾਰ-ਭੂਮੀ ਵਜੋਂ ਵਰਤਿਆ ਹੈ ਪਰ ਇਸ ਸਾਧਾਰਨੀਕਰਨ ਦੀ ਜੁਗਤ ਰਾਹੀਂ ਬਾਕੀ ਦਫ਼ਤਰਾਂ ਦੀ ਕਰਮ-ਭੂਮੀ ਬਾਰੇ ਵੀ ਚੰਗੀ ਤਰ੍ਹਾਂ ਕਿਆਸ ਲਗਾਇਆ ਜਾ ਸਕਦਾ ਹੈ।

ਮੈਂ ਪਿਛਲੇ ਕੁੱਝ ਸਾਲਾਂ ਤੋਂ ਖ਼ੁਦ ਅਮਰੀਕਾ ਰਹਿ ਰਿਹਾ ਹਾਂ। ਮੈਨੂੰ ਜਦੋਂ ਵੀ ਏਥੇ ਸਰਕਾਰੇ-ਦਰਬਾਰੇ ਕੰਮ ਪੈਂਦਾ ਹੈ ਤਾਂ ਪੰਜ ਸੱਤ-ਮਿੰਟਾਂ ਵਿਚ ਦਫ਼ਤਰ ਅਧਿਕਾਰੀ ਮੇਰੇ ਨਾਲ ਗੱਲ ਕਰਦੇ ਹਨ ਅਤੇ ਇਕ ਹਫ਼ਤੇ ਦੇ ਅੰਦਰ-ਅੰਦਰ ਮੇਰਾ ਕੰਮ ਹੋ ਕੇ ਮੇਰੇ ਘਰ ਪੁੱਜ ਜਾਂਦਾ ਹੈ। ਰਿਸ਼ਵਤ ਨਾਮ ਦੀ ਚੀਜ਼ ਮੈਨੂੰ ਏਥੇ ਕਦੇ ਦਿਖਾਈ ਨਹੀਂ ਦਿੰਦੀ। ਸਾਰੇ ਹੀ ਦਫ਼ਤਰਾਂ ਵਿਚ ਅਜਿਹੀ ਕਾਰਜਸ਼ੈਲੀ ਵੇਖਣ ਨੂੰ ਮਿਲਦੀ ਹੈ, ਪਰ ਭਾਰਤ ਵਰਗੇ ਪਛੜੇ ਦੇਸ਼ ਵਿਚ ਲੋਕ ਇਸ ਨਾ-ਮੁਰਾਦ ਬਿਮਾਰੀ (ਰਿਸ਼ਵਤਖੋਰੀ) ਤੋਂ ਪਿੱਛਾ ਨਹੀਂ ਛੁਡਾ ਸਕੇ। ਇਹੀ ਕਾਰਨ ਹੈ ਕਿ ਦੇਸ਼ ਵਿਚ ਪਬਲਿਕ ਖੇਤਰ ਤਰੱਕੀ ਨਹੀਂ ਕਰ ਸਕਿਆ। ਜਿਹੜੀ ਵੀ ਗਰਾਂਟ ਸਰਕਾਰ ਵੱਲੋਂ ਮਨਜ਼ੂਰ ਹੁੰਦੀ ਹੈ ਉਸ ਦੀ ਹਿੱਸਾ-ਪੱਤੀ ਬਹੁਤ ਸਾਰੇ ਅਧਿਕਾਰੀਆਂ-ਕਰਮਚਾਰੀਆਂ ਵਿਚ ਤਕਸੀਮ ਹੁੰਦੀ ਜਾਂਦੀ ਹੈ ਅਤੇ ਜਿੱਥੇ ਉਹ ਪੁੱਜਣੀ ਹੁੰਦੀ ਹੈ, ਉੱਥੇ ਪੁੱਜਦਿਆਂ-ਪੁੱਜਦਿਆਂ ਗਰਾਂਟ ਦਾ ਥੋੜ੍ਹਾ ਜਿਹਾ ਹਿੱਸਾ ਹੀ ਰਹਿ ਜਾਂਦਾ ਹੈ। ਜਿਹੜੀ ਗਰਾਂਟ ਜਿਹੜੇ ਮਨਸੂਬਿਆਂ ਵਾਸਤੇ ਵਰਤਣੀ ਹੁੰਦੀ ਹੈ ਉਹ ਮਨਸੂਬੇ ਅਸਫਲ ਹੋ ਜਾਂਦੇ ਹਨ। ਇਹ ਸਾਡੇ ਦੇਸ਼ ਦੇ ਦਫ਼ਤਰੀ ਵਰਤਾਰਿਆਂ ਦਾ ਅੰਦਰੂਨੀ ਸੱਚ ਹੈ। ਇਹ ਕੋਈ ਲੁਕੀ-ਛਿਪੀ ਚੀਜ਼ ਨਹੀਂ ਜਿਸ ਨੂੰ ਅਸੀਂ ਓਪਨ ਸੀਕਰੇਟ ਕਹਿ ਦਿੰਦੇ ਹਾਂ। ਹਰ ਖੇਤਰ, ਹਰ ਮਹਿਕਮੇ ਵਿਚ ਰਿਸ਼ਵਤਖੋਰੀ ਚਲਦੀ ਹੈ ਪਰ ਲੋਕ ਇਸ ਨੂੰ ਸਵੀਕਾਰ ਕਰਕੇ ਜ਼ਿੰਦਗੀ ਬਸਰ ਕਰੀ ਜਾ ਰਹੇ ਹਨ ਅਤੇ ਇਨ੍ਹਾਂ ਆਦਤਾਂ ਨੂੰ ਹੀ ਆਪਣੀ ਜ਼ਿੰਦਗੀ ਦਾ ਅਨਿੱਖੜ ਅੰਗ ਬਣਾ ਕੇ ਕਬੂਤਰ ਵਾਂਗ ਅੱਖਾਂ ਮੀਟ ਦਿਨ ਟਪਾਈ ਕਰਦੇ ਰਹਿੰਦੇ ਹਨ।

*ਪ੍ਰੋ. ਫ਼ੈਸਰ ਸੁਹਿੰਦਰ ਬੀਰ ਇਕ ਕਵੀ ਅਤੇ ਸਮੀਖਿਅਕ ਹਨ। ਉਹ ਅੱਜ-ਕੱਲ੍ਹ ਅਮਰੀਕਾ ਵਿਖੇ ਰਹਿ ਰਹੇ ਹਨ। ਇਸ ਤੋਂ ਪਹਿਲਾਂ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਵਿਚ ਪ੍ਰੋਫ਼ੈਸਰ ਦੇ ਅਹੁਦੇ 'ਤੇ ਰਹੇ ਹਨ। ਉਹ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਦੀਆਂ ਜੀਵਨੀਆਂ ਵੀ ਲਿਖ ਚੁੱਕੇ ਹਨ। ਸ਼ਿਵ ਕੁਮਾਰ ਦੀ ਕਵਿਤਾ ਉੱਪਰ ਉਨ੍ਹਾਂ ਨੇ ਪੀ-ਐਚ. ਡੀ. ਦੀ ਉਪਾਧੀ ਹਾਸਿਲ ਕੀਤੀ ਸੀ।*

ਪੰਨੂ ਨੇ ਇੱਕ ਸਰਕਾਰੀ ਅਦਾਰੇ ਨੂੰ ਆਪਣੀ ਲੇਖਣੀ ਦਾ ਆਧਾਰ ਬਣਾਇਆ ਹੈ। ਇਸ ਅਦਾਰੇ ਵਿਚ ਕੰਮ ਕਰਨ ਵਾਲੇ ਉੱਪਰ ਤੋਂ ਲੈ ਕੇ ਹੇਠਾਂ ਤੱਕ ਸਾਰੇ ਵਿਅਕਤੀਆਂ ਦੇ ਕਾਰਜਾਂ, ਸੁਭਾਵਾਂ ਅਤੇ ਵਿਹਾਰਾਂ ਨੂੰ ਇਸ ਤਰੀਕੇ ਨਾਲ ਪੇਸ਼ ਕੀਤਾ ਹੈ ਕਿ ਸਰਕਾਰੀ ਦਫ਼ਤਰ ਦੀ ਕਾਰਜਸ਼ੈਲੀ ਦੀ ਸਮੁੱਚੀ ਤਸਵੀਰ ਸਾਡੇ ਸਾਹਮਣੇ ਉਜਾਗਰ ਹੋ ਜਾਂਦੀ ਹੈ। ਜਿਵੇਂ ਅਸੀਂ 'ਤਿੜਕੇ ਚਿਹਰੇ' ਨਾਵਲ ਦੇ ਸਾਰੇ ਪਾਤਰਾਂ ਬਾਬੂ ਟਨੀ ਨਾਥ ਸੁਆਮੀ, ਸਾਮੂ ਸ਼ਾਹ, ਰਾਮ ਲਾਲ, ਮਿਸਟਰ ਕਾਲੀਆ ਆਦਿ ਦੇ ਜੀਵਨ ਵਿਹਾਰ ਨੂੰ ਦੇਖਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਇਹ ਸਭ ਪਾਤਰ ਭ੍ਰਿਸ਼ਟਾਚਾਰ ਦੀ ਗਹਿਰੀ ਦਲਦਲ ਵਿਚ ਖੁੱਭੇ ਹੋਏ ਹਨ। ਉਨ੍ਹਾਂ ਦੇ ਖ਼ੂਨ ਵਿਚ ਰਿਸ਼ਵਤ ਦਾ ਪੈਸਾ ਧਸ ਚੁੱਕਾ ਹੈ। ਉਹ ਇਸ ਪੈਸੇ ਨੂੰ ਕਮਾਉਣ ਲਈ ਸਭ ਗੈਰ-ਇਖ਼ਲਾਕੀ ਕਰਮ ਕਰਨ ਲਈ ਵੀ ਤਿਆਰ ਹੋ ਜਾਂਦੇ ਹਨ। ਇਨ੍ਹਾਂ ਸਰਕਾਰੀ ਦਫ਼ਤਰਾਂ ਵਿਚ ਧੜੇਬੰਦੀਆਂ ਬਣੀਆਂ ਹੋਈਆਂ ਹਨ ਅਤੇ ਇਹ ਧੜੇਬੰਦੀਆਂ ਹੀ ਤਕੜੇ ਦਾ ਸੱਤੀਂ ਵੀਹ ਸੌ ਕਰਨ-ਕਰਾਉਣ ਵਿਚ ਮੁਹਾਰਤ ਰੱਖਦੀਆਂ ਹਨ। ਇਹ ਕਿਰਦਾਰ ਵੀ ਅਜਿਹੇ ਹਨ ਜਿਹੜੇ ਨੈਤਿਕਤਾ ਨੂੰ ਛਿੱਕੇ ਟੰਗ ਕੇ ਅਨੈਤਿਕ ਵਿਹਾਰਾਂ ਵਿਚ ਸ਼ਾਮਿਲ ਹੋਣ ਲੱਗਿਆਂ ਦੇਰ ਨਹੀਂ ਲਗਾਉਂਦੇ। ਇਨ੍ਹਾਂ ਪਾਤਰਾਂ ਨੇ ਮਹਿਕਮੇ ਦੇ ਹਰ ਕਾਰਜ ਵਿਚ ਆਪਣਾ ਹਿੱਸਾ ਰੱਖਿਆ ਹੋਇਆ ਹੈ। ਜਦੋਂ ਵੀ ਕੋਈ ਉੱਪਰ ਤੋਂ ਸੀਨੀਅਰ ਅਫ਼ਸਰ ਨਿਰੀਖਣ ਕਰਨ ਆਉਂਦਾ ਹੈ ਤਾਂ ਇਹ ਉਸ ਦੀ ਖ਼ੁਸ਼ਾਮਦੀ ਕਰਨ ਵਿਚ ਪੂਰਾ ਟਿੱਲ ਲਾ ਦਿੰਦੇ ਹਨ। ਮਹਿਮਾਨ ਨਿਵਾਜ਼ੀ, ਰਿਸ਼ਵਤਖੋਰੀ ਅਤੇ ਦਾਰੂ ਸਿੱਕੇ ਦੀ ਵਰਤੋਂ ਕਰਨਾ ਇਨ੍ਹਾਂ ਲਈ ਆਮ ਗੱਲ ਹੈ। ਇਨ੍ਹਾਂ ਸਾਰੇ ਹੀਲਿਆਂ-ਵਸੀਲਿਆਂ ਰਾਹੀਂ ਉਹ ਸਾਹਿਬ ਦੀ ਨਜ਼ਰ ਆਪਣੇ ਵੱਲ ਸਵੱਲੀ ਕਰਨਾ ਚਾਹੁੰਦੇ ਹਨ। ਜਦੋਂ ਇਹ ਇਕ ਹੱਦ ਤੋਂ ਵੱਧ ਸਾਹਿਬ ਲੋਕਾਂ ਦੀ ਚਾਪਲੂਸੀ ਕਰਦੇ ਹਨ ਤਾਂ ਉਹ ਇਨ੍ਹਾਂ ਦੀਆਂ ਪਤਨੀਆਂ, ਭੈਣਾਂ ਅਤੇ ਧੀਆਂ 'ਤੇ ਮੈਲੀ ਨਜ਼ਰ ਵੀ ਰੱਖਣ ਲੱਗ ਜਾਂਦੇ ਹਨ। ਇਹ ਇਸਤਰੀ ਪਾਤਰ ਵੀ ਆਪਣੇ ਪਤੀਆਂ ਦੀ ਨੌਕਰੀ ਪੇਸ਼ੇ ਦੀ ਸੁਰੱਖਿਆ ਲਈ ਕਾਮਨਾ ਤੇ ਭਾਵਨਾ ਦੀਆਂ ਸ਼ਿਕਾਰ ਵੀ ਹੋ ਜਾਂਦੀਆਂ ਹਨ। ਜੇ ਉਹ ਨੈਤਿਕਤਾ ਦੇ ਪੈਮਾਨੇ ਮੁਤਾਬਿਕ ਸਾਹਿਬ ਲੋਕਾਂ ਦੀ ਇੱਛਾ ਪੂਰੀ ਨਹੀਂ ਕਰਦੀਆਂ ਤਾਂ ਉਨ੍ਹਾਂ ਦੇ ਪਤੀਆਂ ਨੂੰ ਘਰਾਂ ਤੋਂ ਦੂਰ-ਦਰਾਜ ਜਾਣ ਲਈ ਮਜਬੂਰ ਹੋਣਾ ਪੈਂਦਾ ਹੈ। ਸੋ ਬਹੁਤ ਕਿਸਮ ਦੀਆਂ ਪਰਿਵਾਰਕ ਮਜਬੂਰੀਆਂ ਵੱਸ ਇਹ ਇਸਤਰੀ ਪਾਤਰ ਹਵਸ ਦਾ ਸ਼ਿਕਾਰ ਵੀ ਹੋ ਜਾਂਦੇ ਹਨ। ਆਧੁਨਿਕ ਮੱਧ ਸ਼੍ਰੇਣੀ ਦਾ ਇੱਕ ਖ਼ਾਸਾ ਵੀ ਹੈ ਕਿ ਸਰਮਾਏ ਦੀ ਹੋੜ ਵਿਚ ਇਹ ਵਰਗ ਏਨਾ ਰੁੜ੍ਹ ਜਾਂਦਾ ਹੈ ਕਿ ਆਪਣੇ ਲੋਕ-ਬਿੰਬ ਤੋਂ ਬੇਮੁਖ ਹੋ ਜਾਂਦਾ ਹੈ। ਤ੍ਰਾਸਦੀ ਦੇ ਪਾਤਰ ਦਾ ਲੱਛਣ ਵੀ ਹੁੰਦਾ ਹੈ ਕਿ ਉਸ ਨੂੰ ਆਪਣੀ ਭੁੱਲ ਦਾ ਅਹਿਸਾਸ ਨਹੀਂ ਹੁੰਦਾ। ਗੁਰੂ ਨਾਨਕ ਦੇਵ ਜੀ ਨੇ ਇਹ ਦਰੁਸਤ ਕਿਹਾ ਕਿ ਜੋ ਜੀਵੈ ਪਤਿ ਲਥੀ ਜਾਇ। ਸਭ ਹਰਾਮੁ ਜੇਤਾ ਕਿਛੁ ਖਾਇ। ਸੋ ਇਹ ਪਾਤਰ ਵੀ ਸ਼ੁਹਰਤ ਅਤੇ ਧਨ-ਦੌਲਤ ਦੀ ਪ੍ਰਾਪਤੀ ਵਿਚ ਉਲਝੇ ਹੋਏ ਆਪਣਾ ਜੀਵਨ ਵਿਅਰਥ ਜਾਂ ਵਾਫਰ ਗਵਾ ਦਿੰਦੇ ਹਨ।

ਇਨ੍ਹਾਂ ਦਫ਼ਤਰਾਂ ਵਿਚ ਕਾਰਜ ਕਰਨ ਵਾਲੇ ਇਸਤਰੀ ਪਾਤਰ ਵੀ ਅਕਸਰ ਮਰਦ ਪਾਤਰਾਂ ਦੀ ਕਾਮਨਾ ਤੇ ਭਾਵਨਾ ਦਾ ਸ਼ਿਕਾਰ ਹੋ ਜਾਂਦੇ ਹਨ। ਇੱਥੋਂ ਤੱਕ ਕਿ ਸ਼ੀਲਾ ਵਰਗੇ ਕਈ ਪਾਤਰ ਤਾਂ ਆਤਮ-ਹੱਤਿਆ ਕਰਨ ਲਈ ਵੀ ਮਜਬੂਰ ਹੋ ਜਾਂਦੇ ਹਨ। ਮਰਦ ਕਰਮਚਾਰੀ ਇਸਤਰੀ ਕਰਮਚਾਰੀਆਂ ਉੱਪਰ ਤਾਂ ਮੌਕੇ ਦੀ ਤਲਾਸ਼ ਵਿਚ ਰਹਿੰਦੇ ਹਨ ਕਿ ਕਦੋਂ ਉਹ ਉਨ੍ਹਾਂ ਦੀ ਹਵਸ ਦਾ ਸ਼ਿਕਾਰ ਹੋ ਜਾਣ। ਤਿੜਕੇ ਚਿਹਰੇ ਨਾਵਲ ਵਿਚ ਰੀਟਾ ਵੀ ਇੱਕ ਅਜਿਹਾ ਕਿਰਦਾਰ ਹੈ ਜੋ ਵੱਖ-ਵੱਖ ਸਮੇਂ ਵੱਖ-ਵੱਖ ਕਰਮਚਾਰੀਆਂ ਦੀ ਹਵਸ ਦਾ ਸ਼ਿਕਾਰ ਹੋ ਜਾਂਦੀ ਹੈ। ਇਸ ਨਾਵਲ ਨੂੰ ਲਿਖਿਆਂ ਲਗਭਗ ਢਾਈ ਦਹਾਕੇ ਬੀਤ ਚੁੱਕੇ ਹਨ ਪਰ ਅਜੇ ਤੱਕ ਦਫ਼ਤਰਾਂ ਵਿਚ ਇਸਤਰੀ ਕਰਮਚਾਰੀਆਂ ਦੀ ਹਾਲਤ ਨਹੀਂ ਬਦਲੀ ਤੇ ਉਨ੍ਹਾਂ ਨੂੰ ਬਾਹਰਲੇ ਦੇਸ਼ਾਂ ਵਰਗੀ ਸੁਰੱਖਿਆ ਹਾਸਿਲ ਨਹੀਂ ਹੋ ਸਕੀ। ਕਾਰਨ ਸਾਡੇ ਦੇਸ਼ ਵਿਚ ਕਾਨੂੰਨ ਤਾਂ ਬਣਾ ਲਏ ਜਾਂਦੇ ਹਨ ਪਰ ਇਨ੍ਹਾਂ ਦੀ ਵਰਤੋਂ ਸਹੀ ਤਰੀਕੇ ਨਾਲ ਨਹੀਂ ਕੀਤੀ ਜਾਂਦੀ। ਜਦੋਂ ਤੱਕ ਦੇਸ਼ ਵਿਚ ਰਿਸ਼ਵਤਖੋਰੀ, ਮੂੰਹ-ਮੁਲਾਹਜ਼ਾ ਅਤੇ ਸਿਫ਼ਾਰਸ਼ ਦਾ ਬੋਲ-ਬਾਲਾ ਰਹੇਗਾ, ਤਦ ਤੱਕ ਕੋਈ ਕਾਨੂੰਨ ਸਹੀ ਵਰਤੋਂ ਵਿਚ ਨਹੀਂ ਆ ਸਕਦਾ। ਦੂਸਰਾ, ਰਾਜਨੀਤਕ ਮਾਹੌਲ ਵੀ ਅਜਿਹਾ ਹੈ ਕਿ ਉਹ ਕਾਨੂੰਨ ਵਿਚ ਦਾਖਲ ਹੋ ਕੇ ਇਸ ਦੀ ਵਰਤੋਂ ਆਪਣੀ ਮਨ-ਮਰਜ਼ੀ ਨਾਲ ਕਰ ਸਕਦਾ ਹੈ, ਜਿਸ ਨਾਲ ਕੇਵਲ ਕਾਨੂੰਨ ਦੀ ਪਵਿੱਤਰਤਾ ਹੀ ਭੰਗ ਨਹੀਂ ਹੁੰਦੀ ਬਲਕਿ ਜਨ ਸਧਾਰਨ ਵਿਚ ਕਾਨੂੰਨ ਤੋਂ ਵਿਸ਼ਵਾਸ ਵੀ ਉੱਠ ਜਾਂਦਾ ਹੈ। ਇਹੀ ਹਾਲ ਸਾਡੇ ਮੁਲਕ ਦਾ ਹੈ।

ਇਸ ਨਾਵਲ ਵਿਚ ਸ਼ਾਮੂ ਸ਼ਾਹ ਅਤੇ ਟਨੀ ਨਾਥ ਜੋ ਆਪਸ ਵਿਚ ਰਿਸ਼ਤੇਦਾਰ ਵੀ ਹਨ, ਅਜਿਹੇ ਚਾਤਰ ਖਿਡਾਰੀ ਹਨ ਜੋ ਹਰ ਉੱਪਰੋਂ ਆਏ ਸਾਹਿਬ ਨੂੰ ਆਪਣੇ ਵੱਸ ਵਿਚ ਕਰਨ ਲੱਗਿਆਂ ਬਹੁਤਾ ਸਮਾਂ ਨਹੀਂ ਲਾਉਂਦੇ। ਭਾਵੇਂ ਉਨ੍ਹਾਂ ਨੂੰ ਚਾਪਲੂਸੀ ਦਾ ਜਲਦੀ ਹੀ ਅਹਿਸਾਸ ਹੋ ਜਾਂਦਾ ਹੈ, ਇੱਥੋਂ ਤੱਕ ਕਿ ਅਸਲ ਸਚਾਈ ਦਾ ਵੀ ਪਤਾ ਲੱਗ ਜਾਂਦਾ ਹੈ ਪਰ ਉਹ ਜਿਸ ਸਿਸਟਮ ਵਿਚ ਕਾਰਜ ਕਰ ਰਹੇ ਹੁੰਦੇ ਹਨ, ਉਸ ਸਿਸਟਮ ਦਾ ਉਨ੍ਹਾਂ ਉੱਪਰ ਵੀ ਅਸਰ ਹੋ ਜਾਂਦਾ ਹੈ। ਇਸ ਨਾਵਲ ਦਾ ਠੇਕੇਦਾਰ ਵੱਡੇ ਸਾਹਿਬ ਦੀ ਆਓ-ਭਗਤ ਕਰਕੇ ਇਲੈਕਟ੍ਰੋਨਿਕ ਦਾ ਸਮਾਨ ਦਫ਼ਤਰ ਵਿਚ ਪਹੁੰਚਾਉਣ ਦੇ ਯੋਗ ਹੋ ਜਾਂਦਾ ਹੈ। ਆਮ ਤੌਰ 'ਤੇ ਦਫ਼ਤਰਾਂ ਵਿਚ ਫਾਈਲ ਜਗ੍ਹਾ-ਜਗ੍ਹਾ 'ਤੇ ਅਟਕਦੀ ਰਹਿੰਦੀ ਹੈ ਪਰ ਜਦੋਂ ਉਸ ਫਾਈਲ ਨੂੰ ਪਹੀਏ ਲੱਗ ਜਾਣ ਭਾਵ ਸੰਬੰਧਿਤ ਕਰਮਚਾਰੀ ਨੂੰ ਰਿਸ਼ਵਤ ਦੇ ਦਿੱਤੀ ਜਾਵੇ ਤਾਂ ਫਾਈਲ ਆਪਣੇ ਰੁਟੀਨ ਤੋਂ ਪਹਿਲਾਂ ਹੀ ਉੱਪਰਲੇ ਅਧਿਕਾਰੀ ਵੱਲੋਂ ਪਾਸ ਹੋ ਜਾਂਦੀ ਹੈ।


ਜਦੋਂ ਸਰਕਾਰੀ ਦਫ਼ਤਰਾਂ ਵਿਚ ਮੂੰਹ ਮੁਲਾਹਜ਼ਾ ਚਲਦਾ ਰਹੇ, ਰਿਸ਼ਵਤਖੋਰੀ ਦਾ ਬੋਲ ਬਾਲਾ ਹੋਵੇ, ਭਾਈ- ਭਤੀਜਾਵਾਦ ਨੂੰ ਤਰਜੀਹ ਦਿੱਤੀ ਜਾਵੇ ਤਾਂ ਇਨ੍ਹਾਂ ਦਫ਼ਤਰਾਂ ਦਾ ਚਿਹਰਾ-ਮੁਹਰਾ ਨਹੀਂ ਬਦਲ ਸਕਦਾ, ਜਦੋਂ ਤੱਕ ਇਹ ਕਿਰਦਾਰ ਜਿਨ੍ਹਾਂ ਦੇ ਆਪਣੇ ਕੋਈ ਅਸੂਲ ਨਹੀਂ, ਕਾਨੂੰਨ ਦਾ ਕੋਈ ਡਰ ਨਹੀਂ ਤਾਂ ਸਾਡਾ ਸਮਾਜ ਕਿਸੇ ਆਦਰਸ਼ਕ ਸੰਸਾਰ ਤੱਕ ਨਹੀਂ ਪੁੱਜ ਸਕਦਾ। ਜੇ ਕੋਈ ਕਿਰਦਾਰ ਇਮਾਨਦਾਰੀ ਅਤੇ ਸੁਹਿਰਦਤਾ ਭਰਪੂਰ ਵਿਹਾਰ ਅਪਣਾਉਂਦਾ ਹੈ ਜਿਵੇਂ ਇਸ ਨਾਵਲ ਵਿਚ ਪੰਨਾ ਸਿੰਘ ਜੋ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਬੜੇ ਸਿਰੜ ਨਾਲ ਆਪਣੀ ਨੈਤਿਕਤਾ 'ਤੇ ਪਹਿਰਾ ਦਿੰਦਾ ਹੈ ਤਾਂ ਅਜਿਹੇ ਵਿਅਕਤੀ ਨੂੰ ਹਾਸ਼ੀਆਗਤ ਸਥਿਤੀ 'ਤੇ ਰਹਿਣ ਲਈ ਮਜਬੂਰ ਹੋਣਾ ਪੈਂਦਾ ਹੈ। ਵਿਰੋਧੀ ਦੀ ਕੋਸ਼ਿਸ਼ ਹੁੰਦੀ ਹੈ, ਇਸ ਨੂੰ ਆਪਣੇ ਮਹਿਕਮੇ ਵਿਚੋਂ ਫ਼ਾਰਗ ਕਰਵਾ ਦਿੱਤਾ ਜਾਵੇ। ਇਸ ਤਰ੍ਹਾਂ ਬਹੁਤ ਸਾਰੇ ਆਦਰਸ਼ਕ ਵਿਅਕਤੀ ਆਪਣੀ ਇਮਾਨਦਾਰੀ ਅਤੇ ਨੈਤਿਕਤਾ ਦੇ ਵਿਹਾਰਾਂ ਨੂੰ ਸਮੇਟਣਾ ਸ਼ੁਰੂ ਕਰ ਦਿੰਦੇ ਹਨ ਪਰ ਇਸ ਨਾਵਲ ਵਿਚ ਨਾਵਲਕਾਰ ਨੇ ਆਦਰਸ਼ਕ ਪਹੁੰਚ ਅਪਣਾ ਕੇ ਪੰਨਾ ਸਿੰਘ ਨੂੰ ਆਦਰਸ਼ਕ ਕਿਰਦਾਰ ਵਜੋਂ ਪੇਸ਼ ਕੀਤਾ ਹੈ।

ਇੱਥੋਂ ਤੱਕ ਕਿ ਉਹ ਆਪਣੇ ਵਿਰੋਧੀਆਂ ਦੇ ਬੱਚਿਆਂ ਨੂੰ ਕਿਡਨੈਪ ਹੋਣ ਤੋਂ ਵੀ ਬਚਾ ਲੈਂਦਾ ਹੈ ਪਰ ਵਿਰੋਧੀ ਉਸ ਦੇ ਇਸ ਸਚਿਆਰੇ ਵਿਹਾਰ ਨੂੰ ਸਵੀਕਾਰ ਕਰਨ ਤੋਂ ਵੀ ਗੁਰੇਜ਼ ਕਰਦੇ ਹਨ। ਉਹ ਉਸ ਦੇ ਚੰਗੇ ਕੰਮ ਨੂੰ ਵੀ ਨਾਟਕ ਦੱਸਦੇ ਹਨ, ਉਸ ਦੇ ਖ਼ਿਲਾਫ਼ ਸ਼ਿਕਾਇਤਾਂ ਹੁੰਦੀਆਂ ਹਨ ਪਰ ਉਹ ਆਪਣੀ ਚੰਗਿਆਈ ਕਰਕੇ ਤਰੱਕੀ ਕਰਦਾ ਜਾਂਦਾ ਹੈ। ਨਾਵਲ ਵਿਚ ਨਾਂਹ-ਪੱਖੀ ਜਿਹੜੇ ਕਿਰਦਾਰ ਸਾਹਮਣੇ ਆਉਂਦੇ ਹਨ, ਉਨ੍ਹਾਂ ਦੇ ਚਰਿੱਤਰ ਇਕ ਸਾਰ ਨਹੀਂ ਚਲਦੇ। ਉਹ ਪਲ-ਪਲ ਗਿਰਗਟ ਵਾਂਗ ਰੰਗ ਬਦਲਦੇ ਹਨ। ਅਫ਼ਸਰਾਂ ਦੇ ਗ਼ੁੱਸੇ-ਗਿਲੇ ਅਤੇ ਨਮੋਸ਼ੀ ਨੂੰ ਆਪਣੇ ਸੁਭਾਅ ਦਾ ਅੰਗ ਬਣਾ ਕੇ ਚਲਦੇ ਹਨ ਪਰ ਦੂਸਰੇ ਪਾਸੇ ਜੋ ਹਾਂ-ਪੱਖੀ ਅਤੇ ਜ਼ਿੰਦਗੀ ਨੂੰ ਉਸਾਰੂ ਰਵੱਈਏ ਨਾਲ ਜੋੜਨਾ ਚਾਹੁੰਦਾ ਹੈ, ਜਿਸ ਦੇ ਵਿਹਾਰ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਉਹ ਦੋਹਰੇ ਚਰਿੱਤਰ ਦਾ ਮਾਲਕ ਨਹੀਂ ਹੈ। ਉਹ ਹਮੇਸ਼ਾ ਹੀ ਚੰਗਿਆਈ ਦੇ ਮੌਕੇ ਦੀ ਤਲਾਸ਼ ਵਿਚ ਰਹਿੰਦਾ ਹੈ। ਅਜਿਹਾ ਕਲਾਸਿਕ ਚਰਿੱਤਰ ਅੱਜ ਗ਼ਾਇਬ ਹੋ ਰਿਹਾ ਹੈ ਅਤੇ ਕਲਪਨਾ ਮੰਡਲ ਵਿਚ ਹੀ ਦਿਖਾਈ ਦਿੰਦਾ ਹੈ।

ਨਾਵਲਕਾਰ ਦੀ ਕਲਾਤਮਿਕਤਾ ਦੇ ਥਾਂ ਪਰ ਥਾਂ ਪ੍ਰਤੱਖ ਪ੍ਰਮਾਣ ਮਿਲਦੇ ਹਨ। ਇਸ ਮੁਹਾਵਰੇਦਾਰ ਸ਼ੈਲੀ ਪਾਠਕ ਨੂੰ ਆਪਣੀ ਜਕੜ ਵਿਚ ਲੈ ਲੈਂਦੀ ਹੈ। ਪੜ੍ਹਦਿਆਂ ਪਾਠਕ ਰੁੱਖੇਪਣ ਅਤੇ ਨੀਰਸਤਾ ਦਾ ਸ਼ਿਕਾਰ ਨਹੀਂ ਹੁੰਦਾ। ਨਮੂਨਾ ਦੇਖੋ:

'ਵੱਡਾ ਆਇਐ ਖ਼ੈਰਖਾ ਸਰਕਾਰ ਦਾ! ਕਹਿੰਦਾ, ਮੈਂ ਸਾਰੇ ਕੰਮ ਸਰਕਾਰੀ ਨਿਯਮਾਂ ਨਾਲ ਹੀ ਕਰਨੈ। ਇਹਨੂੰ ਪਤਾ ਨਹੀਂ ਅੱਜ ਕੱਲ੍ਹ 'ਚੰਮ ਨਹੀਂ ਕੰਮ ਮਿੱਠਾ' ਦਾ ਪੁਰਾਣਾ ਮੁਹਾਵਰਾ ਸਮੇਂ ਦੇ ਪੁੜਾਂ ਥੱਲੇ ਪੀਸਿਆ ਜਾ ਚੁੱਕਾ ਹੈ। ਅੱਜ- ਕੱਲ੍ਹ ਚੜ੍ਹਦੇ ਸੂਰਜ ਨੂੰ ਸਲਾਮਾਂ ਹੁੰਦੀਆਂ ਨੇ ਤੇ ਨਵੇਂ ਸੂਰਜ ਦੇ ਉੱਗਣ ਨਾਲ ਰੁੱਤਾਂ ਰੰਗ ਫੇਰ ਜਾਂਦੀਆਂ ਨੇ, ਹਰਫ਼ਾਂ ਦੇ ਅਰਥ ਬਦਲ ਜਾਂਦੇ ਨੇ, ਤੇ ਇਹ ਹਰ ਵਕਤ ਆਪਣਾ ਕੰਮ ਤੇ ਫ਼ਰਜ਼ ਸਿਰ 'ਤੇ ਚੁੱਕੀ ਫਿਰਦਾ।'

'ਤੁਹਾਡੇ ਇਹ ਬੱਜਰ ਕਪਟ, ਸਮਾਜ ਦਾ ਕੋਈ ਵੀ ਇਮਾਨਦਾਰ ਆਦਮੀ ਚੁੱਪ-ਚਾਪ ਨਹੀਂ ਵੇਖ ਸਕਦਾ, ਤੁਸੀਂ ਆਪਣਾ ਹੀ ਢਿੱਡ ਵਿਹੜਾ ਕੀਤਾ ਹੋਇਐ। ਪਾਪ ਨਾਲ ਭਰਿਆ ਤੁਹਾਡਾ ਇਹ ਭਾਂਡਾ ਹੁਣ ਫੁੱਟਣ ਹੀ ਵਾਲਾ ਹੈ। ਅੰਤ ਤੇ ਖ਼ੁਦਾ ਦਾ ਵੈਰ ਹੁੰਦਾ ਹੈ। ਦੁਨੀਆ ਦੇ ਸਭ ਨੀਚ ਕੰਮ ਤੁਸੀਂ ਕੀਤੇ, ਪਰ ਉੱਪਰਲੇ ਅਫ਼ਸਰਾਂ ਦੀਆਂ ਨਜ਼ਰਾਂ ਤੋਂ ਬਚਣ ਲਈ, ਕਾਨੂੰਨ ਤੋਂ ਬਚਣ ਲਈ ਤੁਸੀਂ ਊਜਾਂ ਲਗਾਈਆਂ, ਲਗਾਉਂਦੇ ਰਹੇ ਪੰਨਾ ਸਿੰਘ ਉੱਤੇ। ਪੰਨਾ ਸਿੰਘ ਦੇ ਰੋਹਿਲੇ ਬੋਲਾਂ ਨੇ ਸਵਾਮੀ ਦੇ ਦਿਲ ਦਾ ਡਰ ਹੋਰ ਗਹਿਰਾ ਕਰ ਦਿੱਤਾ, ਮਤਾਂ ਸਭ ਕੁੱਝ ਸਾਹਿਬ ਦੇ ਸਾਹਮਣੇ ਹੀ ਨਾ ਕਹਿ ਮਾਰੇ। ਘਰ ਦਾ ਭੇਤੀ ਲੰਕਾ ਢਾਹੇ।'




ਲੇਖਕ ਨੇ ਇੱਕ ਮਹਿਕਮੇ ਦੇ ਅੰਦਰੂਨੀ ਸੱਚ ਨੂੰ ਉਜਾਗਰ ਕਰਨ ਦੇ ਪ੍ਰਯੋਜਨ ਨਾਲ 'ਤਿੜਕੇ ਚਿਹਰੇ' ਨਾਵਲ ਦੀ ਰਚਨਾ ਕੀਤੀ ਹੈ। ਕੀ ਸਾਹਿਤ ਵਿਚ ਪੇਸ਼ ਹੋਇਆ ਪ੍ਰਯੋਜਨ ਆਪਣੇ ਅਸਲੀ ਮਕਸਦ ਤੱਕ ਪਹੁੰਚ ਜਾਂਦਾ ਹੈ। ਇਸ ਦਾ ਜਵਾਬ ਲਿਊ ਅਲਤਿਊਸਰ ਨੇ ਆਪਣੀ ਇੱਕ ਲਿਖਤ ਵਿਚ ਦਿੱਤਾ ਸੀ: ਸਾਹਿਤ ਵਿਚ ਆਇਆ ਹੋਇਆ ਵਿਚਾਰ ਸਮਾਜ ਵਿਚ ਇਕਦਮ ਪਰਿਵਰਤਨ ਨਹੀਂ ਲੈ ਆਉਂਦਾ। ਸਾਹਿਤ ਦਾ ਪ੍ਰਕਾਰਜ ਮਨੁੱਖ ਨੂੰ ਲੇਖਕ ਦੁਆਰਾ ਫੋਕਸ ਕੀਤੀ ਹੋਈ ਸਮੱਸਿਆ ਪ੍ਰਤੀ ਸੋਚਣਯੋਗ ਅਤੇ ਮਹਿਸੂਸ ਕਰਨ ਯੋਗ ਬਣਾ ਦਿੰਦਾ ਹੈ। ਸਾਹਿਤਕਾਰ ਦੇ ਲਿਖਣ ਤੋਂ ਪਹਿਲਾਂ ਉਹ ਵਿਸ਼ਾ-ਵਸਤੂ ਜਾਂ ਸਮੱਸਿਆ ਪਿੱਠ ਭੂਮੀ ਵਿਚ ਪਈ ਰਹਿੰਦੀ ਹੈ, ਲੇਖਕ ਉਸ ਨੂੰ ਅਗਰ ਭੂਮੀ ਵਿਚ ਲੈ ਆਉਂਦਾ ਹੈ ਅਤੇ ਜੇ ਕੋਈ ਲਿਖਤ ਪਾਠਕ ਨੂੰ ਸੋਚਣਯੋਗ ਅਤੇ ਮਹਿਸੂਸ ਕਰਨ ਯੋਗ ਬਣਾ ਦਿੰਦੀ ਹੈ ਤਾਂ ਆਪਣੇ ਕਾਰਜ ਵਿਚ ਸਫਲ ਹੋਈ ਹੈ। ਭਾਵੇਂ ਮੈਂ ਸਮਝਦਾ ਹਾਂ ਕਿ ਜਿਸ ਮਹਿਕਮੇ ਦੀ ਕਾਰਗੁਜ਼ਾਰੀ ਬਾਰੇ ਚਰਨਜੀਤ ਸਿੰਘ ਪੰਨੂ ਨੇ ਆਪਣੇ ਬਿਰਤੀ ਰਾਹੀਂ ਪੇਸ਼ਕਾਰੀ ਕੀਤੀ ਹੈ ਇਹ ਕਾਰਗੁਜ਼ਾਰੀ ਇੱਕ ਵੱਡੇ ਸਿਸਟਮ ਅਤੇ ਰਾਜਸੀ ਤਾਕਤ ਨਾਲ ਜੁੜੀ ਹੋਈ ਹੈ, ਜਿਸ ਦਾ ਹੱਲ ਤੱਟਫੱਟ ਨਹੀਂ ਕੀਤਾ ਜਾ ਸਕਦਾ। ਰਾਜਸੀ ਸੱਤਾ ਵਿਚ ਤਬਦੀਲੀ ਆਉਣੀ ਸੁਖਾਲਾ ਨਹੀਂ, ਪਰ ਲੇਖਕ ਪਾਠਕ ਦੇ ਮਨ ਵਿਚ ਸੁਪਨੇ ਜ਼ਰੂਰ ਜਗਾ ਸਕਦਾ ਹੈ ਅਤੇ ਉਹ ਸੁਪਨੇ ਜਗਾਉਣ ਵਿਚ ਚਰਨਜੀਤ ਸਿੰਘ ਪੰਨੂ ਸਫਲ ਹੋਇਆ ਹੈ। ਇਸੇ ਸਫਲਤਾ ਵਿਚ ਹੀ ਚਰਨਜੀਤ ਸਿੰਘ ਪੰਨੂ ਦੀ ਸ਼ੁਭ-ਇੱਛਾ ਅਤੇ ਚੰਗੇਰੇ ਭਵਿੱਖ ਦੀ ਕਾਮਨਾ ਨੂੰ ਵੇਖਿਆ ਜਾ ਸਕਦਾ ਹੈ। ਉਸ ਪਾਸੋਂ ਠੋਸ ਅਤੇ ਨਿੱਗਰ ਰਚਨਾਵਾਂ ਦੀ ਆਸ ਕੀਤੀ ਜਾ ਸਕਦੀ ਹੈ।

---

# ਆਪਣੇ ਕਿਰਦਾਰ 'ਤੇ ਕਾਬੂ ਰੱਖਣਾ ਜ਼ਰੂਰੀ

ਲੋਕ ਤੁਹਾਡੇ ਵੱਲੋਂ ਕੀਤੇ ਚੰਗੇ ਕੰਮਾਂ ਦੀ, ਕਦੇ ਵੀ ਰਸੀਦ ਨਹੀਂ ਰੱਖਣਗੇ ਪਰ ਜੇ ਇੱਕ ਗਲਤੀ ਹੋ ਗਈ ਤਾਂ ਉਸਦਾ ਪੂਰਾ ਹਿਸਾਬ-ਕਿਤਾਬ ਰੱਖਣਗੇ

ਇਨਸਾਨੀ ਸੁਭਾਅ ਬਹੁਤ ਹੀ ਅਜੀਬ ਹੈ। ਅਸੀਂ ਕਿਸੇ ਲਈ ਸੌ ਚੰਗੇ ਕੰਮ ਕਰ ਦਈਏ, ਉਸਦਾ ਸਾਥ ਦੇਈਏ, ਮੁਸ਼ਕਲ ਵੇਲੇ ਉਸਦੇ ਨਾਲ ਖੜ੍ਹੇ ਰਹੀਏ— ਪਰ ਅਕਸਰ ਇਹ ਸਭ ਕੁਝ ਲੋਕਾਂ ਦੀ ਯਾਦ ਵਿਚ ਲੰਮਾ ਨਹੀਂ ਟਿਕਦਾ। ਪਰ ਜੇ ਇੱਕ ਵਾਰੀ ਵੀ ਗਲਤੀ ਹੋ ਜਾਵੇ, ਚਾਹੇ ਉਹ ਛੋਟੀ ਹੀ ਕਿਉਂ ਨਾ ਹੋਵੇ, ਉਸਦਾ ਹਿਸਾਬ-ਕਿਤਾਬ ਲੋਕ ਸਾਲਾਂ ਤੱਕ ਰੱਖਦੇ ਨੇ।

ਅੱਜ ਦੇ ਸਮੇਂ ਵਿਚ ਲੋਕਾਂ ਦੀ ਸੋਚ ਬਹੁਤ ਤੇਜ਼ੀ ਨਾਲ ਨਿਰਣਾ ਕਰਦੀ ਹੈ। ਉਹ ਤੁਹਾਡੇ ਪੂਰੇ ਕਿਰਦਾਰ ਨੂੰ ਨਹੀਂ ਵੇਖਦੇ, ਸਿਰਫ ਇੱਕ ਘਟਨਾ ਦੇ ਆਧਾਰ 'ਤੇ ਫੈਸਲਾ ਕਰ ਲੈਂਦੇ ਨੇ। ਇਹ ਸੱਚਾਈ ਕਦੇ-ਕਦੇ ਦਿਲ ਨੂੰ ਚੋਟ ਵੀ ਪਹੁੰਚਾਉਂਦੀ ਹੈ, ਕਿਉਂਕਿ ਜਦੋਂ ਸਾਨੂੰ ਆਪਣੀਆਂ ਕੀਤੀਆਂ ਚੰਗਿਆਈਆਂ ਦਾ ਮੁੱਲ ਨਹੀਂ ਮਿਲਦਾ, ਤਾਂ ਅੰਦਰੋਂ ਨਿਰਾਸ਼ਾ ਪੈਦਾ ਹੁੰਦੀ ਹੈ।

ਪਰ ਇੱਥੇ ਸਮਝਣ ਵਾਲੀ ਗੱਲ ਇਹ ਹੈ ਕਿ ਅਸੀਂ ਆਪਣਾ ਸੁਭਾਵ ਲੋਕਾਂ ਦੇ ਵਤੀਰੇ ਦੇ ਅਨੁਸਾਰ ਨਹੀਂ ਬਦਲਣਾ। ਜੇ ਅਸੀਂ ਚੰਗਾ ਕਰਦੇ ਹਾਂ, ਤਾਂ ਉਹ ਸਾਡੇ ਆਪਣੇ ਕਿਰਦਾਰ ਦੀ ਪਛਾਣ ਹੈ, ਨਾ ਕਿ ਕਿਸੇ ਦੀ ਤਾਰੀਫ਼ ਲਈ ਕੀਤਾ ਕੰਮ। ਚੰਗਿਆਈ ਕਦੇ ਵੀ ਵਿਅਰਥ ਨਹੀਂ ਜਾਂਦੀ— ਭਾਵੇਂ ਲੋਕ ਉਸਨੂੰ ਨਾ ਮੰਨਣ, ਪਰ ਉਹ ਕਿਤੇ ਨਾ ਕਿਤੇ ਆਪਣਾ ਅਸਰ ਜ਼ਰੂਰ ਛੱਡਦੀ ਹੈ।

ਦੂਜੇ ਪਾਸੇ, ਗਲਤੀਆਂ ਕਰਨਾ ਵੀ ਮਨੁੱਖੀ ਸੁਭਾਅ ਦਾ ਹਿੱਸਾ ਹੈ। ਕੋਈ ਵੀ ਇਨਸਾਨ ਪੂਰਨ ਨਹੀਂ ਹੁੰਦਾ। ਜੇ ਲੋਕ ਸਾਡੀਆਂ ਗਲਤੀਆਂ ਨੂੰ ਯਾਦ ਰੱਖਦੇ ਨੇ, ਤਾਂ ਇਹ ਵੀ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਉਨ੍ਹਾਂ ਤੋਂ ਸਿੱਖੀਏ ਅਤੇ ਆਪਣੇ ਆਪ ਨੂੰ ਹੋਰ ਬਿਹਤਰ ਬਣਾਈਏ। ਪਰ ਇਸ ਗੱਲ ਦਾ ਭਾਰ ਆਪਣੇ ਦਿਲ 'ਤੇ ਨਹੀਂ ਰੱਖਣਾ ਚਾਹੀਦਾ ਕਿ ਲੋਕ ਕੀ ਸੋਚਦੇ ਨੇ।

ਅਸਲ ਵਿਚ ਸਿਆਣਪ ਇਸ ਵਿਚ ਹੈ ਕਿ ਅਸੀਂ ਆਪਣੇ ਰਸਤੇ 'ਤੇ ਚੱਲਦੇ ਰਹੀਏ, ਚੰਗਾ ਕਰਦੇ ਰਹੀਏ, ਅਤੇ ਆਪਣੇ ਮਨ ਨੂੰ ਸਾਫ਼ ਰੱਖੀਏ। ਲੋਕਾਂ ਦੀ ਯਾਦ ਅਤੇ ਸੋਚ 'ਤੇ ਸਾਡਾ ਕਾਬੂ ਨਹੀਂ, ਪਰ ਆਪਣੇ ਕਿਰਦਾਰ 'ਤੇ ਪੂਰਾ ਕਾਬੂ ਹੈ।

*-ਟਹਿਲ ਸਿੰਘ ਬਰਾੜ*

# ਫ਼ਿਲਮ ਲੋਕ

## ਸੁਰਾਂ ਦੀ ਮਹਾਰਾਣੀ ਸੀ ਆਸ਼ਾ ਭੋਸਲੇ

### ਆਸ਼ਾ ਦੀ ਆਵਾਜ਼ ਨੇ ਕਰੋੜਾਂ ਲੋਕਾਂ ਨੂੰ ਆਪਣੇ ਨਾਲ ਜੋੜਿਆ



12 ਅਪ੍ਰੈਲ ਭਾਰਤੀ ਸੰਗੀਤ ਦੀ ਦੁਨੀਆ ਵਿਚ ਉਹ ਦਿਨ ਹੈ ਜਦੋਂ ਭਾਰਤੀ ਸੰਗੀਤ ਦੀ ਅਮਰ ਵਿਰਾਸਤ ਦਾ ਇਕ ਅਜਿਹਾ ਸਿਤਾਰਾ ਬੁਝ ਗਿਆ ਜਿਸ ਦੀ ਸੰਗੀਤਮਈ ਰਵਾਨਗੀ ਨੇ ਦੁਨੀਆ ਵਿਚ ਇਕ ਨਵਾਂ ਇਤਿਹਾਸ ਸਿਰਜਿਆ ਹੈ। ਆਸ਼ਾ ਅਸਲੇ ਭਾਰਤੀ ਫਿਲਮੀ ਸੰਗੀਤ ਦੀ ਅਜਿਹੀ ਆਵਾਜ਼ ਦਾ ਨਾਂ ਸੀ, ਜੋ ਸੱਤ ਦਹਾਕਿਆਂ ਦੀ ਮਿਹਨਤ ਤੇ ਸੰਘਰਸ਼ ਨਾਲ ਇਕ ਅਦਭੁਤ ਸੰਗੀਤ

**ਡਾ.ਕ੍ਰਿਸ਼ਨ ਕੁਮਾਰ ਰੱਤੂ**

ਦੀ ਦੁਨੀਆ ਦੀ ਮਾਲਕ ਬਣੀ। ਇਹ ਆਵਾਜ਼ ਹੁਣ ਇਸ ਦੁਨੀਆ ਤੋਂ ਵਿਦਾ ਹੋ ਗਈ ਹੈ।

92 ਸਾਲ ਦੇ ਆਪਣੇ ਜੀਵਨ ਵਿਚ ਉਨ੍ਹਾਂ ਨੇ ਬਹੁਤ ਕੁਝ ਦੇਖਿਆ ਤੇ ਬਹੁਤ ਕੁਝ ਸਿਰਜਿਆ। ਭਾਰਤੀ ਸੰਗੀਤ ਵਿਚ ਸੁਰਾ ਦੀ ਇਸ ਮਹਾਰਾਣੀ ਨੇ ਕਰੋੜਾਂ ਲੋਕਾਂ ਨੂੰ ਆਪਣੇ ਨਾਲ ਜੋੜਿਆ। ਇਹ ਆਸ਼ਾ ਭੋਸਲੇ ਦੇ ਸੰਗੀਤ ਤੇ ਗਾਇਕੀ ਦੀ ਤਾਕਤ ਤੇ ਉਨ੍ਹਾਂ ਦਾ ਜਨੂਨ ਸੀ ਜਿਸ ਨਾਲ ਉਨ੍ਹਾਂ ਨੇ ਕਰੋੜਾਂ ਭਾਰਤੀਆਂ ਦੇ ਦਿਲਾਂ 'ਤੇ ਰਾਜ ਕੀਤਾ। ਉਨ੍ਹਾਂ ਦੀ ਗਾਇਕੀ ਹਮੇਸ਼ਾ ਦਿਲਾਂ 'ਚ ਜ਼ਿੰਦਾ ਰਹੇਗੀ। ਉਹ ਕਰੋੜਾਂ ਲੋਕਾਂ ਵਾਂਗ ਮੇਰੀਆਂ ਯਾਦਾਂ ਵਿਚ ਵੀ ਹਮੇਸ਼ਾ ਵਸੇ ਰਹਿਣਗੇ। ਮੇਰੀ ਉਨ੍ਹਾਂ ਨਾਲ ਪਹਿਲੀ ਵਾਰ 1986 ਵਿਚ ਮੁਲਾਕਾਤ ਹੋਈ ਸੀ। ਉਸ ਤੋਂ ਬਾਅਦ ਉਨ੍ਹਾਂ ਨਾਲ ਯਾਦਾਂ ਦਾ ਸਿਲਸਿਲਾ ਸਦਾ ਬਣਿਆ ਰਿਹਾ। ਉਹ ਇਕ ਮਿਸਾਲੀ ਕਲਾਕਾਰ ਸਨ ਜਿਨ੍ਹਾਂ ਨੇ 12 ਹਜ਼ਾਰ ਤੋਂ ਜ਼ਿਆਦਾ ਗੀਤ ਭਾਰਤੀ ਫਿਲਮ ਇੰਡਸਟਰੀ ਲਈ ਗਾਏ। ਇਹ ਦੁਨੀਆ ਵਿਚ ਉਨ੍ਹਾਂ ਦਾ ਰਿਕਾਰਡ ਸੀ । ਇਸ ਨੂੰ ਗਿਨੀਜ਼ ਬੁੱਕ ਵਿਚ ਵੀ ਦਰਜ ਕੀਤਾ ਗਿਆ ਹੈ।

ਉਨ੍ਹਾਂ ਨਾਲ ਮੁਲਾਕਾਤਾਂ ਤੋਂ ਬਾਅਦ ਹਮੇਸ਼ਾ ਇਹ ਲੱਗਦਾ ਸੀ ਕਿ ਜ਼ਿੰਦਗੀ ਵਿਚ ਹਮੇਸ਼ਾ ਕੁਝ ਅਜਿਹਾ ਹੁੰਦਾ ਹੈ, ਜਿਸ ਨੂੰ ਸਿੱਖਿਆ ਜਾ ਸਕਦਾ ਹੈ। ਅਸਲ ਵਿਚ ਸੰਗੀਤ ਦੀਆਂ ਬਰੀਕੀਆਂ ਨਾਲ ਜਨੂਨ ਤੇ ਜ਼ਿਦ ਨਾਲ ਗਾਉਣਾ ਉਨ੍ਹਾਂ ਦੀ ਹਿੰਮਤ ਸੀ ਜਿਸ ਨੂੰ ਉਨ੍ਹਾਂ ਨੇ ਆਪਣੇ ਆਖ਼ਰੀ ਸਾਹਾਂ, 92 ਸਾਲ ਦੀ ਉਮਰ ਤੱਕ ਨਿਭਾਇਆ ਹੈ । ਅੱਜ ਜਦੋਂ ਮੈਂ ਪਿੱਛੇ ਮੁੜ ਕੇ ਦੇਖਦਾ ਹਾਂ ਤਾਂ ਮੇਰੀਆਂ ਯਾਦਾਂ ਵਿਚ ਆਸ਼ਾ ਜੀ ਦੀਆਂ ਯਾਦਾਂ, ਜੀਵਨ ਦੀ ਰਫ਼ਤਾਰ ਤੇ ਸੰਗੀਤ ਦੇ ਪ੍ਰਤੀ ਉਹ ਸਨਮਾਨ ਹਨ ਜਿਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਸੁਰਾਂ ਦੀ ਅਮਰ ਦੁਨੀਆ ਵਿਚ ਜਦੋਂ ਵੀ ਆਵਾਜ਼ ਦੀ ਰੰਗਤ, ਲਚਕ ਤੇ ਅਨੋਖੀ ਅਦਾਕਾਰੀ ਦੀ ਗੱਲ ਹੁੰਦੀ ਹੈ, ਤਾਂ ਆਸ਼ਾ ਜੀ ਦਾ ਨਾਂ ਸਭ ਤੋਂ ਉੱਚੀ ਧੁਨ ਵਾਂਗ ਗੂੰਜਦਾ ਹੈ। ਉਹ ਇਕ ਅਜਿਹੀ



ਗਾਇਕਾ ਹਨ, ਜਿਨ੍ਹਾਂ ਦੀ ਆਵਾਜ਼ ਸਿਰਫ਼ ਸੁਣੀ ਨਹੀਂ ਜਾਂਦੀ, ਮਹਿਸੂਸ ਕੀਤੀ ਜਾਂਦੀ ਹੈ।

ਆਸ਼ਾ ਭੋਸਲੇ ਦਾ ਜਨਮ 8 ਸਤੰਬਰ 1933 ਨੂੰ ਸਾਂਗਲੀ ਵਿਚ ਹੋਇਆ। ਉਹ ਇਕ ਸੰਗੀਤਕ ਪਰਿਵਾਰ ਵਿਚ ਪੈਦਾ ਹੋਏ। ਉਨ੍ਹਾਂ ਦੇ ਪਿਤਾ ਦਿਨਾਨਾਥ ਮੰਗੇਸ਼ਕਰ ਇਕ ਮਸ਼ਹੂਰ ਗਾਇਕਅਤੇ ਰੰਗਮੰਚ ਕਲਾਕਾਰ ਸਨ। ਉਨ੍ਹਾਂ ਦੀ ਵੱਡੀ ਭੈਣ ਲਤਾ ਜੀ ਨੇ ਜਿੱਥੇ ਕਲਾਸਿਕਲ ਅਤੇ ਭਾਵਪੂਰਨ ਗਾਇਕੀ ਨਾਲ ਨਾਂ ਕਮਾਇਆ, ਉੱਥੇ ਆਸ਼ਾ ਜੀ ਨੇ ਆਪਣੇ ਅੰਦਾਜ਼ ਨਾਲ ਹਰ ਕਿਸਮ ਦੇ ਗੀਤਾਂ ਵਿਚ ਆਪਣੀ ਵੱਖਰੀ ਪਹਿਚਾਣ ਬਣਾਈ।

ਅਸਲ ਵਿਚ ਆਸ਼ਾ ਜੀ ਦੀ ਆਵਾਜ਼ ਵਿਚ ਇਕ ਅਜਿਹਾ ਜਾਦੂ ਹੈ ਜੋ ਹਰ ਮੌਕੇ ਲਈ ਸੁਹਾਵਣਾ ਹੈ। ਕੁਝ ਪ੍ਰਸਿੱਧ ਗੀਤਾਂ ਦੇ ਮੁਖੜੇ ਅੱਜ ਵੀ ਲੋਕਾਂ ਦੀ ਜ਼ੁਬਾਨ 'ਤੇ ਹਨ ਜਿਵੇਂ ''ਪੀਆ ਤੂ ਅਬ ਤੋ ਆਜਾ'', ''ਦਮ ਮਾਰੋ ਦਮ'', ''ਚੁਰਾ ਲਿਆ ਹੈ ਤੁਮਨੇ। ਜੋ ਦਿਲ ਕੋ'', ''ਇਨ ਆਂਖੋ ਕੀ ਮਸਤੀ ਕੇ'' ਇਹ ਸਿਰਫ਼ ਗੀਤ ਨਹੀਂ, ਸਗੋਂ ਸਮੇਂ ਦੀਆਂ ਧੜਕਣਾਂ ਹਨ, ਜੋ ਅੱਜ ਵੀ ਹਰ ਦਿਲ ਵਿਚ ਵਸਦੀਆਂ ਹਨ। ਆਰਡੀ ਬਰਮਨ ਨਾਲ ਉਨ੍ਹਾਂ ਦੀ ਜੋੜੀ ਨੇ ਸੰਗੀਤ ਦੇ ਇਤਿਹਾਸ ਵਿਚ ਨਵਾਂ ਅਧਿਆਇ ਲਿਖਿਆ। ਦੋਹਾਂ ਦੀ ਸਾਂਝ ਨੇ ਅਜਿਹੇ ਅਮਰ ਗੀਤਾਂ ਨੂੰ ਜਨਮ ਦਿੱਤਾ, ਜੋ ਅੱਜ ਦੀ ਪੀੜ੍ਹੀ ਨੂੰ ਜੋੜਦੇ ਹਨ ਤੇ ਆਉਣ ਵਾਲੀਆਂ ਪੀੜ੍ਹੀਆਂ ਵੱਲੋਂ ਵੀ ਪਸੰਦ ਕੀਤੇ ਜਾਣਗੇ।

ਆਸ਼ਾ ਭੋਸਲੇ ਦੀ ਕਲਾ ਨੂੰ ਦੇਸ਼ ਅਤੇ ਵਿਦੇਸ਼ ਵਿਚ ਬੇਹੱਦ ਸਨਮਾਨ ਮਿਲਿਆ। ਉਨ੍ਹਾਂ ਨੂੰ ਕੁੱਝ ਪ੍ਰਮੁੱਖ ਐਵਾਰਡ ਮਿਲੇ ਹਨ। ਉਹ ਭਾਰਤ ਦੇ ਦੂਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਪਦਮ ਵਿਭੂਸ਼ਣ ਨਾਲ ਸਨਮਾਨਿਤ ਹਨ। ਇਸ ਤੋਂ ਇਲਾਵਾ ਉਹ ਭਾਰਤੀ ਸਿਨੇਮਾ ਦੇ ਸਭ ਤੋਂ ਵੱਡੇ ਸਨਮਾਨ ਦਾਦਾ ਸਾਹਿਬ ਫਾਲਕੇ ਅਤੇ ਕਈ ਵਾਰ ਫ਼ਿਲਮ ਫੇਅਰ ਐਵਾਰਡ ਜੇਤੂ ਰਹੇ ਹਨ। ਇਹ ਸਨਮਾਨ ਸਿਰਫ਼ ਇਨਾਮ ਨਹੀਂ, ਉਨ੍ਹਾਂ ਦੀ ਸੰਗੀਤਕ ਸਾਧਨਾ ਦਾ ਪ੍ਰਮਾਣ ਹਨ। ਉਨ੍ਹਾਂ ਦੀਆਂ ਮੁਲਾਕਾਤਾਂ ਤੇ ਯਾਦਾਂ ਦੀ ਮਿਠਾਸ ਹਮੇਸ਼ਾ ਯਾਦ ਆਉਂਦੀ ਰਹੇਗੀ।

ਉਨ੍ਹਾਂ ਦੀ ਸਾਦਗੀ ਅਤੇ ਖ਼ੁਸ਼ਮਿਜ਼ਾਜ ਸੁਭਾਅ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਿਹਾ ਜਾ ਸਕਦਾ ਸੀ । ਉਨ੍ਹਾਂ ਦੀਆਂ ਗੱਲਾਂ ਵਿਚ ਜੀਵਨ ਦੇ ਤਜਰਬੇ ਅਤੇ ਹਾਸੇ ਦੀ ਮਿਠਾਸ ਹੁੰਦੀ ਸੀ। ਆਸ਼ਾ ਜੀ ਗੱਲ ਕਰਦੇ ਸਨ ਤਾਂ ਲੱਗਦਾ ਸੀ ਜਿਵੇਂ ਕੋਈ ਧੁਨ ਚਲ ਰਹੀ ਹੋਵੇ, ਉਹ ਹੱਸਦੇ ਸਨ ਤਾਂ ਲੱਗਦਾ ਸੀ ਜਿਵੇਂ ਘੰਟੀਆਂ ਵੱਜ ਪਈਆਂ ਹੋਣ। ਭਾਰਤੀ ਫਿਲਮ ਸੰਗੀਤ ਤੇ ਭਾਰਤੀ ਫਿਲਮਾਂ ਵਿਚ ਉਨ੍ਹਾਂ ਦਾ ਯੋਗਦਾਨ ਅਮਿੱਟ ਹੈ। ਉਨ੍ਹਾਂ ਨੇ ਹਰ ਕਿਸਮ ਦੇ ਗੀਤਾਂ ਵਿਚ ਆਪਣੀ ਅਵਾਜ਼ ਦੇ ਰੰਗ ਭਰੇ, ਚਾਹੇ ਉਹ ਗ਼ਜ਼ਲਾਂ ਹੋਣ ਜਾਂ ਮਾਡਰਨ ਧੁਨਾਂ। ਉਨ੍ਹਾਂ ਦੀ ਆਵਾਜ਼ ਨੇ ਫਿਲਮਾਂ ਨੂੰ ਜ਼ਿੰਦਗੀ ਦਿੱਤੀ ਅਤੇ ਕਹਾਣੀਆਂ ਨੂੰ ਅਹਿਸਾਸਾਂ ਨਾਲ ਜੋੜਿਆ।

ਆਪਣੀਆਂ ਮੁਲਾਕਾਤਾਂ ਵਿਚ ਮੈਨੂੰ ਅਕਸਰ ਯਾਦ ਆਉਂਦਾ ਹੈ ਕਿ ਉਨ੍ਹਾਂ ਨੇ ਹਮੇਸ਼ਾ ਚੰਗੇ ਸੰਗੀਤ, ਚੰਗੀ ਜ਼ਿੰਦਗੀ ਤੋਂ ਇਲਾਵਾ ਚੰਗੇ ਖਾਣ-ਪੀਣ ਨੂੰ ਪਹਿਲ ਦਿੱਤੀ। ਉਹ ਅਦਭੁਤ ਖਾਣਾ ਬਣਾਉਣ ਦੇ ਵੀ ਮਾਹਿਰ ਸਨ। ਕਾਰੋਬਾਰੀ ਜ਼ਿੰਦਗੀ ਦੀ ਗੱਲ ਕਰੀਏ ਤਾਂ ਅੱਜ ਵੀ ਉਨ੍ਹਾਂ ਦੇ ਕਈ ਰੈਸਟੋਰੈਂਟ ਦੁਬਈ ਤੋਂ ਲੈ ਕੇ ਭਾਰਤ ਵਿਚ ਚੱਲ ਰਹੇ ਹਨ। ਇਹ ਉਨ੍ਹਾਂ ਦੀ ਸ਼ਖ਼ਸੀਅਤ ਦਾ ਇਕ ਦੂਸਰਾ ਪਹਿਲੂ ਸੀ। ਭਾਰਤੀ ਸੰਗੀਤ ਵਿਚ ਜਿਸ ਤਰ੍ਹਾਂ ਦੇ ਤਜਰਬੇ ਤੇ ਜਿਸ ਤਰ੍ਹਾਂ ਦੀਆਂ ਸੰਗੀਤ ਧੁਨਾਂ ਤੇ ਗਾਇਕੀ ਦੀ ਧੂਮ ਉਨ੍ਹਾਂ ਨੇ ਮਚਾਈ, ਉਸ ਵਿਚ ਜੈੱਨ ਜੀ ਤੋਂ ਲੈ ਕੇ ਸਭ ਤਰ੍ਹਾਂ ਦੇ ਲੋਕਾਂ ਦਾ ਐਸਾ ਸੁਮੇਲ ਹੈ ਕਿ ਉਹ ਕਰੋੜਾਂ ਲੋਕਾਂ ਦੇ ਦਿਲਾਂ ਦੀ ਆਵਾਜ਼ ਤੇ ਧੜਕਣ ਬਣੇ ਰਹੇ ਹਨ। ਉਹ ਸਿਰਫ਼ ਇਕ ਗਾਇਕਾ ਨਹੀਂ, ਇਕ ਯੁੱਗ ਹਨ, ਇਕ ਅਹਿਸਾਸ ਹਨ, ਇਕ ਯਾਦ ਹਨ ਜੋ ਕਦੇ ਮਿਟ ਨਹੀਂ ਸਕਦੀ। ਅੱਜ ਉਹ ਭਾਵੇਂ ਚਲੇ ਗਏ ਹਨ ਪਰ ਸਾਡੀਆਂ ਯਾਦਾਂ ਵਿਚ ਹਮੇਸ਼ਾ ਤਾਜ਼ਾ ਰਹਿਣਗੇ ।




### ਸਨਮਾਨ




ਬਹੁਤ ਸਾਰੇ ਸਨਮਾਨ ਹਾਸਲ ਕਰਨ ਵਾਲੀ ਆਸ਼ਾ ਭੋਸਲੇ ਇਕ ਸਫ਼ਲ ਕਾਰੋਬਾਰੀ ਵੀ ਸਨ ਅਤੇ ਦੁਬਈ ਤੇ ਯੂ.ਕੇ. 'ਚ 'ਆਸ਼ਾ' ਨਾਂਅ ਦੇ ਮਸ਼ਹੂਰ ਰੈਸਟੋਰੈਂਟ ਚਲਾਉਂਦੇ ਸਨ । ਉਨ੍ਹਾਂ ਨੇ ਆਪਣੇ ਕਰੀਅਰ 'ਚ ਦਾਦਾ ਸਾਹਿਬ ਫਾਲਕੇ, ਪਦਮ ਵਿਭੂਸ਼ਣ ਅਤੇ ਰਾਸ਼ਟਰੀ ਪੁਰਸਕਾਰ ਅਤੇ ਸੰਗੀਤ ਜਗਤ 'ਚ ਕਈ ਵਕਾਰੀ ਸਨਮਾਨ ਹਾਸਿਲ ਕੀਤੇ।

### ਸੰਗੀਤ ਦੀ ਦੁਨੀਆ 'ਚ ਵੱਡਾ ਖਲਾਅ ਪੈਦਾ ਹੋਇਆ: ਰਾਸ਼ਟਰਪਤੀ



**ਨਵੀਂ ਦਿੱਲੀ:**ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਗਾਇਕਾ ਆਸ਼ਾ ਭੋਸਲੇ ਦੇ ਦਿਹਾਂਤ 'ਤੇ ਦੁਖ ਜਤਾਇਆ ਤੇ ਕਿਹਾ ਕਿ ਇਸ ਨਾਲ ਸੰਗੀਤ ਦੀ ਦੁਨੀਆ 'ਚ ਇਕ ਵੱਡਾ ਖਲਾਅ ਪੈਦਾ ਹੋ ਗਿਆ ਹੈ। 'ਐਕਸ' 'ਤੇ ਇਕ ਪੋਸਟ 'ਚ ਮੁਰਮੂ ਨੇ. ਕਿਹਾ ਕਿ ਇਕ ਮਸ਼ਹੂਰ ਗਾਇਕਾ ਵਜੋਂ ਉਨ੍ਹਾਂ ਦੇ ਸ਼ਾਨਦਾਰ ਕੈਰੀਅਰ ਨੇ ਭਾਰਤ 'ਚ ਸੰਗੀਤ ਦੇ ਇਕ ਪੂਰੇ ਦੌਰ ਨੂੰ ਪਰਿਭਾਸ਼ਿਤ ਕੀਤਾ ਹੈ। ਮੁਰਮੂ ਨੇ ਕਿਹਾ ਕਿ ਆਪਣੀ- ਸੁਰੀਲੀ ਤੇ ਸਦਾਬਹਾਰ ਆਵਾਜ਼ ਨਾਲ ਆਸ਼ਾ ਨੇ ਦਹਾਕਿਆਂ ਤੱਕ ਭਾਰਤੀ ਸੰਗੀਤ ਨੂੰ ਅਮੀਰ ਬਣਾਇਆ। ਉਨ੍ਹਾਂ ਦਾ ਸੰਗੀਤ ਹਮੇਸ਼ਾਂ ਅਮਰ ਰਹੇਗਾ।

### ਆਵਾਜ਼ 'ਚ ਸਦੀਵੀ ਪ੍ਰਤਿਭਾ ਸੀ: ਪ੍ਰਧਾਨ ਮੰਤਰੀ



**ਨਵੀਂ ਦਿੱਲੀ:**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗਾਇਕਾ ਆਸ਼ਾ ਭੋਸਲੇ ਦੇ ਦਿਹਾਂਤ 'ਤੇ ਦੁਖ ਪ੍ਰਗਟ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੇ ਗੀਤ ਹਮੇਸ਼ਾ ਲੋਕਾਂ ਦੇ ਜੀਵਨ 'ਚ ਗੂੰਜਦੇ ਰਹਿਣਗੇ। 'ਐਕਸ' 'ਤੇ ਆਪਣੇ ਸੰਦੇਸ਼ 'ਚ ਮੋਦੀ ਨੇ ਇਹ ਵੀ ਕਿਹਾ ਕਿ ਭੋਸਲੇ ਦੀ ਅਸਾਧਾਰਨ ਸੰਗੀਤਕ ਯਾਤਰਾ ਦਹਾਕਿਆਂ ਤੱਕ ਫੈਲੀ, ਭਾਰਤੀ ਸੱਭਿਆਚਾਰਕ ਵਿਰਾਸਤ ਨੂੰ ਅਮੀਰ ਬਣਾਇਆ ਅਤੇ ਦੁਨੀਆ ਭਰ ਦੇ ਅਣਗਿਣਤ ਦਿਲਾਂ ਨੂੰ ਛੂਹਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਵੇਂ ਉਹ ਉਨ੍ਹਾਂ ਦੀਆਂ ਰੂਹਾਨੀ ਸੁਰਾਂ ਹੋਣ ਜਾਂ ਜੀਵੰਤ ਰਚਨਾਵਾਂ, ਭੋਸਲੇ ਦੀ ਆਵਾਜ਼ 'ਚ ਸਦੀਵੀ ਪ੍ਰਤਿਭਾ ਸੀ। ਮੈਂ ਉਨ੍ਹਾਂ ਨਾਲ ਆਪਣੀਆਂ ਗੱਲਬਾਤਾਂ ਦੀਆਂ ਯਾਦਾਂ ਨੂੰ ਹਮੇਸ਼ਾ ਲਈ ਸੰਭਾਲ ਕੇ ਰੱਖਾਂਗਾ।

### ਸੰਗੀਤਕ ਖੇਤਰ ਦੇ ਸੁਨਹਿਰੀ ਯੁੱਗ ਦਾ ਹੋਇਆ ਅੰਤ: ਮੁੱਖ ਮੰਤਰੀ



**ਚੰਡੀਗੜ੍ਹ:**ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰਕੇ ਆਸ਼ਾ ਭੋਸਲੇ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਨੇ ਲਿਖਿਆ ਕਿ ਪ੍ਰਸਿੱਧ ਗਾਇਕਾ ਤੇ 'ਪਦਮ ਵਿਭੂਸ਼ਣ' ਪੁਰਸਕਾਰ ਜੇਤੂ ਆਸ਼ਾ ਭੋਸਲੇ ਜੀ ਦੇ ਬੇਵਕਤੀ ਦਿਹਾਂਤ ਦੀ ਖ਼ਬਰ ਸੁਣ ਕੇ ਬਹੁਤ ਦੁੱਖ ਹੋਇਆ ਹੈ। ਉਨ੍ਹਾਂ ਦੇ ਦਿਹਾਂਤ ਨਾਲ ਸੰਗੀਤ ਦੇ ਖੇਤਰ ਵਿਚ ਇਕ ਸੁਨਹਿਰੀ ਯੁੱਗ ਦਾ ਅੰਤ ਹੋ ਗਿਆ ਹੈ. ਇਹ ਇਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਭਾਰਤੀ ਸੰਗੀਤ ਜਗਤ 'ਚ ਉਨ੍ਹਾਂ ਦੁਆਰਾ ਦਿੱਤੇ ਗਏ ਅਨਮੋਲ ਯੋਗਦਾਨ ਨੂੰ ਆਉਣ ਵਾਲੇ ਯੁੱਗਾਂ ਤੱਕ ਯਾਦ ਰੱਖਿਆ ਜਾਵੇਗਾ। ਇਸ ਦੁੱਖ ਦੀ ਘੜੀ 'ਚ, ਮੇਰੀਆਂ ਡੂੰਘੀਆਂ ਸੰਵੇਦਨਾਵਾਂ ਪਰਿਵਾਰ ਅਤੇ ਉਨ੍ਹਾਂ ਦੇ ਲੱਖਾਂ ਪ੍ਰਸ਼ੰਸਕਾਂ ਨਾਲ ਹਨ।

ੴ ਸਤਿਗੁਰ ਪ੍ਰਸਾਦਿ॥

ਚਿੜੀਓਂ ਸੇ ਮੈਂ ਬਾਜ਼ ਤੁੜਾਊਂ।
ਸਵਾ ਲਾਖ ਸੇ ਏਕ ਲੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।



# ਸਮੂਹ ਪੰਜਾਬੀ ਭਾਈਚਾਰੇ ਨੂੰ ਧਾਲੀਵਾਲ ਪਰਿਵਾਰ ਵਲੋਂ ਗੁਰੂ ਰੂਪ ਖਾਲਸਾ ਜੀ ਦੇ ਸਾਜਨਾ ਦਿਹਾੜੇ ਵਿਸਾਖੀ ਦੀ

# ਕੋਟਨਿ-ਕੋਟਿ ਵਧਾਈ

*ਭਗਤੀ ਤੇ ਸ਼ਕਤੀ ਦਾ, ਉਸ ਬੂਟਾ ਲਾਇਆ ਏ। ਇਹਨੂੰ ਹਰਿਆ ਰੱਖਣ ਲਈ, ਸਰਬੰਸ ਲੁਟਾਇਆ ਏ।*
*ਪਤਝੜ .ਗੁਲਾਮੀ ਦੀ, ਨਾ ਆਏ ਬਹਾਰਾਂ ‘ਤੇ, ਉਸ ਪੰਥ ਸਜਾਇਆ ਏ, ਤੇਗਾਂ ਦੀਆਂ ਧਾਰਾਂ ‘ਤੇ।*



ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨੂੰ ਵੱਖਰੀ ਪਛਾਣ ਬਖਸ਼ੀ। ਇਹ ਵੱਖ ਪਛਾਣ ਸਵਰੂਪ ਦੇ ਨਾਲ ਹੀ ਸੋਚ, ਜੀਵਨ-ਜਾਚ ਤੇ ਧਾਰਮਿਕ, ਸਮਾਜਿਕ ਆਚਾਰ-ਵਿਵਹਾਰ ਦੀ ਵੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨੂੰ ਆਪਣੇ ਜਿਹਾ ਹੀ ਬਣਾਇਆ। ਗੁਰੂ ਰਾਮਦਾਸ ਜੀ ਦੇ ਵਚਨ ਨੂੰ ਹਕੀਕਤ ਰੂਪ ਦਿੰਦਿਆਂ ਦਸਮ ਪਿਤਾ ਆਪ ਖਾਲਸਾ ਵਿਚ ਵਰਤੇ, ਆਪਣੇ ਸਾਰੇ ਗੁਣ ਖਾਲਸਾ ਵਿਚ ਬੀਜੇ। ਖਾਲਸਾ ਨੂੰ ਆਪਣੇ ਜਿਹਾ ਹੀ ਧੀਰ-ਗੰਭੀਰ, ਧਰਮ ਲਈ ਸੰਕਲਪਬੱਧ, ਰਹਿਤਵੰਤ ਬਣਾਇਆ ਜਿਸ ਦਾ ਕਾਰਜ ਗੁਰੂ ਸਾਹਿਬ ਨੇ ਨੌਂ ਸਾਲ ਦੀ ਆਯੂ ਵਿਚ ਗੁਰਗੱਦੀ ’ਤੇ ਬਿਰਾਜਮਾਨ ਹੁੰਦਿਆਂ ਹੀ ਆਰੰਭ ਕਰ ਦਿੱਤਾ ਸੀ। ਖਾਲਸਾ ਧਾਰਮਿਕ, ਅਧਿਆਤਮਕ ਗਿਆਨ ਵਿਚ ਪ੍ਰਵੀਨ, ਅਸਤਰ-ਸ਼ਸਤਰ ਵਿਦਿਆ ਵਿਚ ਮਾਹਿਰ, ਸਮਾਜਿਕ, ਆਰਥਕ ਜ਼ਿੰਮੇਵਾਰੀ ਪ੍ਰਤੀ ਸੁਚੇਤ ਪਰਮਾਤਮਾ ਭਗਤੀ ਵਿਚ ਰਮਿਆ ਹੋਇਆ ਅਜਿਹਾ ਮਨੁੱਖੀ ਕਿਰਦਾਰ ਸੀ, ਜਿਸ ਦੀ ਰਾਹ ਵਿਚ ਕਿਸੇ ਵੀ ਵਿਘਨ ਦਾ ਟਿਕ ਸਕਣਾ ਅਸੰਭਵ ਸੀ, ‘ਨਿਸਚੈ ਕਰ ਅਪਨੀ ਜੀਤ ਕਰੋਂ’। ਖਾਲਸਾ ਸਿਫ਼ਤੀਆਂ ਦਾ ਮਨੁੱਖੀ ਸਮਾਜ ਹੈ। ਉਹ ਸਿਫ਼ਤੀਆਂ ਜਿਨ੍ਹਾਂ ਦੀ ਬਖਸ਼ਿਸ਼ ਪਰਮਾਤਮਾ ਆਪਣੇ ਗੁਣਾਂ ਦੇ ਸਾਗਰ ਤੋਂ ਕਰਦਾ ਹੈ। ਸਿਫ਼ਤੀਆਂ ਕਾਇਮ ਹਨ ਤਾਂ ਹੀ ਖਾਲਸਾਈ ਹੈ। ਖਾਲਸਾਈ ਚੇਤਨਾ ਉਨ੍ਹਾਂ ਗੁਣਾਂ, ਸਿਫਤਾਂ ਦੀ ਠੀਕ ਉਸ ਤਰ੍ਹਾਂ ਦੀ ਪਹਿਰੇਦਾਰੀ ਹੈ ਜੋ ਪਰਮਾਤਮਾ ਨੂੰ ਭਾਉਂਦੀ ਹੈ। ਖਾਲਸਾ ਜਗਤ ਅੰਦਰ ਪਰਮਾਤਮਾ ਦੇ ਗੁਣਾਂ ਦੀ ਪਹਿਰੇਦਾਰੀ ਪਰਮਾਤਮਾ ਦਾ ਖਾਸ ਦੂਤ ਬਣ ਕੇ ਕਰਦਾ ਹੈ।

**ਵਲੋਂ: ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ**